ਸ਼ਨੀਵਾਰ, 10 ਜਨਵਰੀ, 2026
27 ਪੋਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 221

ਰੋਜ਼ਾਨਾ
ਨਵਾਂ ਜ਼ਮਾਨਾ
DAILY NAWAN ZAMANA • SATURDAY, 10 JANUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ-ਰਿਡ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਦੇਸ਼ ਭਗਤੀ ਤੇ ਇਨਸਾਫ ਨੂੰ ਸਮਰਪਿਤ ਸ਼ਖ਼ਸੀਅਤ ਸਨ ਪ੍ਰੋਫੈਸਰ ਚਰਨ ਸਿੰਘ

ਉਹ ਮਹਾਨ ਮਨੁੱਖੀ ਸਿਫ਼ਤਾਂ ਹਮਦਰਦੀ, ਇਨਸਾਫ਼, ਸਚਿਆਈ , ਲੋਕ ਪਿਆਰ, ਹੱਕ ਸੱਚ ਤੇ ਪਹਿਰਾ ਦੇਣ ਵਾਲੇ ਪ੍ਰੋ. ਚਰਨ ਸਿੰਘ ਤਨ, ਮਨ ਦੀ ਸੁੰਦਰਤਾ ਦਾ ਮੁਜੱਸਮਾ ਸਨ । ਉਹਨਾ ਦਾ ਜਨਮ ਦਰਮਿਆਨੀ ਕਿਸਾਨੀ ਵਾਲੇ ਪਰਵਾਰ ਵਿੱਚ ਪਿੰਡ ਅਮਰਕੋਟ (ਟਿੱਬਾ) ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਮਾਤਾ ਇੰਦਰ ਕੌਰ ਅਤੇ ਪਿਤਾ ਬਚਨ ਸਿੰਘ ਦੇ ਘਰ 21 ਫਰਵਰੀ 1942 ਵਿੱਚ ਹੋਇਆ। ਉਹਨਾ ਸਰਕਾਰੀ ਸਕੂਲ ਟਿੱਬਾ ਵਿਖੇ ਦਸਵੀਂ ਦੀ ਪੜ੍ਹਾਈ ਕੀਤੀ ਅਤੇ ਬਾਅਦ ਵਿੱਚ ਰਣਧੀਰ ਕਾਲਜ ਕਪੂਰਥਲਾ ( ਜਿਸ ਦਾ ਨਾਂਅ ਹੁਣ ਜੱਸਾ ਸਿੰਘ ਆਲੂਵਾਲੀਆ ਹੈ) ਵਿਖੇ ਐੱਫ ਏ ਦੀ ਪੜ੍ਹਾਈ ਕਰਨ ਉਪਰੰਤ ਅਧਿਆਪਕ ਬਣ ਗਏ। ਬਾਅਦ ਵਿੱਚ ਉਹਨਾ ਬੀ ਏ ਅਤੇ ਐੱਮ ਏ ਇੰਗਲਿਸ਼ ਅਤੇ ਐੱਲ ਐੱਲ ਬੀ ਦੀ ਵੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਅਤੇ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਪ੍ਰੋਫੈਸਰ ਵਜੋਂ ਸੇਵਾ ਕਰਦੇ ਰਹੇ। ਉਹਨਾ ਬਾਅਦ ਵਿੱਚ ਬਿਜ਼ਨਸ ਦੇ ਖੇਤਰ ਵਿੱਚ ਪੈਰ ਧਰ ਲਿਆ ਅਤੇ ਸੁਲਤਾਨਪੁਰ ਲੋਧੀ ਵਿਖੇ ਪੰਜਾਬ ਰਾਈਸ ਮਿੱਲ ਲਗਾਈ ਅਤੇ ਸਫਲਤਾਪੂਰਵਕ ਚਲਾਈ, ਪਰ ਬਿਜ਼ਨਸ ਵਿੱਚ ਉਨ੍ਹਾ ਦਾ ਰਾਜ ਸੀ ਵਿਰੋਧ ਕਾਰਨ ਉਨ੍ਹਾ ਨੂੰ ਇੰਟੈਰੋਗੇਸ਼ਨ ਸੈਂਟਰ ਵਿਚ ਤਸ਼ੱਦਦ ਦਾ ਸਾਹਮਣਾ ਕਰਨਾ ਵੀ ਪਿਆ।

ਪ੍ਰੋਫੈਸਰ ਚਰਨ ਸਿੰਘ ਬਹੁਤ ਹੀ ਵੱਡੀ ਸਿਆਸੀ, ਸਮਾਜੀ ਅਤੇ ਵਿਦਿਆ ਖੇਤਰ ਦੀ ਸ਼ਖਸੀਅਤ ਸਨ। ਉਹ ਸੁਲਤਾਨਪੁਰ ਲੋਧੀ ਇਲਾਕੇ ਵਿਚ ਆਪਣੇ ਪਰਵਾਰ ਤੇ ਨਿੱਜੀ ਤੇ ਸਿਆਸੀ ਮਿੱਤਰਾਂ ਨੂੰ 29 ਦਸੰਬਰ ਨੂੰ ਸਵੇਰੇ ਸਦੀਵੀ ਵਿਛੋੜਾ ਦੇ ਗਏ।

ਉਹ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਗ਼ਦਰੀ ਬਾਬਿਆਂ ਅਤੇ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਸੰਪਰਕ ਵਿੱਚ ਆਉਣ ਨਾਲ ਖੱਬੇ ਪੱਖੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਏ। ਉਨ੍ਹਾ ਦੇ 'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਮੈਂਬਰ ਰਾਜ ਸਭਾ, ਸੁਰਜਨ ਸਿੰਘ ਜ਼ੀਰਵੀ, ਸ਼ਿੰਗਾਰਾ ਸਿੰਘ ਭੁੱਲਰ ਸੰਪਾਦਕ 'ਪੰਜਾਬੀ ਟ੍ਰਿਬਿਊਨ' ਆਦਿ ਨਾਲ ਗੂੜ੍ਹੇ ਸਬੰਧ ਸਨ।

ਉਨ੍ਹਾ ਖੇਡਾਂ ਦੇ ਖੇਤਰ ਵਿੱਚ ਵੀ ਵੱਡੀ ਸੇਵਾ ਨਿਭਾਈ, ਉਹ ਹਾਕੀ ਤੇ ਕਬੱਡੀ ਦੇ ਨੈਸ਼ਨਲ ਪੱਧਰ ਦੇ ਖਿਡਾਰੀ ਰਹੇ। ਉਲੰਪਿਅਨ ਅਜੀਤ ਪਾਲ ਸਿੰਘ, ਤਰਸੇਮ ਸਿੰਘ, ਬਲਬੀਰ ਸਿੰਘ, ਕੈਪਟਨ ਰਮਿੰਦਰ ਸਿੰਘ ਅਤੇ ਹੁਰਾਂ ਖਿਡਾਰੀਆਂ ਨਾਲ ਗੂੜੇ ਸੰਬੰਧ ਸਨ । ਪੰਜਾਬ ਹਾਕੀ ਫੈਡਰੇਸ਼ਨ ਤੋਂ ਇਲਾਵਾ ਪੈਪਸੂ ਕਬੱਡੀ ਓਪਨ ਫੈਡਰੇਸ਼ਨ ਦੇ ਵੀ ਪ੍ਰਧਾਨ ਰਹੇ। ਤਕਕਾਲੀਨ ਸਥਿਤੀਆਂ ਮੁਤਾਬਕ ਉਹ ਇੰਡੀਅਨ ਨੈਸ਼ਨਲ ਕਾਂਗਰਸ ਜਾਇੰਨ ਕਰਕੇ ਸਿਆਸਤ ਵਿੱਚ ਸਰਗਰਮ ਹੋਏ ।ਪੰਜਾਬ ਦੇ ਕਾਲੇ ਦੌਰ ਦੇ ਔਖੇ ਸਮੇਂ ਕਪੂਰਥਲਾ ਦੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਈਆਂ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਰਨਲ ਸਕੱਤਰ ਤੇ ਮੀਤ ਪ੍ਰਧਾਨ ਵਜੋਂ ਵੀ ਜ਼ਿੰਮੇਵਾਰੀ ਨਿਭਾਈ। ਉਹਨਾ 10 ਸਾਲ ਕਾਂਗਰਸ ਕਮੇਟੀ ਜ਼ਿਲ੍ਹਾ ਕਪੂਰਥਲਾ ਦੀ ਪ੍ਰਧਾਨਗੀ ਕੀਤੀ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਮੈਂਬਰ ਵੀ ਰਹੇ।

ਸ੍ਰੀ ਗੁਲਜਾਰ ਸਿੰਘ, ਗੁਰਮੇਲ ਸਿੰਘ ਚੀਮਾ ਅਤੇ ਜਗਤਾਰ ਸਿੰਘ ਮੁਲਤਾਨੀ ਉਸ ਸਮੇਂ ਦੀ ਕਾਂਗਰਸ ਸਰਕਾਰ ਵਿਚ ਤਿੰਨ ਕੈਬਨਿਟ ਮੰਤਰੀਆਂ ਨਾਲ ਉਹਨਾ ਦੇ ਗੂੜ੍ਹੇ ਸਬੰਧ ਸਨ। ਵਰਨਨਯੋਗ ਹੈ ਕਿ ਪ੍ਰੋਫੈਸਰ ਚਰਨ ਸਿੰਘ ਦੀ ਦਿਖ ਇਕ ਮਿੱਠਬੋਲੜੇ, ਇਮਾਨਦਾਰ, ਮਿਲਣਸਾਰ ਆਗੂ ਵਜੋਂ ਸਥਾਪਤ ਹੋਈ, ਇਸੇ ਕਾਰਨ ਕਿ ਹਰ ਪਾਰਟੀ ਦੇ ਹਮਖਿਆਲਾਂ ਨਾਲ ਡੂੰਘੇ ਸੰਬੰਧ ਸਨ। ਉਸ ਵੇਲੇ ਦੇ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ, ਬੀਬੀ ਰਜਿੰਦਰ ਕੌਰ ਭੱਠਲ, ਹਰਚਰਨ ਸਿੰਘ ਬਰਾੜ, ਕੈਪਟਨ ਅਮਰਿੰਦਰ ਸਿੰਘ ਅਤੇ ਸੰਤੋਖ ਸਿੰਘ ਰੰਧਾਵਾ ਦੇ ਸਮੇਂ ਜ਼ਿਲ੍ਹਾ ਕਪੂਰਥਲਾ ਦੀ ਪ੍ਰਧਾਨਗੀ ਦੀਆਂ ਲਗਾਤਾਰ ਸੇਵਾਵਾਂ ਨਿਭਾਈਆਂ। ਉਹਨਾ ਆਲ ਇੰਡੀਆ ਕਾਂਗਰਸ ਵੱਲੋਂ ਬਣਾਏ ਗਏ ਅਬਜਰਬਰ ਵੱਜੋਂ ਮਹਾਰਾਸ਼ਟਰ ਅਤੇ ਹੋਰ ਪ੍ਰਦੇਸ਼ਾਂ ਵਿਚ ਵੀ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ।

ਉਹਨਾ ਦਾ ਵਿਦਿਅਕ ਖੇਤਰ ਵਿਚ ਬਹੁਤ ਯੋਗਦਾਨ ਰਿਹਾ । ਉਨ੍ਹਾ ਸੁਲਤਾਨਪੁਰ ਲੋਧੀ ਆਪਣੇ ਪਿੰਡ ਅਮਰਕੋਟ (ਟਿੱਬਾ) ਦੇ ਨਜ਼ਦੀਕ ਬਾਬਾ ਦਰਬਾਰਾ ਸਿੰਘ ਗਰਲਜ਼ ਕਾਲਜ ਅਤੇ ਕਾਲਜੀਏਟ ਪਬਲਿਕ ਸਕੂਲ ਦੀ ਸਥਾਪਨਾ ਕੀਤੀ, ਜਿਥੇ ਇਲਾਕੇ ਦੇ ਬੱਚਿਆਂ ਨੂੰ ਘਰ ਦੇ ਨਜ਼ਦੀਕ ਬਹੁਤ ਘੱਟ ਖਰਚੇ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਸੰਸਥਾ ਵਿੱਚ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ 2003 ਵਿਚ ਸੀ ਪੀ ਐੱਡ ਕੋਰਸ ਦੇ 60, 60 ਦੇ ਦੋ ਬੈਚ ਮਨਜ਼ੂਰ ਕਰਵਾਏ ਤੇ ਸੁਲਤਾਨਪੁਰ ਲੋਧੀ ਦੇ ਇਲਾਕੇ 'ਚ ਨੌਜਵਾਨਾਂ ਨੂੰ ਰੁਜ਼ਗਾਰ ਮੁਖੀ ਬਣਾਇਆ, ਇਹ ਇਲਾਕੇ ਨੂੰ ਬਹੁਤ ਵੱਡੀ ਦੇਣ ਹੈ। ਇਸ ਸਕੂਲ ਵਿੱਚ ਪ੍ਰਸਿੱਧ ਅੰਤਰਰਾਸ਼ਟਰੀ ਕਵੀ ਨਰਿੰਜਨ ਸਿੰਘ ਨੂਰ ਦੀ ਯਾਦ ਵਿੱਚ ਇੱਕ ਪ੍ਰਸਿੱਧ ਪ੍ਰਗਤੀਵਾਦੀ ਪੰਜਾਬੀ ਕਵੀ ਨੂੰ ਪੁਰਸਕਾਰ ਦਿੱਤਾ ਜਾਂਦਾ ਰਿਹਾ ਹੈ।ਉਹ ਸਾਹਿਤ ਦੇ ਖੇਤਰ ਵਿੱਚ ਵੀ ਸਰਗਰਮ ਰਹੇ ਸਾਹਿਤ ਸਭਾ ਸੁਲਤਾਨਪੁਰ ਲੋਧੀ ਅਤੇ ਸਿਰਜਨਾ ਕੇਂਦਰ ਕਪੂਰਥਲਾ ਨੂੰ ਹਮੇਸ਼ਾ ਮਾਲੀ ਸਹਾਇਤਾ ਦਿੰਦੇ ਰਹੇ। ਉਹ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਨਾਲ ਸੰਬੰਧਤ ਸਾਹਿਤ ਲੋਕਾਂ ਵਿੱਚ ਮੁਫ਼ਤ ਵੰਡਦੇ ਰਹੇ।



ਦੇਸ਼ ਦੇ ਸ਼ਹੀਦਾਂ ਪ੍ਰਤੀ ਸਤਿਕਾਰ—ਉਨ੍ਹਾ ਦੇ ਦਿਲ 'ਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਪ੍ਰਤੀ ਬਹੁਤ ਸਤਿਕਾਰ ਸੀ। ਇਸ ਜਜ਼ਬੇ ਨੂੰ ਜ਼ਿੰਦਾ ਰੱਖਣ ਲਈ ਉਨ੍ਹਾ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ (ਰਜਿ.) ਸੁਲਤਾਨਪੁਰ ਲੋਧੀ (ਪੰਜਾਬ) ਦੀ 1994 ਵਿਚ ਸਥਾਪਨਾ ਕੀਤੀ, ਜਿਸ ਦੇ ਪ੍ਰੋਫ਼ੈਸਰ ਸਾਹਿਬ ਪ੍ਰਧਾਨ ਸਨ। ਪਾਰਟੀ ਸਿਆਸਤ ਤੋਂ ਉਪਰ ਉਠ ਕੇ ਸਾਰੇ ਵਿਚਾਰਾਂ ਵਾਲਿਆਂ ਨੂੰ ਟਰੱਸਟ ਵਿਚ ਮੈਂਬਰ ਲਿਆ ਤੇ ਪੂਰਾ ਮਾਣ-ਸਨਮਾਨ ਵੀ ਕੀਤਾ। ਅਗਸਤ 1997 ਨੂੰ ਪਹਿਲਾ ਸ਼ਹੀਦ ਊਧਮ ਸਿੰਘ ਦਾ ਛੋਟਾ ਬੁੱਤ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ ਵਿਖੇ ਸਥਾਪਤ ਕੀਤਾ ਗਿਆ ਤੇ ਇਲਾਕਾ ਨਿਵਾਸੀਆਂ ਦੀ ਮੰਗ 'ਤੇ ਦੂਜਾ ਆਦਮ-ਕੱਦ ਮੈਟਲ ਦਾ ਬੁੱਤ ਸਤੰਬਰ 2006 ਵਿਚ ਸਥਾਪਤ ਕੀਤਾ ਗਿਆ। ਜਿੱਥੇ ਹਰ ਸਾਲ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਤੇ ਜਨਮ ਦਿਵਸ ਮਨਾਇਆ ਜਾਂਦਾ ਹੈ। ਇਨ੍ਹਾਂ ਦਿਹਾੜਿਆਂ 'ਤੇ ਸਭ ਸਿਆਸੀ, ਸਮਾਜਕ ਤੇ ਧਾਰਮਕ ਜਥੇਬੰਦੀਆਂ ਮਿਲ ਕੇ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦਾ ਕਰਦੀਆਂ ਹਨ ।ਇਸ ਮੌਕੇ ਸਕੂਲਾਂ ਦੇ ਬੱਚਿਆਂ ਦੇ ਸਾਹਿਤਕ ਮੁਕਾਬਲੇ ਵੀ ਕਰਵਾਏ ਜਾਂਦੇ ਸਨ ਅਤੇ ਉੱਘੇ ਵਿਚਾਰਕਾਂ ਦੇ ਭਾਸ਼ਣ ਵੀ ਹੁੰਦੇ ਹਨ। ਇਹ ਵੀ ਉਨ੍ਹਾ ਦੀ ਉਚੀ ਸੋਚ ਦਾ ਪ੍ਰਤੀਕ ਹੈ।

ਉਨ੍ਹਾ ਦਾ ਵਿਆਹ ਪ੍ਰੋਫੈਸਰ ਬਲਜੀਤ ਕੌਰ ਨਿਵਾਸੀ ਸੁਲਤਾਨਪੁਰ ਲੋਧੀ ਨਾਲ ਹੋਇਆ । ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡੀਨ ਦੇ ਆਹੁਦੇ ਤੋਂ ਰਿਟਾਇਰ ਹੋਏ ਹਨ। ਅਕਾਦਮਿਕ ਖੇਤਰ ਨਾਲ ਸੰਬੰਧਤ ਇਹਨਾਂ ਵੱਡੀਆਂ ਸ਼ਖ਼ਸੀਅਤਾਂ ਦੀ ਵਿਦਿਆ ਦੇ ਖੇਤਰ ਵਿਚ ਵਡਮੁੱਲੀ ਦੇਣ ਹੈ। ਉਨ੍ਹਾ ਦੇ ਦੋ ਬੇਟੇ ਹਨ ਅਰਮਾਨਦੀਪ ਸਿੰਘ ਨੂੰਹ ਸੰਦੀਪ ਕੌਰ ਤੇ ਪੋਤੀ ਐਨਾ ਅਲੈਗਜ਼ੈਂਡਰ ਸਿੰਘ, ਪੋਤਾ ਅਵਿਤੇਜ ਸਿੰਘ ਥਿੰਦ ਅਮਰੀਕਾ ਵਿਚ ਰਹਿੰਦੇ ਹਨ। ਛੋਟਾ ਬੇਟਾ ਅਨੁਰਾਗ ਸਿੰਘ, ਨੂੰਹ ਮਧੁਰਜੀਤ ਕੌਰ ਸਰਘੀ, ਪੋਤਰਾ ਸ਼ਿਵਾਏ ਅਨੁਰਾਗ ਸਿੰਘ ਬੰਬਈ ਰਹਿੰਦੇ ਹਨ। ਅਨੁਰਾਗ ਸਿੰਘ ਫ਼ਿਲਮ ਪ੍ਰੋਡਿਊਸਰ ਤੇ ਡਾਇਰੈਕਟਰ ਹਨ ।ਪ੍ਰੋਫੈਸਰ ਸਾਹਿਬ ਦਾ ਛੋਟਾ ਭਰਾ ਅਜੀਤ ਸਿੰਘ ਵੀ ਪਰਵਾਰ ਸਮੇਤ ਅਮਰੀਕਾ ਦਾ ਵਸਨੀਕ ਹੈ। ਉਨ੍ਹਾ ਦੀ ਭੈਣ ਚਰਨਜੀਤ ਕੌਰ ਆਪਣੇ ਪਰਵਾਰ ਨਾਲ ਉਤਰਾਖੰਡ ਵਿਚ ਰਹਿੰਦੇ ਹਨ।

ਉਨ੍ਹਾ ਦਾ ਪਰਿਵਾਰਕ ਜੀਵਨ ਖੁਸ਼ਗਵਾਰ ਤੇ ਖੁਸ਼ਹਾਲ ਗੁਜ਼ਰਿਆ । ਉਨ੍ਹਾ ਦੀ ਹਮਸਫ਼ਰ ਡਾਕਟਰ ਬਲਜੀਤ ਕੌਰ ਦਾ ਉਨ੍ਹਾ ਦੀਆਂ ਸਰਗਰਮੀਆਂ ਨੂੰ ਸਰਅੰਜਾਮ ਦੇਣ ਵਿਚ ਬਹੁਤ ਵੱਡਾ ਸਾਥ ਤੇ ਸਹਿਯੋਗ ਰਿਹਾ। ਪ੍ਰੋਫੈਸਰ ਸਾਹਿਬ ਤੇ ਡਾਕਟਰ ਬਲਜੀਤ ਕੌਰ ਦਾ ਜੀਵਨ ਸਫਰ ਦੋ ਵੱਡੀਆਂ ਸ਼ਖ਼ਸੀਅਤਾਂ ਦੀ ਕਾਮਯਾਬ ਸੁਖਾਵੇਂ ਜੀਵਨ ਸਫਰ ਦੀ ਬਹੁਤ ਪਿਆਰੀ ਦਾਸਤਾਨ ਹੈ। ਪ੍ਰੋਫੈਸਰ ਸਾਹਿਬ ਦਾ ਇਸ ਦੁਨੀਆ ਤੋਂ ਜਾਣਾ ਨਾ ਕੇਵਲ ਪਰਵਾਰ ਨੂੰ, ਬਲਕਿ ਪੂਰੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਹੈ। ਉਨ੍ਹਾ ਨਮਿਤ ਅੰਤਮ ਅਰਦਾਸ ਅਤੇ ਭੋਗ ਸੰਤ ਬਾਬਾ ਦਰਬਾਰਾ ਸਿੰਘ ਗਰਲਜ਼ ਕਾਲਜ ਟਿੱਬਾ, ਜ਼ਿਲ੍ਹਾ ਕਪੂਰਥਲਾ (ਬੂਲਪੁਰ-ਟਿੱਬਾ ਰੋਡ) ਵਿਖੇ 10 ਜਨਵਰੀ ਨੂੰ ਪਵੇਗਾ, ਜਿਸ ਵਿੱਚ ਇਲਾਕੇ ਦੀਆਂ ਸ਼ਖ਼ਸੀਅਤਾਂ ਉਹਨਾ ਨੂੰ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

**— ਨਰਿੰਦਰ ਸਿੰਘ ਸੋਨੀਆ**
**- ਐਡਵੋਕੇਟ ਰਜਿੰਦਰ ਸਿੰਘ ਰਾਣਾ**
**- ਬਲਵਿੰਦਰ ਸਿੰਘ ਧਾਲੀਵਾਲ**

## ਅਸੂਲਪ੍ਰਸਤ ਇਨਸਾਨ ਤੇ ਦਰਵੇਸ਼ ਸਿਆਸਤਦਾਨ

ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਪੰਜਾਬ ਦੇ ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਆਗੂ ਅਤੇ ਬਾਬਾ ਦਰਬਾਰਾ ਸਿੰਘ ਕਾਲਜੀਏਟ ਪਬਲਿਕ ਸਕੂਲ ਟਿੱਬਾ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਪ੍ਰੋ. ਚਰਨ ਸਿੰਘ ਦਾ ਵਿਛੋੜਾ ਪਰਵਾਰ ਸਮੇਤ ਸਮੁੱਚੇ ਸੁਲਤਾਨਪੁਰ ਲੋਧੀ ਇਲਾਕੇ ਲਈ ਬੇਹੱਦ ਦੁਖਦਾਈ ਹੈ।

ਪ੍ਰੋ. ਚਰਨ ਸਿੰਘ ਇਲਾਕੇ ਦੀ ਉੱਚ ਦੁਮਾਲੜੀ ਅਤੇ ਹਰਮਨ ਪਿਆਰੀ ਸਖਸੀਅਤ ਸਨ।ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਪ੍ਰੋ. ਚਰਨ ਸਿੰਘ ਸੁਲਝੇ ਹੋਏ ਇਨਸਾਨ ਸਨ।ਦਰਵੇਸ਼ ਸਿਆਸਤਦਾਨ ਉੱਚਕੋਟੀ ਦੇ ਸਿੱਖਿਆ ਪ੍ਰਬੰਧਕ ਅਤੇ ਨਿਸ਼ਕਾਮ ਲੋਕ ਸੇਵਕ ਸਨ।ਉਹਨਾਂ ਦਾ ਸਮੁੱਚਾ ਜੀਵਨ ਇਮਾਨਦਾਰੀ, ਦਿਆਨਤਦਾਰੀ, ਮਿਹਨਤ, ਲਗਨ ਅਤੇ ਨਿਸ਼ਠਾ ਦੀ ਬਹੁਤ ਹੀ ਖ਼ੂਬਸੂਰਤ ਗਾਥਾ ਹੈ।ਮਾਨਵੀ ਕਦਰਾਂ ਕੀਮਤਾਂ ਨੂੰ ਪ੍ਰਣਾਏ ਪ੍ਰੋ. ਸਾਹਿਬ ਬਹੁਤ ਹੀ ਮਿਲਾਪੜੇ ਨੇਕ ਅਮਲਾ ਵਾਲੇ ਪਿਆਰੇ ਰੰਗਲੇ ਸੱਜਣ ਸਨ।

ਸਮਾਜਿਕ ਨਿਆਂ ਅਤੇ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਵਜੋਂ ਉਹਨਾਂ ਨੇ ਹਮੇਸ਼ਾ ਹੱਕ ਸੱਚ ਅਤੇ ਇਨਸਾਫ ਲਈ ਕਈ ਅਵਾਜ਼ ਬੁਲੰਦ ਕੀਤੀ।ਸਮਾਜ ਸੇਵਾ ਅਤੇ ਲੋਕ ਭਲਾਈ ਹੀ ਉਹਨਾਂ ਦੇ ਜੀਵਨ ਦਾ ਮਿਸ਼ਨ ਸੀ ਅਤੇ ਉਹ ਸਾਰੀ ਉਮਰ ਇਸ ਮਿਸ਼ਨ ਲਈ ਕਾਰਜਸ਼ੀਲ ਰਹੇ।ਇਲਾਕੇ ਦੇ ਲੋਕਾਂ ਵਿਚ ਏਕਤਾ, ਆਪਸੀ ਭਾਈਚਾਰਾ ਤੇ ਪ੍ਰਸਪਰ ਪ੍ਰੇਮ ਬਣਿਆ ਰਹੇ ਇਸ ਲਈ ਓਹ ਸੁਹਿਰਦਤਾ ਨਾਲ ਯਤਨ ਕਰਦੇ ਰਹੇ। ਉਹਨਾਂ ਨੂੰ ਮਿਲਣ ਵਾਲਾ ਹਰ ਵਿਅਕਤੀ ਉਹਨਾਂ ਦੀ ਸੂਝ ਸਿਆਣਪ ਨੇਕ ਨੀਅਤ ਸਰਾਫਤ ਦਾ ਕਾਇਲ ਹੁੰਦਾ ਸੀ ਅਤੇ ਅਪਣੱਤ ਦਾ ਅਹਿਸਾਸ ਕਰਦਾ ਸੀ।ਉਹਨਾਂ ਦੀ ਜੀਵਨ ਸਾਦਗੀ ਵਾਲਾ ਅਮਲਾਂ ਪੱਖੋਂ ਬਹੁਤ ਉੱਚਾ ਸੁੱਚਾ ਜੀਵਨ ਸੀ।

ਆਪਣੇ ਕੈਰੀਅਰ ਦੀ ਸ਼ੁਰੂਆਤ ਵਿੱਚ ਕੁਝ ਸਮਾਂ ਉਹਨਾ ਕਾਲਜ ਵਿੱਚ ਪ੍ਰੋਫੈਸਰ ਵਜੋਂ ਵਿਦਿਆਰਥੀਆਂ ਨੂੰ ਪੜ੍ਹਾਇਆ ਵੀ,ਜਿਸ ਕਰਕੇ ਪ੍ਰੋਫੈਸਰ ਦਾ ਤਖ਼ੱਲਸ ਉਹਨਾਂ ਨਾਲ ਪੱਕੇ ਤੌਰ 'ਤੇ ਜੁੜ ਗਿਆ।

ਪ੍ਰੋਫੈਸਰ ਚਰਨ ਸਿੰਘ ਜੀ ਨੇ ਜਿੱਥੇ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਅਤੇ ਉੱਚੀ ਤਾਲੀਮ ਦਿਵਾਅ ਕੇ ਸਫ਼ਲਤਾ ਦੇ ਸਿੰਘਾਸਨ 'ਤੇ ਬਿਠਾਇਆ ਉੱਥੇ ਇਲਾਕੇ ਦੇ ਹੋਰ ਅਨੇਕਾਂ ਨੌਜਵਾਨਾਂ ਦਾ ਰਾਹ ਦਸੇਰਾ ਅਤੇ ਸਹਿਯੋਗ ਬਣ ਕੇ ਉਹਨਾਂ ਨੂੰ ਰੁਜ਼ਗਾਰ ਦੇ ਕਾਬਿਲ ਬਣਾਇਆ ।

ਪ੍ਰੋਫੈਸਰ ਚਰਨ ਸਿੰਘ ਜੀ ਵਰਗੀਆਂ ਸੱਚੀਆਂ ਸੁੱਚੀਆਂ ਸ਼ਖਸ਼ੀਅਤਾਂ ਰੋਜ਼ ਪੈਦਾ ਨਹੀਂ ਹੁੰਦੀਆਂ।ਉਹ ਸੱਚ-ਮੁੱਚ ਹੀ ਬਹੁਤ ਪਵਿੱਤਰ ਅਤੇ ਨੇਕ ਆਤਮਾ ਸਨ।ਉਹਨਾਂ ਦੇ ਜਾਣ ਨਾਲ ਨਾ ਸਿਰਫ ਪਰਿਵਾਰ ਨੂੰ ਬਲਕਿ ਸਮੁੱਚੇ ਇਲਾਕੇ ਤੇ ਪੰਜਾਬ ਨੂੰ ਵੱਡਾ ਘਾਟਾ ਪਿਆ ਹੈ।ਜਿਸ ਦੀ ਪੂਰਤੀ ਤਾਂ ਸੰਭਵ ਨਹੀਂ ਹੈ।ਪਰ ਉਹਨਾਂ ਦੀ ਸਮਾਜ ਅਤੇ ਆਪਣੇ ਲੋਕਾਂ ਪ੍ਰਤੀ ਉਸਾਰੂ ਪਹੁੰਚ ਅਤੇ ਲੋਕ ਹਿਤੈਸ਼ੀ ਸੋਚ ਤੇ ਪਹਿਰਾ ਦੇਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਅੱਜ ਉਹਨਾਂ ਦੀ ਅੰਤਿਮ ਅਰਦਾਸ ਮੌਕੇ ਸ਼ਹੀਦ ਊਧਮ ਸਿੰਘ ਟਰੱਸਟ, ਸਹਿਤ ਸਭਾ ਸੁਲਤਾਨਪੁਰ ਲੋਧੀ, ਬਾਰ ਐਸੋਸ਼ੀਏਸ਼ਨ, ਪ੍ਰੈਸ ਕਲੱਬ, ਸੰਯੁਕਤ ਕਿਸਾਨ ਮੋਰਚਾ ਸਮੇਤ ਸਮੂਹ ਸਮਾਜ ਸੇਵੀ ਸੰਸਥਾਵਾਂ ਉਸ ਪਾਕ ਪਵਿੱਤਰ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀਆਂ ਹਨ।ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**- ਮੁਖਤਾਰ ਸਿੰਘ ਚੰਦੀ**
*ਡਿਪਟੀ ਚੀਫ਼ ਅਕਾਊਂਟਸ ਅਫਸਰ ਰਿਟਾਇਰਡ*
*ਜਨਰਲ ਸਕੱਤਰ ਸਾਹਿਤ ਸਭਾ ਸੁਲਤਾਨਪੁਰ ਲੋਧੀ*

ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਕੁਰਬਾਨੀਆਂ ਤੇ ਉਹਨਾਂ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਸ਼ਹੀਦਾਂ ਦੀ ਸੋਚ ਅਨੁਸਾਰ ਲੁੱਟ-ਖਸੁੱਟ ਰਹਿਤ ਸਮਾਜ ਸਿਰਜਣ ਲਈ ਨੌਜਵਾਨ ਅਤੇ ਵਿਦਿਆਰਥੀਆ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੇ ਰਹੇ।

ਪ੍ਰੋਫੈਸਰ ਚਰਨ ਸਿੰਘ
ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਵੱਲੋਂ
ਵਰਕਿੰਗ ਕਮੇਟੀ ਅਤੇ ਸਮੂਹ ਮੈਂਬਰਾਨ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ( ਰਜਿ.) ਸੁਲਤਾਨਪੁਰ ਲੋਧੀ, ਪੰਜਾਬ

ਅਸੂਲਪ੍ਰਸਤ ਇਨਸਾਨ ਅਤੇ ਸਿਆਸਤਦਾਨ ਸਨ।ਉਹਨਾਂ ਨੂੰ ਸਾਹਿਤ ਦੇ ਨਾਲ ਬਹੁਤ ਪਿਆਰ ਸੀ ਅਤੇ ਹਮੇਸ਼ਾ ਹੀ ਸੇਵਾ ਭਾਵਨਾ ਦੇ ਨਾਲ ਸਾਹਿਤਕ ਸਰਗਰਮੀਆਂ ਕਰਦੇ ਰਹਿੰਦੇ ਸਨ।ਉਹਨਾ ਅਮਰਨਾਥ ਕੋਸਤੁਭ ਦੀ ਕਿਤਾਬਾਂ ਦੀ ਛਪਾਈ ਕਰਾਉਣ ਵਿੱਚ ਯੋਗਦਾਨ ਪਾਇਆ। ਉਹਨਾਂ ਵੱਲੋਂ ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਅਤੇ ਹੋਰ ਬਹੁਤ ਸਾਰਾ ਇਨਕਲਾਬੀ ਸਾਹਿਤ ਵੰਡਿਆ ਗਿਆ।

ਪ੍ਰੋਫੈਸਰ ਚਰਨ ਸਿੰਘ
ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਵੱਲੋਂ
ਨਰਿੰਦਰ ਸਿੰਘ ਸੋਨੀਆ ਸਰਪ੍ਰਸਤ | ਡਾ. ਸਵਰਨ ਸਿੰਘ ਪ੍ਰਧਾਨ | ਮੁਖਤਾਰ ਸਿੰਘ ਚੰਦੀ ਸਕੱਤਰ
ਅਤੇ ਸਮੂਹ ਮੈਂਬਰ ਸਾਹਿਤ ਸਭਾ ਸੁਲਤਾਨਪੁਰ ਲੋਧੀ।

ਮਹਾਨ ਮਨੁੱਖੀ ਸਿਫ਼ਤਾਂ, ਮਿੱਤਰਤਾਈ, ਹਮਦਰਦੀ, ਇਨਸਾਫ਼, ਸੱਚਿਆਈ, ਲੋਕ ਪਿਆਰ, ਤਨ-ਮਨ ਦੀ ਸੁੰਦਰਤਾ ਦਾ ਮੁਜੱਸਮਾ ਸਨ

ਪ੍ਰੋਫੈਸਰ ਚਰਨ ਸਿੰਘ
ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਵੱਲੋਂ
ਗੁਰਿੰਦਰ ਸਿੰਘ ਅਤੇ ਰਜਵਿੰਦਰ ਕੌਰ
ਮਕਾਨ ਨੰਬਰ 108 ਅਰਬਨ ਅਸਟੇਟ, ਕਪੂਰਥਲਾ

ਪ੍ਰੋਫੈਸਰ ਚਰਨ ਸਿੰਘ ਸਾਹਿਤ ਦੇ ਬਹੁਤ ਪ੍ਰੇਮੀ ਸਨ। ਪ੍ਰਸਿੱਧ ਅੰਤਰਰਾਸ਼ਟਰੀ ਕਵੀ ਨਿਰੰਜਨ ਸਿੰਘ ਨੂਰ ਦੀ ਯਾਦ ਵਿੱਚ ਹਰ ਸਾਲ ਇੱਕ ਪ੍ਰਗਤੀਵਾਦੀ ਪੰਜਾਬੀ ਕਵੀ ਨੂੰ ਪੁਰਸਕਾਰਤ ਕਰਦੇ ਸਨ।

ਪ੍ਰੋਫੈਸਰ ਚਰਨ ਸਿੰਘ
ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਵੱਲੋਂ
ਜਰਨੈਲ ਸਿੰਘ ਸਾਲਾਪੁਰ ਬੇਟ,
ਐਡਵੋਕੇਟ ਬਿਕਰਮਜੀਤ ਸਿੰਘ ਸਾਲਾਪੁਰ ਬੇਟ

ਪ੍ਰੋਫੈਸਰ ਚਰਨ ਸਿੰਘ ਜੀ ਸਦਾ ਕਿਸਾਨਾਂ, ਮਜ਼ਦੂਰਾਂ ਤੇ ਮਿਹਨਤਕਸ਼ਾਂ ਦੇ ਘੋਲਾਂ ਦੀ ਪੁਰਜ਼ੋਰ ਹਮਾਇਤ ਅਤੇ ਸਹਿਯੋਗ ਕਰਦੇ ਰਹੇ।

ਪ੍ਰੋਫੈਸਰ ਚਰਨ ਸਿੰਘ
ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਵੱਲੋਂ
ਆਲ ਇੰਡੀਆ ਕਿਸਾਨ ਸਭਾ ਜ਼ਿਲ੍ਹਾ ਕਪੂਰਥਲਾ ਅਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ।

10-JAN-PAGE-10.qxd 1/9/2026 10:35 PM Page 1



## ਜਸ਼ਨਦੀਪ ਕਤਲ ਮਾਮਲੇ 'ਚ 5 ਮੁਲਜ਼ਮ ਹਥਿਆਰਾਂ ਸਮੇਤ ਗ੍ਰਿਫਤਾਰ



**ਮਾਨਸਾ (ਰੀਤਵਾਲ, ਪਮਾਰ)**-ਬੀਤੇ ਦਿਨੀਂ ਬੁਢਲਾਡਾ ਬੱਸ ਸਟੈਂਡ ਕੋਲ ਘਟਨਾ ਹੋਈ ਸੀ, ਜਦ ਪਿੰਡ ਕੁਲਰੀਆਂ ਦਾ ਰਹਿਣ ਵਾਲਾ ਜਸ਼ਨਦੀਪ ਸਿੰਘ ਆਪਣਾ ਜਨਮ ਦਿਨ ਮਨਾਉਣ ਲਈ ਇੱਕ ਦੁਕਾਨ 'ਤੇ ਆਇਆ ਸੀ। ਇਸ ਦੌਰਾਨ ਕਾਰ ਸਵਾਰ 5 ਨੌਜਵਾਨਾਂ ਨੇ ਉਸ 'ਤੇ ਹਮਲਾ ਕਰ ਦਿੱਤਾ।ਜ਼ਿਲ੍ਹਾ ਪੁਲਸ ਕਪਤਾਨ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਪੁਰਾਣੀ ਰੰਜਿਸ਼ ਦੇ ਚੱਲਦਿਆਂ ਰਣਵੀਰ ਸਿੰਘ ਉਰਫ ਫਲਾਪ ਨੇ ਆਪਣੇ 4 ਹੋਰਨਾਂ ਸਾਥੀਆਂ ਨਾਲ ਮਿਲ ਕੇ ਜਸ਼ਨਦੀਪ ਸਿੰਘ ਦਾ ਕਤਲ ਕੀਤਾ ਹੈ।ਰਣਵੀਰ ਸਿੰਘ ਉਰਫ ਫਲਾਪ ਹਰਿਆਣਾ ਦੇ ਫਤਿਆਬਾਦ ਜ਼ਿਲ੍ਹੇ 'ਚ ਬਾਹਮਣ ਵਾਲਾ ਪਿੰਡ ਦਾ ਰਹਿਣ ਵਾਲਾ ਹੈ।ਸੀਆਈਏ ਸਟਾਫ਼ ਮਾਨਸਾ ਤੇ ਬੁਢਲਾਡਾ ਪੁਲਸ ਦੀ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਰਣਵੀਰ ਸਿੰਘ ਉਰਫ ਫਲਾਪ ਦੇ ਨਾਲ ਪਵਿੱਤਰ ਸਿੰਘ, ਕਰਨ, ਦਵਿੰਦਰ ਸਿੰਘ ਤੇ ਨਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।ਮੁਲਜ਼ਮਾਂ ਕੋਲੋਂ ਵਾਰਦਾਤ ਸਮੇਂ ਇਸਤੇਮਾਲ ਕੀਤੇ ਹਥਿਆਰ ਤੇ ਗੱਡੀ ਵੀ ਬਰਾਮਦ ਕੀਤੀ ਹੈ।ਐੱਸ ਐੱਸ ਪੀ ਮੀਨਾ ਨੇ ਦੱਸਿਆ ਕਿ ਇਸ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਾਤਲਾਂ ਨੂੰ ਕੁੱਝ ਹੀ ਘੰਟਿਆਂ ਵਿੱਚ ਗ੍ਰਿਫਤਾਰ ਕਰਨ ਵਾਲੀ ਪੁਲਸ ਟੀਮ ਦੀ ਸ਼ਲਾਘਾ ਕੀਤੀ ਗਈ ਹੈ।

## ਦਿਹਾਤੀ ਪੁਲਸ ਵੱਲੋਂ 'ਰਾਸ਼ਟਰੀ ਸੜਕ ਸੁਰੱਖਿਆ ਮਹੀਨੇ' ਤਹਿਤ ਜਾਗਰੂਕਤਾ ਰੈਲੀ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸੜਕੀ ਹਾਦਸਿਆਂ ਨੂੰ ਠੱਲ੍ਹ ਪਾਉਣ ਤੇ ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਲੁਧਿਆਣਾ ਦਿਹਾਤੀ ਪੁਲਸ ਵੱਲੋਂ ਇੱਕ ਵਿਸ਼ੇਸ਼ ਮੁਹਿਮ ਵਿੱਢੀ ਗਈ ਹੈ। ਐੱਸ.ਐੱਸ.ਪੀ. ਲੁਧਿਆਣਾ ਦਿਹਾਤੀ ਡਾ. ਅੰਕੁਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਤੇ ਡੀ.ਐੱਸ.ਪੀ. (ਸਪੈਸ਼ਲ ਕਰਾਈਮ/ਟ੍ਰੈਫਿਕ) ਕੁਲਵੰਤ ਸਿੰਘ ਦੀ ਯੋਗ ਅਗਵਾਈ ਹੇਠ ਜਗਰਾਉਂ ਟ੍ਰੈਫਿਕ ਪੁਲਸ ਵੱਲੋਂ 'ਰਾਸ਼ਟਰੀ ਸੜਕ ਸੁਰੱਖਿਆ ਮਹੀਨਾ' ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਕੁਮਾਰ ਸਿੰਘ ਨੇ ਦੱਸਿਆ ਕਿ ਪੁਲਸ ਪ੍ਰਸ਼ਾਸਨ ਦਾ ਮੁੱਖ ਮਕਸਦ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਕੇ ਕੀਮਤੀ ਜਾਨਾਂ ਬਚਾਉਣਾ ਹੈ।ਉਨ੍ਹਾਂ ਦੱਸਿਆ ਕਿ ਇਸ ਲੜੀ ਤਹਿਤ ਅੱਜ ਏ.ਐੱਸ.ਆਈ. ਹਰਪਾਲ ਸਿੰਘ (ਟ੍ਰੈਫਿਕ ਐਜੂਕੇਸ਼ਨ ਸੈੱਲ ਜਗਰਾਉਂ) ਵੱਲੋਂ ਤਹਿਸੀਲ ਚੌਕ ਵਿਖੇ ਆਟੋ ਤੇ ਟੈਂਪੂ ਡਰਾਈਵਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਦੌਰਾਨ ਡਰਾਈਵਰਾਂ ਨੂੰ ਗੱਡੀਆਂ ਦੇ ਕਾਗਜ਼ਾਤ ਪੂਰੇ ਰੱਖਣ, ਸ਼ਰਾਬ ਪੀ ਕੇ ਗੱਡੀ ਨਾ ਚਲਾਉਣ, ਤੈਅ ਸੀਮਾ ਤੋਂ ਵੱਧ ਰਫ਼ਤਾਰ ਤੋਂ ਗੁਰੇਜ਼ ਕਰਨ ਅਤੇ ਸੀਟ ਬੈਲਟ ਦੀ ਵਰਤੋਂ ਯਕੀਨੀ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ।ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਪੁਲਸ ਵੱਲੋਂ ਇੱਕ ਵਿਸ਼ਾਲ ਪੈਦਲ ਰੈਲੀ ਵੀ ਕੱਢੀ ਗਈ।ਇਹ ਰੈਲੀ ਤਹਿਸੀਲ ਚੌਕ ਤੋਂ ਸ਼ੁਰੂ ਹੋ ਕੇ ਮੇਨ ਰੋਡ, ਸਿੱਧਵਾਂ ਬੇਟ ਰੋਡ ਤੇ ਬੱਸ ਅੱਡੇ ਤੋਂ ਹੁੰਦੀ ਹੋਈ ਵਾਪਸ ਤਹਿਸੀਲ ਚੌਕ ਵਿਖੇ ਸਮਾਪਤ ਹੋਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਏ.ਐੱਸ.ਆਈ. ਸੁਖਵਿੰਦਰ ਸਿੰਘ (ਮੁਨਸ਼ੀ ਟਰੈਫਿਕ) ਤੇ ਹੌਲਦਾਰ ਹਰਵਿੰਦਰ ਸਿੰਘ ਵੀ ਹਾਜ਼ਰ ਸਨ।

## ਡਾ. ਬਲਜੀਤ ਕੌਰ ਨੇ ਕੀਤੇ ਵਿਰੋਧੀਆਂ ਦੇ ਮੂੰਹ ਬੰਦ



**ਮਲੋਟ (ਓਮ ਪ੍ਰਕਾਸ਼ ਸੇਖੂ)**-ਡਾਕਟਰ ਬਲਜੀਤ ਕੌਰ ਵੱਲੋਂ ਜਦੋਂ ਤੋਂ ਮਲੋਟ ਹਲਕੇ ਵਿੱਚ ਆਪਣੀ ਨੁਮਾਇੰਦਗੀ ਸ਼ੁਰੂ ਕੀਤੀ, ਹਲਕੇ ਤੇ ਸ਼ਹਿਰ ਵਾਸੀਆਂ ਦੀਆਂ 25-25, 30-30 ਸਾਲ ਪੁਰਾਣੀਆਂ ਮੁਸ਼ਕਲਾਂ ਨੂੰ ਹੱਲ ਕਰਕੇ ਜਿੱਥੇ ਇੱਕ ਪਾਸੇ ਵਿਰੋਧੀਆਂ ਦੇ ਮੂੰਹ ਬੰਦ ਕੀਤੇ ਹਨ, ਉੱਥੇ ਸ਼ਹਿਰ ਵਾਸੀਆਂ ਦਾ ਦਿਲ ਉਨ੍ਹਾਂ ਨੇ ਆਪਣੇ ਕੰਮਾਂ ਨਾਲ ਜਿੱਤ ਲਿਆ।ਇਸ ਦੀ ਤਾਜ਼ਾ ਉਦਾਹਰਣ ਉਸ ਵੇਲ਼ੇ ਵੇਖਣ ਨੂੰ ਮਿਲੀ ਕਿ ਰੇਲਵੇ ਲਾਈਨ ਦੇ ਥੱਲੇ ਜੋ ਅੰਡਰ ਬ੍ਰਿਜ ਬਣ ਰਿਹਾ ਹੈ, ਉਸ ਦੇ ਅੰਦਰ ਪਾਣੀ ਨਾ ਆ ਸਕੇ ਤੇ ਕੋਈ ਓਵਰਲੋਡਿੰਗ ਵਾਹਨ ਅੰਦਰ ਦੀ ਨਾ ਲੰਘੇ।ਇਸ ਲਈ ਮਹਿਕਮੇ ਵੱਲੋਂ ਅੰਡਰਲੋਡ ਗੇਟ ਜੋ ਹੁੰਦਾ ਹੈ, ਜਿਸ ਦੇ ਅੰਦਰ ਕੋਈ ਵਾਹਨ ਕਰਾਸ ਨਾ ਕਰੇ, ਉਹ ਮਹਿਕਮੇ ਵੱਲੋਂ ਬਹੁਤ ਦੂਰ ਲਗਾਇਆ ਜਾ ਰਿਹਾ ਸੀ, ਜਿਸ ਕਾਰਨ ਜਿੱਥੇ ਇੱਕ-ਦੂਜੇ ਪਾਸੇ ਦੇ ਰਾਸਤੇ ਬੰਦ ਹੁੰਦੇ ਸਨ ਤੇ ਦੁਕਾਨਦਾਰਾਂ ਦੇ ਦੁਕਾਨ ਦੇ ਅੱਗੇ ਵੀ ਮੁਸ਼ਕਲ ਖੜੀ ਹੁੰਦੀ ਸੀ।ਮੈਡਮ ਨੇ ਨਗਰ ਕੌਂਸਲ ਦੇ ਈਓ ਮਹਿਕਮੇ ਦੇ ਐਕਸੀਅਨ ਵਾਟਰ ਵਰਕਸ ਮਹਿਕਮੇ ਦੇ ਅਫਸਰਾਂ ਨਾਲ ਗੱਲਬਾਤ ਕਰਕੇ ਸਮੱਸਿਆ ਨੂੰ ਤੁਰੰਤ ਹੱਲ ਕੀਤਾ। ਇਸੇ ਤਰ੍ਹਾਂ ਪੁਲ ਥੱਲੇ ਰੇਹੜੀ ਫੜ੍ਹੀ ਦੀ ਮਾਰਕੀਟ ਹੈ, ਉਨ੍ਹਾਂ ਦੀਆਂ ਸਮੱਸਿਆ ਵੀ ਮੌਕੇ 'ਤੇ ਹੱਲ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਹਾਡੇ ਵਾਸਤੇ 40 ਲੱਖ ਰੁਪਏ ਦੀ ਲਾਗਤ ਨਾਲ ਇੱਕ ਵਧੀਆ ਸਬਜ਼ੀ ਦੀ ਮਾਰਕੀਟ ਬਣਾ ਕੇ ਦਿੱਤੀ ਜਾਵੇਗੀ, ਜਿਸ ਨਾਲ ਉੱਥੇ ਪ੍ਰਬੰਧ ਪੱਕੇ ਕੀਤੇ ਜਾਣਗੇ।

## ਮਾਘੀ ਕਾਨਫਰੰਸ ਰਚੇਗੀ ਇਤਿਹਾਸ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-14 ਜਨਵਰੀ ਮਾਘੀ ਮੇਲੇ 'ਤੇ ਆਮ ਆਦਮੀ ਪਾਰਟੀ ਵੱਲੋਂ ਕੋਟਕਪੂਰਾ ਰੋਡ ਸਥਿਤ ਯਾਦਗਾਰੀ ਗੇਟ ਦੇ ਕੋਲ ਤਕਰੀਬਨ 30 ਏਕੜ ਵਿੱਚ ਭਾਰੀ ਕਾਨਫਰੰਸ ਕਰਾਈ ਜਾ ਰਹੀ ਹੈ, ਜਿਸ ਵਿੱਚ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਿਰੋਧੀਆਂ ਨੂੰ ਕਰੜੇ ਹੱਥੀਂ ਲੈਣਗੇ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਦੱਸਿਆ ਕਿ ਕਰੀਬ 11 ਸਾਲਾਂ ਤੋਂ ਬਾਅਦ ਆਮ ਆਦਮੀ ਪਾਰਟੀ ਵੱਲੋਂ ਮਾਘੀ ਕਾਨਫਰੰਸ ਕਰਾਉਣ ਦਾ ਫੈਸਲਾ ਲਿਆ ਗਿਆ।ਉਨ੍ਹਾਂ ਕਿਹਾ ਕਿ 14 ਤਰੀਕ ਨੂੰ ਸਵੇਰੇ 10 ਵਜੇ ਕੋਟਕਪੂਰਾ ਰੋਡ ਸਥਿਤ ਯਾਦਗਾਰੀ ਗੇਟ ਦੇ ਕੋਲ ਭਰਵੀਂ ਕਾਨਫਰੰਸ ਹੋ ਰਹੀ ਹੈ, ਜਿਸ ਵਿੱਚ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਮੁੱਚੀ ਲੀਡਰਸ਼ਿਪ ਪਹੁੰਚ ਰਹੀ ਹੈ।ਸਰਕਾਰ ਵੱਲੋਂ ਕਾਰਜਕਾਲ ਦੌਰਾਨ ਕੀਤੇ ਕੰਮ ਸੰਬੰਧੀ ਦੱਸਿਆ ਜਾਵੇਗਾ ਤੇ ਵਿਰੋਧੀ ਪਾਰਟੀਆਂ ਨੂੰ ਆੜੇ ਹੱਥੀਂ ਲੈਣਗੇ।ਉਨ੍ਹਾਂ ਕਿਹਾ ਕਿ ਮਾਘੀ ਕਾਨਫਰੰਸ ਨੂੰ ਲੈ ਕੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਵਰਕਰ ਵੱਡੀ ਗਿਣਤੀ ਵਿੱਚ ਕਾਨਫਰੰਸ ਵਿੱਚ ਪਹੁੰਚ ਕੇ ਇਸ ਨੂੰ ਕਾਮਯਾਬ ਕਰਨਗੇ।

## ਰਾਣਾ ਗਰੁੱਪ ਦੇ ਸੰਸਥਾਪਕ ਡਾ. ਰਘੁਬੀਰ ਸੂਰੀ ਦਾ ਦੇਹਾਂਤ



**ਸਰਹਿੰਦ (ਪ੍ਰਮੋਦ ਭਾਰਦਵਾਜ)**-ਸਮਾਜ, ਉਦਯੋਗ ਤੇ ਅਧਿਆਤਮਿਕ ਜਗਤ ਲਈ ਇਹ ਬੇਹੱਦ ਦੁਖਦਾਈ ਸਮਾਂ ਹੈ ਕਿ ਰਾਣਾ ਗਰੁੱਪ ਦੇ ਸੰਸਥਾਪਕ ਡਾ. ਰਘੁਬੀਰ ਸੂਰੀ ਦਾ ਅੱਜ ਦੇਹਾਂਤ ਹੋ ਗਿਆ।ਉਨ੍ਹਾਂ ਦੇ ਚਲੇ ਜਾਣ ਨਾਲ ਦ੍ਰਿਸ਼ਟੀ, ਮੁੱਲਾਂ ਤੇ ਨਿਸ਼ਕਾਮ ਸੇਵਾ ਦਾ ਇੱਕ ਯੁੱਗ ਸਮਾਪਤ ਹੋ ਗਿਆ, ਜਿਵੇਂ ਕੋਈ ਰਾਜਾ ਆਪਣਾ ਰਾਜ ਛੱਡ ਗਿਆ ਹੋਵੇ।ਡਾ. ਰਘੁਬੀਰ ਸੂਰੀ ਕੇਵਲ ਇੱਕ ਉਦਯੋਗਪਤੀ ਨਹੀਂ ਸਨ, ਸਗੋਂ ਉਹ ਸੰਸਥਾਵਾਂ ਦੇ ਦੂਰਦਰਸ਼ੀ ਨਿਰਮਾਤਾ ਸਨ।ਸਧਾਰਣ ਸੋਚ ਤੇ ਅਟੱਲ ਸਿਧਾਂਤਾਂ ਨਾਲ ਉਨ੍ਹਾਂ ਨੇ ਰਾਣਾ ਗਰੁੱਪ ਦੀ ਨੀਂਹ ਰੱਖੀ, ਜੋ ਅੱਜ ਰਾਣਾ ਹਸਪਤਾਲ, ਰਾਣਾ ਹੈਰੀਟੇਜ, ਰਿਆਸਤ-ਏ-ਰਾਣਾ, ਰਾਣਾ ਮੈਟਲ ਕਾਸਟਿੰਗ, ਰਾਣਾ ਇੰਜੀਨੀਅਰਿੰਗ ਵਰਕਸ ਤੇ ਨਵਦੀਪ ਇੰਡਸਟਰੀਜ਼ ਵਰਗੇ ਮਾਣ ਨਾਲ ਖੜ੍ਹਾ ਹੈ।ਉਨ੍ਹਾਂ ਨੇ ਆਪਣਾ ਪੂਰਾ ਜੀਵਨ ਸਮਾਜ ਦੀ ਭਲਾਈ ਤੇ ਧਰਮ ਦੇ ਪ੍ਰਚਾਰ ਲਈ ਸਮਰਪਤ ਕੀਤਾ।ਗਹਿਰੀ ਅਧਿਆਤਮਿਕ ਸੋਚ ਵਾਲੇ ਡਾ. ਸੂਰੀ ਹਮੇਸ਼ਾ ਲੋਕਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਰਹੇ।ਉਹ ਮੰਨਦੇ ਸਨ ਕਿ ਸੱਚੇ ਵਿਵਹਾਰ ਸਮਾਜ ਦੀ ਨੀਂਹ ਹੈ ਤੇ ਨੈਤਿਕਤਾ ਤੇ ਸੇਵਾ 'ਤੇ ਅਧਾਰਤ ਜੀਵਨ ਜੀਊਣ ਦੀ ਸਿੱਖਿਆ ਦਿੱਤੀ।ਸਮਾਜਿਕ ਤੇ ਰਾਸ਼ਟਰੀ ਅੰਦੋਲਨਾਂ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ।ਮੌਤ ਤੋਂ ਬਾਅਦ ਵੀ ਡਾ. ਸੂਰੀ ਨੇ ਜੀਵਨਾਂ ਨੂੰ ਰੋਸ਼ਨ ਕੀਤਾ।ਗੁਰੂ ਕ੍ਰਿਪਾ ਸੇਵਾ ਸੰਸਥਾਨ ਦੇ ਪ੍ਰਧਾਨ ਸਨ ਤੇ ਉਨ੍ਹਾਂ ਦੀ ਪ੍ਰਬਲ ਇੱਛਾ ਦਾ ਪਾਲਣ ਕਰਦੇ ਹੋਏ ਪਰਿਵਾਰ ਨੇ ਨੇਤਰਦਾਨ ਲਈ ਸਹਿਮਤੀ ਦਿੱਤੀ, ਜਿਸ ਨਾਲ ਦੁੱਖ ਮਨੁੱਖਤਾ ਦੀ ਸੇਵਾ ਵਿੱਚ ਬਦਲ ਗਿਆ।ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਨਾਲ ਪੀਜੀਆਈਐਸ ਚੰਡੀਗੜ੍ਹ ਦੀ ਡਾਕਟਰਾਂ ਦੀ ਟੀਮ ਤੁਰੰਤ ਬੁਲਾਈ ਗਈ, ਜਿਨ੍ਹਾਂ ਨੇ ਸਫਲਤਾਪੂਰਵਕ ਨੇਤਰ ਪ੍ਰਾਪਤ ਕੀਤੇ।

## ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਟ੍ਰੈਫਿਕ ਪੁਲਸ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਟ੍ਰੈਫਿਕ ਇੰਚਾਰਜ ਜਸਬੀਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਉਹ ਦੋ-ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਜ਼ਰੂਰ ਪਹਿਨਣ, ਪੈਦਲ ਚੱਲਣ ਵਾਲੇ ਹਮੇਸ਼ਾ ਫੁੱਟਪਾਥ 'ਤੇ ਚੱਲਣ, ਕਾਰ ਚਾਲਕ ਸੀਟ ਬੈਲਟ ਜ਼ਰੂਰ ਪਹਿਨਣ ਤੇ ਹੋਰ ਟ੍ਰੈਫਿਕ ਸਿਗਨਲਾਂ ਦੀ ਪਾਲਣਾ ਕਰਨ। ਇਸ ਤੋਂ ਇਲਾਵਾ ਜੇਕਰ ਸੜਕੀ ਸਫਰ ਦੌਰਾਨ ਕੋਈ ਸਹਾਇਤਾ ਦੀ ਲੋੜ ਪੈਂਦੀ ਹੈ ਤਾਂ 112 'ਤੇ ਡਾਇਲ ਕੀਤਾ ਜਾਵੇ।ਸਹਾਇਕ ਥਾਣੇਦਾਰ ਜਸਬੀਰ ਸਿੰਘ ਨੇ ਦੱਸਿਆ ਕਿ ਤੇਜ਼ ਤੇ ਨਸ਼ਾ ਕਰਕੇ ਵਾਹਨ ਚਲਾਉਣਾ ਹਾਦਸੇ ਨੂੰ ਸੱਦਾ ਹੈ, ਇਸ ਲਈ ਕੋਈ ਵੀ ਚਾਲਕ ਨਸ਼ਾ ਕਰਕੇ ਗੱਡੀ ਨਾ ਚਲਾਵੇ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਮਹੀਨਾ 1 ਤੋਂ 31 ਜਨਵਰੀ ਤੱਕ ਮਨਾਇਆ ਜਾ ਰਿਹਾ ਹੈ।

# ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ 'ਚ ਐੱਨ ਐੱਸ ਐੱਸ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵਿੱਚ ਸੱਤ ਦਿਨਾਂ ਐੱਨ ਐੱਸ ਐੱਸ ਕੈਂਪ ਦੀ ਸ਼ੁਰੂਆਤ ਡਿਜੀਟਲ ਲਿਟਰੇਸੀ ਥੀਮ ਨਾਲ ਕੀਤੀ ਗਈ।ਕੈਂਪ ਦੇ ਪਹਿਲੇ ਦਿਨ ਰਜਿਸਟ੍ਰੇਸ਼ਨ ਤੇ ਹਾਜ਼ਰੀ ਪ੍ਰਕਿਰਿਆ ਤੋਂ ਬਾਅਦ ਵਲੰਟੀਅਰਾਂ ਨੂੰ ਕੈਂਪ ਦੇ ਨਿਯਮਾਂ ਬਾਰੇ ਜਾਣੂ ਕਰਵਾਇਆ ਗਿਆ।ਚਾਹ-ਨਾਸ਼ਤੇ ਤੋਂ ਉਪਰੰਤ ਕੈਂਪ ਨਾਲ ਸੰਬੰਧਤ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਸ਼ਾਮ ਨੂੰ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਗੀਤ, ਕਵਿਤਾ ਤੇ ਹੋਰ ਪ੍ਰਸਤੁਤੀਆਂ ਰਾਹੀਂ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਿਖਾਈ।ਪਹਿਲਾ ਦਿਨ ਅਨੁਸ਼ਾਸਨ ਤੇ ਜੋਸ਼ ਨਾਲ ਚੇਅਰਮੈਨ ਐੱਸ ਐੱਸ ਚੱਠਾ ਦੀ ਰਹਿਨੁਮਾਈ ਹੇਠ ਕੈਂਪ ਸ਼ੁਰੂ ਹੋਇਆ। ਕੈਂਪ ਦੇ ਦੂਜੇ ਦਿਨ ਦੀ ਸ਼ੁਰੂਆਤ ਪੀ.ਟੀ., ਐਕਸਰਸਾਈਜ਼ ਤੇ ਯੋਗ ਅਭਿਆਸ ਨਾਲ ਹੋਈ।ਨਾਸ਼ਤੇ ਤੋਂ ਬਾਅਦ ਵਲੰਟੀਅਰਾਂ ਨੂੰ ਗੁਰੂਸਰ ਮਹਿਰਾਜ ਗੁਰਦੁਆਰਾ ਸਾਹਿਬ ਲੈ ਜਾਇਆ ਗਿਆ, ਜਿੱਥੇ ਉਨ੍ਹਾਂ ਨੇ ਸੇਵਾ ਕੀਤੀ ਤੇ ਗੁਰੂ ਕਾ ਲੰਗਰ ਛਕਿਆ।ਇਸ ਤੋਂ ਬਾਅਦ ਪ੍ਰੋ. ਮਨਵਰ ਖਾਨ ਵੱਲੋਂ ਫਿਟਨੈੱਸ ਤੇ ਡਾਇਟ 'ਤੇ ਜਾਗਰੂਕਤਾ ਲੈਕਚਰ ਦਿੱਤਾ ਗਿਆ।ਸ਼ਾਮ ਨੂੰ ਕੈਂਪ ਫ਼ਾਇਰ ਤੇ ਸੱਭਿਆਚਾਰਕ ਗਤੀਵਿਧੀਆਂ ਨੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ।ਤੀਜੇ ਦਿਨ ਵਲੰਟੀਅਰਾਂ ਨੇ ਪਿੰਡ ਕੋਠੇ ਮੰਡੀਕਲਾਂ ਤੇ ਮੰਡੀਕਲਾਂ ਵਿਖੇ ਨਸ਼ਾ ਮੁਕਤੀ ਜਾਗਰੂਕਤਾ ਰੈਲੀ ਕੱਢੀ ਤੇ ਸਫ਼ਾਈ ਅਭਿਆਨ ਰਾਹੀਂ ਲੋਕਾਂ ਨੂੰ ਸਵੱਛ ਵਾਤਾਵਰਨ ਦਾ ਸੰਦੇਸ਼ ਦਿੱਤਾ।ਮੁੱਖ ਮਹਿਮਾਨ ਵਜੋਂ ਸਹਾਇਕ ਟਰਾਂਸਪੋਰਟ ਅਫਸਰ ਮਨਿੰਦਰ ਸਿੰਘ ਵੱਲੋਂ ਕਰੀਅਰ ਗਾਈਡੈਂਸ ਸੈਸ਼ਨ ਦੌਰਾਨ ਉਨ੍ਹਾਂ ਨੇ ਸਰਕਾਰੀ ਤੇ ਗੈਰ-ਸਰਕਾਰੀ ਨੌਕਰੀਆਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਤੇ ਤਿਆਰੀ ਦੇ ਢੰਗ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ।ਸਾਰੇ ਦਿਨਾਂ ਦੌਰਾਨ ਵਲੰਟੀਅਰਾਂ ਨੂੰ ਡਿਜ਼ੀਟਲ ਲਿਟਰੇਸੀ ਅਰਥਾਤ ਡਿਜ਼ੀਟਲ ਸਾਧਨਾਂ ਦੇ ਸਹੀ ਤੇ ਜ਼ਿੰਮੇਵਾਰ ਵਰਤੋਂ ਬਾਰੇ ਵੀ ਜਾਗਰੂਕ ਕੀਤਾ ਗਿਆ, ਤਾਂ ਜੋ ਉਹ ਆਧੁਨਿਕ ਤਕਨਾਲੋਜੀ ਨਾਲ ਕਦਮ ਮਿਲਾ ਕੇ ਚੱਲ ਸਕਣ।

ਇਸ ਮੌਕੇ ਸੰਸਥਾ ਚੇਅਰਮੈਨ ਐੱਸ ਐੱਸ ਚੱਠਾ, ਸਹਾਇਕ ਡਾਇਰੈਕਟਰ ਤੇ ਐੱਨ ਐੱਸ ਐੱਸ ਕੋਆਰਡੀਨੇਟਰ ਪ੍ਰੋ. ਹਰਪ੍ਰੀਤ ਸ਼ਰਮਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਪ੍ਰੋਗਰਾਮ ਅਫਸਰ ਸੋਨਵਿੰਦਰ ਸਿੰਘ, ਕੁਮਾਰੀ ਸ਼ੈਲਜਾ, ਸੰਦੀਪ ਕੌਰ, ਮਨਦੀਪ ਕੌਰ, ਵਰਿੰਦਰ ਕੌਰ, ਹਰਜੀਤ ਕੌਰ, ਪੂਜਾ ਰਾਣੀ, ਜੋਨੀ ਰਾਣੀ, ਰੌਬਿਨ ਮੰਗਲਾ, ਦਵਿੰਦਰ ਸ਼ਰਮਾ, ਦੀਪਤੀ (ਸਾਰੇ ਪ੍ਰੋਗਰਾਮ ਅਫਸਰ) ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਡਾ. ਗੁਰਵਿੰਦਰ ਸਿੰਘ ਤੋਂ ਇਲਾਵਾ ਸਮੂਹ ਸਟਾਫ ਨੇ ਸ਼ਿਰਕਤ ਕੀਤੀ।

## ਹੈਰੋਇਨ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਨੇ 9 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਕਿਰਨਵੀਰ ਸਿੰਘ ਤੇ ਜਗਵਿੰਦਰ ਸਿੰਘ ਵਾਸੀ ਛੰਦੜਾਂ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਜਰਨੈਲ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਕਿ ਟੀ-ਪੁਆਇੰਟ ਗੁਰਦੁਆਰਾ ਸ੍ਰੀ ਕਿਰਪਾਨ ਭੇਟ ਰੋਡ 'ਤੇ ਸਮਰਾਲਾ ਸਾਈਡ ਤੋਂ ਆ ਰਹੇ ਇੱਕ ਮੋਟਰਸਾਈਕਲ ਸਵਾਰਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ। ਇਹ ਮੋਟਰਸਾਈਕਲ ਸਵਾਰ ਪੁਲਸ ਨੂੰ ਦੇਖ ਪਿੱਛੇ ਮੁੜਨ ਲੱਗੇ, ਜਿਨ੍ਹਾਂ ਨੂੰ ਮੁਸ਼ਤੈਦੀ ਵਰਤਦਿਆਂ ਜਾਂਚ ਲਈ ਰੋਕਿਆ ਗਿਆ। ਮੋਟਰਸਾਈਕਲ ਸਵਾਰਾਂ ਨੇ ਆਪਣੀ ਪਹਿਚਾਣ ਕਿਰਨਵੀਰ ਸਿੰਘ ਤੇ ਜਗਵਿੰਦਰ ਸਿੰਘ ਵਜੋਂ ਦੱਸੀ ਤੇ ਇਨ੍ਹਾਂ ਦੇ ਕੱਪੜਿਆਂ ਦੀ ਤਲਾਸ਼ੀ ਦੌਰਾਨ ਕੁਝ ਨਾ ਮਿਲਿਆ। ਪੁਲਸ ਵੱਲੋਂ ਜਦੋਂ ਮੋਟਰਸਾਈਕਲ ਦੀ ਹੈੱਡ ਲਾਈਟ ਦੇ ਕਵਰ ਦੀ ਜਾਂਚ ਕੀਤੀ ਤਾਂ ਉਸ ਵਿੱਚ ਪਏ ਮੋਮੀ ਲਿਫ਼ਾਫੇ 'ਚੋਂ 9 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਦੋਵਾਂ ਨੂੰ ਗ੍ਰਿਫ਼ਤਾਰ ਕਰ ਮਾਮਲਾ ਦਰਜ ਕਰ ਲਿਆ ਹੈ।

## ਟਰੈਕਟਰਾਂ 'ਤੇ ਉੱਚੀ ਆਵਾਜ਼ 'ਚ ਵੱਜਦੇ ਸਪੀਕਰਾਂ ਤੋਂ ਲੋਕ ਪ੍ਰੇਸ਼ਾਨ

**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ ਤੇ ਇਲਾਕੇ ਦੀਆਂ ਸੜਕਾਂ 'ਤੇ ਟਰੈਕਟਰਾਂ ਉੱਪਰ ਡੀਜੇ ਵਰਗੇ ਸਿਸਟਮ ਲਗਾ ਕੇ ਤੇ ਉਨ੍ਹਾਂ ਵਿੱਚ ਉੱਚੀ ਆਵਾਜ਼ 'ਚ ਗੀਤ ਚਲਾ ਕੇ ਲੋਕਾਂ ਦੇ ਨੱਕ 'ਚ ਦਮ ਕੀਤਾ ਹੋਇਆ ਹੈ।ਇਸ ਸਬੰਧੀ ਸਹਿਯੋਗ ਕਲੱਬ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਅਸੀਂ ਬਰੇਟਾ ਪੁਲਸ ਨੂੰ ਅਨੇਕਾਂ ਵਾਰ ਜਾਣੂ ਕਰਵਾ ਚੁੱਕੇ ਹਾਂ, ਪਰ ਫਿਰ ਵੀ ਪਰਨਾਲਾ ਜਿਉਂ ਦਾ ਤਿਉਂ ਹੈ।ਕਲੱਬ ਮੈਂਬਰਾਂ ਨੇ ਕਿਹਾ ਕਿ ਅਕਸਰ ਇਨ੍ਹਾਂ ਟਰੈਕਟਰਾਂ ਦੀ ਆਵਾਜ਼ ਇੰਨੀ ਉੱਚੀ ਹੁੰਦੀ ਹੈ ਕਿ ਟਰੈਕਟਰ ਦੇ ਪਿੱਛੇ ਆ ਰਹੇ ਕਿਸੇ ਵਹੀਕਲ ਦਾ ਹਾਰਨ ਤੱਕ ਸੁਣਾਈ ਨਹੀਂ ਦਿੱਤਾ।ਇਲਾਕੇ ਅੰਦਰ ਚੱਲਣ ਵਾਲੇ ਟਰੈਕਟਰ ਟਰਾਲੀਆਂ ਤੇ ਉੱਚੀ ਆਵਾਜ਼ ਤੇ ਸ਼ੋਰ ਪ੍ਰਦੂਸ਼ਣ ਫਲਾਉਣ ਵਾਲੇ ਪੈਨ ਡਰਾਈਵ, ਡੈੱਕ ਡੀ ਜੇ ਵਰਗੇ ਵੱਡੇ ਵੱਡੇ ਸਵੀਕਰ ਆਦਿ ਵਾਲੇ ਯੰਤਰ ਲਗਾ ਕੇ ਨੌਜਵਾਨ ਵਰਗ ਵੱਲੋਂ ਸੜਕਾਂ 'ਤੇ ਗੇੜੀਆਂ ਦੇਣੀਆਂ, ਜਿੱਥੇ ਨਿੱਤ ਦਿਨ ਹਾਦਸਿਆਂ ਨੂੰ ਵਾਪਰਨ ਦੇ ਸੱਦੇ ਦੇ ਰਹੇ ਹਨ, ਉੱਥੇ ਹੀ ਆਮ ਲੋਕਾਂ ਦੇ ਨਿੱਜੀ ਅਧਿਕਾਰਾਂ ਨਾਲ ਖਿਲਵਾੜ ਕਰਨ ਵਾਲਿਆ ਖਿਲਾਫ ਕੋਈ ਠੋਸ ਤੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਸ਼ਾਇਦ ਪ੍ਰਸ਼ਾਸਨਕ ਅਧਿਕਾਰੀ ਕਿਸੇ ਵੱਡੇ ਹਾਦਸੇ ਜਾਂ ਘਟਨਾ ਵਾਪਰਨ ਦਾ ਇੰਤਜ਼ਾਰ ਕਰ ਰਹੇ ਹਨ। ਕਲੱਬ ਮੈਂਬਰਾਂ ਨੇ ਜ਼ਿਲ੍ਹਾ ਪੁਲਸ ਮੁਖੀ ਤੋਂ ਮੰਗ ਕੀਤੀ ਹੈ ਕਿ ਉੱਚੀ ਆਵਾਜ਼ 'ਚ ਗਾਣੇ ਲਗਾਉਣ ਵਾਲੇ ਟਰੈਕਟਰ ਚਾਲਕਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਕਿਸੇ ਵੱਡੇ ਹਾਦਸੇ ਤੋਂ ਬਚਾਅ ਹੋ ਸਕੇ।

# ਪੁਲਸ ਵਿਭਾਗ ਵੱਲੋਂ ਬੋਲੀ ਰਾਹੀਂ 79 ਵਾਹਨਾਂ ਦੀ ਨੀਲਾਮੀ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰ ਪਾਲ, ਪੂਜਾ)**-ਪੁਲਸ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਵੱਖ-ਵੱਖ ਮੁਕੱਦਮਿਆਂ ਦੇ ਸਬੰਧ ਵਿੱਚ ਥਾਣਿਆਂ ਵਿੱਚ ਲੰਮੇ ਸਮੇਂ ਤੋਂ ਖੜ੍ਹੇ ਵਾਹਨਾਂ ਦੀ ਖੁੱਲ੍ਹੀ ਬੋਲੀ ਰਾਹੀਂ ਨੀਲਾਮੀ ਕਰਵਾਈ ਗਈ।ਇਹ ਨੀਲਾਮੀ 02 ਅਲਾਟਾ ਵਿੱਚ ਕਰਵਾਈ ਗਈ, ਜਿਸ ਦੌਰਾਨ ਕੁੱਲ 79 ਵਾਹਨਾਂ ਦੀ ਨੀਲਾਮੀ ਕੀਤੀ ਗਈ।ਇਸ ਮੌਕੇ ਸ੍ਰੀ ਹਰਕਮਲ ਕੌਰ, ਐੱਸ.ਪੀ. (ਐੱਚ), ਸ੍ਰੀ ਰਸ਼ਪਾਲ ਸਿੰਘ ਡੀ.ਐੱਸ.ਪੀ (ਡੀ) ਤੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਬੋਲੀਕਾਰ ਮੌਜੂਦ ਸਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਸ੍ਰੀ ਅਭਿਮੰਨਿਊ ਰਾਣਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿੱਚ ਅਜਿਹੇ ਕਈ ਵਾਹਨ ਖੜ੍ਹੇ ਸਨ, ਜੋ ਵੱਖ-ਵੱਖ ਮੁਕੱਦਮਿਆਂ ਨਾਲ ਸਬੰਧਤ ਹਨ ਤੇ ਜਿਨ੍ਹਾਂ ਦੇ ਮੁਕੱਦਮੇ ਫੈਸਲਸ਼ੁਦਾ ਹੋ ਚੁੱਕੇ ਹਨ, ਪਰ ਸਬੰਧਤ ਵਿਅਕਤੀਆਂ ਵੱਲੋਂ ਇਹ ਵਾਹਨ ਕਲੇਮ ਨਹੀਂ ਕੀਤੇ ਗਏ।ਇਨ੍ਹਾਂ ਵਾਹਨਾਂ ਕਾਰਨ ਥਾਣਿਆਂ ਵਿੱਚ ਕਾਫ਼ੀ ਜਗ੍ਹਾ ਘਿਰੀ ਹੋਈ ਸੀ।ਉਨ੍ਹਾਂ ਦੱਸਿਆ ਕਿ ਥਾਣਿਆਂ ਵਿੱਚ ਸਾਫ਼-ਸੁਥਰੀ, ਸੁਚੱਜੀ ਤੇ ਢੁੱਕਵੀ ਕੰਮਕਾਜੀ ਥਾਂ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਵਾਹਨ ਡਿਸਪੋਜ਼ਲ ਕਮੇਟੀ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ, ਪੂਰੀ ਤਰ੍ਹਾਂ ਕਾਨੂੰਨੀ ਪ੍ਰਕਿਰਿਆ ਅਪਣਾਉਂਦੇ ਹੋਏ ਫੈਸਲਸ਼ੁਦਾ ਮੁਕੱਦਮਿਆਂ ਨਾਲ ਸਬੰਧਤ ਵਾਹਨਾਂ ਦੀ ਨੀਲਾਮੀ ਕਰਵਾਈ ਗਈ।ਇਸ ਨੀਲਾਮੀ ਦੌਰਾਨ ਕੁੱਲ 79 ਵਾਹਨ, ਜਿਨ੍ਹਾਂ ਵਿੱਚ 67 ਦੋ-ਪਹੀਆ ਤੇ 12 ਚਾਰ-ਪਹੀਆ ਵਾਹਨ ਸ਼ਾਮਲ ਹਨ, ਨੀਲਾਮ ਕੀਤੇ ਗਏ।ਇਨ੍ਹਾਂ ਵਾਹਨਾਂ ਦੀ ਰਾਖਵੀਂ ਕੁੱਲ ਕੀਮਤ 9,51,000 ਰੁਪਏ ਰੱਖੀ ਗਈ ਸੀ, ਜਦਕਿ ਖੁੱਲ੍ਹੀ ਬੋਲੀ ਰਾਹੀਂ ਇਹ ਵਾਹਨ ਕੁੱਲ 13,01,000 ਰੁਪਏ ਵਿੱਚ ਨੀਲਾਮ ਹੋਏ। ਇਸ ਨੀਲਾਮੀ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ 17 ਬੋਲੀਕਾਰਾਂ ਵੱਲੋਂ ਹਿੱਸਾ ਲਿਆ ਗਿਆ, ਜਿਸ ਵਿੱਚ ਸ੍ਰੀ ਸ਼ਾਮ ਟ੍ਰੇਡਜ਼, ਮਾਨਸਾ ਤੇ ਡਿੰਪਲ ਐਸੋਸੀਏਟਸ, ਪਿੰਡ ਰਾਮਦਿੱਤੇ ਵਾਲਾ, ਮਾਨਸਾ ਵੱਲੋਂ ਸਭ ਤੋਂ ਉੱਚੀ ਬੋਲੀ 13,01,000 ਰੁਪਏ ਦੀ ਲਗਾਈ ਗਈ, ਜੋ ਕਿ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਬਾਕੀ ਰਹਿੰਦੇ ਨੋ ਕਲੇਮਡ ਵਾਹਨਾਂ ਸਬੰਧੀ ਕਾਨੂੰਨੀ ਪ੍ਰਕਿਰਿਆ ਜਾਰੀ ਹੈ ਤੇ ਉਨ੍ਹਾਂ ਵਾਹਨਾਂ ਦੀ ਨੀਲਾਮੀ ਵੀ ਜਲਦੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਰਵਾਈ ਜਾਵੇਗੀ। ਇਸ ਮੌਕੇ ਹੈੱਡ ਕਲਰਕ ਸੰਜੀਵ ਕੁਮਾਰ, ਅਕਾਊਂਟੈਂਟ ਕੁਲਬੀਰ ਸਿੰਘ ਤੇ ਕੈਸ਼ੀਅਰ ਰਣਜੀਤ ਸਿੰਘ ਵੀ ਹਾਜ਼ਰ ਸੀ।

# ਜ਼ਿਲ੍ਹਾ ਭਾਜਪਾ ਪਟਿਆਲਾ ਦੱਖਣੀ ਵੱਲੋਂ ਕਾਰਜਕਾਰਨੀ ਦਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਭਾਜਪਾ ਪਟਿਆਲਾ ਦਿਹਾਤੀ ਦੱਖਣੀ ਵੱਲੋਂ ਪਾਰਟੀ ਹਾਈ ਕਮਾਂਡ ਦੀ ਮਨਜ਼ੂਰੀ ਤੋਂ ਬਾਅਦ ਇੱਥੇ ਮੋਤੀ ਮਹਿਲ ਵਿਖੇ ਨਵੀਂ ਜ਼ਿਲ੍ਹਾ ਕਾਰਜਕਾਰਨੀ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ।ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਵੱਲੋਂ ਸਮਾਗਮ ਦੌਰਾਨ ਸਾਬਕਾ ਐੱਮ. ਪੀ. ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ, ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈਇੰਦਰ ਕੌਰ ਨੇ ਜ਼ਿਲ੍ਹਾ ਦੱਖਣੀ ਦੀ ਲੀਡਰਸ਼ਿਪ ਦੀ ਹਾਜ਼ਰੀ ਵਿੱਚ ਇਹ ਸੂਚੀ ਜਾਰੀ ਕੀਤੀ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਲਕਾ ਸਮਾਣਾ ਦੇ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਵਰਿੰਦਰ ਸਿੰਘ ਬਿੱਟੂ ਤੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ ਹਾਜ਼ਰ ਸਨ।ਹਰਮੇਸ਼ ਗੋਇਲ ਪ੍ਰਧਾਨ ਤੋਂ ਇਲਾਵਾ 9 ਵਾਈਸ ਪ੍ਰਧਾਨ ਬਣਾਏ ਗਏ ਹਨ, ਜਿਨ੍ਹਾਂ ਵਿੱਚ ਜੀਮਨਦੱਤ ਸ਼ੈਲੀ, ਮਨੀਸ਼ ਸਿੰਗਲਾ ਰੋਕੀ, ਰੋਸ਼ਨ ਜਿੰਦਲ ਡਕਾਲਾ, ਸੰਤੋਸ਼ ਸ਼ਰਮਾ, ਸੋਮਨਾਥ ਮਿੱਤਲ, ਵਿਨੋਦ ਸਿੰਗਲਾ, ਬਗੀਚਾ ਸਿੰਘ ਦੁਤਾਲ ਅਤੇ ਸਨੀ ਸਿੰਗਲਾ ਸ਼ਾਮਲ ਹਨ।ਇਸੇ ਤਰ੍ਹਾਂ 3 ਜਨਰਲ ਸਕੱਤਰ, ਜਿਨ੍ਹਾਂ ਵਿੱਚ ਗੌਰਵ ਜਲੋਟਾ, ਸਿਕੰਦਵੀਰ ਜਿੰਦਲ ਤੇ ਲਾਲ ਚੰਦ ਲਾਲੀ ਸ਼ਾਮਲ ਹਨ।ਇਸੇ ਤਰ੍ਹਾਂ 8 ਸਕੱਤਰ, ਜਿਨ੍ਹਾਂ ਵਿੱਚ ਸਚਿਨ ਆਜ਼ਾਦ, ਰੁਡਦ ਸਿੰਘ, ਡਿੰਪਲ ਰਾਣੀ, ਰਮੇਸ਼ ਕੁਮਾਰ ਬੱਤਰਾ, ਜਸਕਰਨ ਸਿੰਘ, ਨਵਦੀਪ ਸਿੰਘ, ਸਿਓਪਾਲ, ਕਰਮਜੀਤ ਸਿੰਘ ਰਿੰਕੂ ਰੱਖੜਾ ਤੇ ਗਜਿੰਦਰ ਸਿੰਘ ਸੱਗੂ ਸ਼ਾਮਲ ਹਨ।ਮੁਰਾਰੀ ਮਿੱਤਲ ਨੂੰ ਖਜ਼ਾਨਚੀ, ਸਿਕੰਦਰ ਧੀਮਾਨ ਨੂੰ ਸਪੋਕਸਪਰਸਨ ਤੇ ਸਤਪਾਲ ਗੋਇਲ ਨੂੰ ਦਫ਼ਤਰ ਸਕੱਤਰ ਬਣਾਇਆ ਗਿਆ ਹੈ।ਇਸੇ ਤਰ੍ਹਾਂ ਸੰਜੀਵ ਗਰਗ ਸੋਸ਼ਲ ਮੀਡੀਆ ਕਨਵੀਨਰ, ਰਵਿੰਦਰ ਸੋਲੰਕੀ ਮੀਡੀਆ ਕਨਵੀਨਰ, ਸੰਜੀਵ ਕੌਸ਼ਿਕ ਕਮਲ ਸੁਨੇਹਾ ਕਨਵੀਨਰ, ਅਨਿਲ ਤਲਵਾਰ ਮਨ ਕੀ ਬਾਤ ਕਨਵੀਨਰ, ਸੁਨੀਲ ਗਰਗ ਪ੍ਰਚਾਰ ਕਨਵੀਨਰ, ਮੋਹਿਤ ਸੂਦ ਪ੍ਰੈੱਸ ਸਕੱਤਰ, ਹਰਮਨਦੀਪ ਸਿੰਘ ਯੁਵਾ ਮੋਰਚਾ ਪ੍ਰਧਾਨ, ਸੂਬਾ ਸਿੰਘ ਕਿਸਾਨ ਮੋਰਚਾ ਪ੍ਰਧਾਨ, ਦਰਸ਼ਨ ਸਿੰਘ ਐੱਸ. ਸੀ. ਮੋਰਚਾ ਦੇ ਪ੍ਰਧਾਨ, ਦਿਲਸ਼ਾਦ ਅਲੀ ਘੱਟ ਗਿਣਤੀ ਮੋਰਚਾ ਪ੍ਰਧਾਨ, ਪ੍ਰਦੀਪ ਕੁਮਾਰ ਓ. ਬੀ. ਸੀ. ਮੋਰਚਾ ਪ੍ਰਧਾਨ ਬਣਾਇਆ ਗਿਆ ਹੈ।ਰਿਸ਼ੂ ਵਰਮਾ ਨੂੰ ਸਰਕਲ ਬੂਹੀ ਦਾ ਪ੍ਰਧਾਨ, ਨਰਿੰਦਰ ਸਿੰਘ ਨੂੰ ਸਰਕਲ ਕਕਰਾਲਾ ਦਾ ਪ੍ਰਧਾਨ ਬਣਾਇਆ ਗਿਆ ਹੈ।ਇਸੇ ਤਰ੍ਹਾਂ 26 ਮੈਂਬਰੀ ਕਾਰਜਕਾਰਨੀ ਵਿੱਚ ਨਰਾਇਣ ਦਾਸ, ਮਾਨਾ ਰਾਮ, ਲਵਪ੍ਰੀਤ ਸਿੰਘ, ਚਮਨਲਾਲ, ਗੁਰਵਿੰਦਰ ਸਿੰਘ, ਵਿਕਾਸ ਗਰਗ, ਯੁਵਰਾਜ ਸਿੰਘ, ਦਿਨੇਸ਼ ਜੈਨ, ਮਹਿੰਦਰ ਚਾਵਲਾ, ਲਲਿਤ ਭੱਲਾ ਵਰਮਾ, ਸੁਰੇਸ਼ ਕੁਮਾਰ ਭੋਲਾ, ਰਤਨ ਲਾਲ, ਪੰਕਜ ਗੋਇਲ, ਪੰਕਜ ਸ਼ਰਮਾ, ਵਿਜੇ ਕੁਮਾਰ ਗਰਗ, ਆਸ਼ੂ ਜਿੰਦਲ, ਸੁਭਾਸ਼ ਸਹਿਗਲ, ਸੁਰੇਸ਼ ਕੁਮਾਰ, ਨੀਰਜ ਸ਼ਰਮਾ, ਰਾਮਪਾਲ, ਸੰਦੀਪ ਗੁਪਤਾ, ਮੋਨਿਕਾ, ਸੁਖਪਾਲ ਕੌਰ, ਜਸਕਰਨ ਸਿੰਘ ਵਿਰਕ ਤੇ ਨਰਿੰਦਰ ਸਿੰਘ ਸ਼ਾਮਲ ਕੀਤੇ ਗਏ ਹਨ।ਲਿਸਟ ਜਾਰੀ ਕਰਨ ਤੋਂ ਬਾਅਦ ਸਾਬਕਾ ਐੱਮ. ਪੀ. ਪ੍ਰਨੀਤ ਕੌਰ ਤੇ ਜੈਇੰਦਰ ਕੌਰ ਨੇ ਕਿਹਾ ਕਿ ਇਹ ਨਵੀਂ ਟੀਮ ਮਿਸ਼ਨ 2027 ਫਤਿਹ ਕਰਨ ਵਿੱਚ ਅਹਿਮ ਰੋਲ ਅਦਾ ਕਰੇਗੀ।ਉਨ੍ਹਾਂ ਨਵੇਂ ਬਣੇ ਅਹੁਦੇਦਾਰਾਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਸਮੁੱਚੀ ਟੀਮ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਲਈ ਜੁੱਟ ਜਾਣ।

# ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੀ ਸ਼ਹੀਦੀ ਬਰਸੀ ਨੂੰ ਸਮਰਪਤ ਪੋਸਟਰ ਰਿਲੀਜ਼



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਮਰ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੀ 92ਵੀਂ ਸ਼ਹੀਦੀ ਬਰਸੀ ਨੂੰ ਸਮਰਪਤ ਰੰਗਦਾਰ ਪੋਸਟਰ ਰਿਲੀਜ਼ ਕੀਤਾ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਔਲਖ ਤੇ ਸਕੱਤਰ ਹਰਪਾਲ ਸਿੰਘ ਨੇ ਦੱਸਿਆ ਕਿ ਸ਼ਹੀਦੀ ਬਰਸੀ ਦੇ ਤਿੰਨ ਦਿਨਾਂ ਸਮਾਗਮ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣਗੇ।ਉਨ੍ਹਾਂ ਦੱਸਿਆ ਕਿ 18 ਜਨਵਰੀ ਨੂੰ ਮਹਾਨ ਸੂਰਬੀਰ ਦੀ ਯਾਦ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।ਦੂਸਰੇ ਦਿਨ 19 ਜਨਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਆਦਿ ਆਗੂ ਅਮਰ ਸ਼ਹੀਦ ਸੂਰਬੀਰ ਨੂੰ ਸ਼ਰਧਾਂਜਲੀ ਭੇਟ ਕਰਨਗੇ।ਅਖੀਰਲੇ ਦਿਨ 20 ਜਨਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਵਿਜੇਇੰਦਰ ਸਿੰਗਲਾ, ਭਾਜਪਾ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਕਿਸਾਨ, ਮਜ਼ਦੂਰ ਯੂਨੀਅਨਾਂ ਦੇ ਆਗੂਆਂ ਸਮੇਤ ਹੋਰ ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਸ਼ਹੀਦ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਟ ਕਰਨਗੀਆਂ।ਪ੍ਰਬੰਧਕਾਂ ਨੇ ਦੱਸਿਆ ਕਿ ਬਰਸੀ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਗੁਰਦੁਆਰਾ ਸਾਹਿਬ ਕਮੇਟੀ ਦੇ ਖ਼ਜ਼ਾਨਚੀ ਪਰਮਜੀਤ ਸਿੰਘ, ਮੈਂਬਰ ਸੁਰਜੀਤ ਸਿੰਘ, ਹਰਬੰਸ ਸਿੰਘ, ਮੰਦਰ ਸਿੰਘ, ਬੂਟਾ ਸਿੰਘ, ਗੁਰਜੰਟ ਸਿੰਘ, ਹਰਦੀਪ ਸਿੰਘ ਭੁੱਲਰ ਆਦਿ ਹਾਜ਼ਰ ਸਨ।

## ਸੱਤ ਕਿੱਲੋ ਗਾਂਜੇ ਸਣੇ ਕਾਬੂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਥਾਣਾ ਪਾਤੜਾਂ ਦੀ ਪੁਲਸ ਟੀਮ ਨੇ ਇੱਕ ਨਸ਼ਾ ਤਸਕਰ ਨੂੰ 7 ਕਿੱਲੋ ਗਾਂਜੇ ਸਮੇਤ ਗ੍ਰਿਫ਼ਤਾਰ ਕੀਤਾ ਹੈ।ਜਾਣਕਾਰੀ ਮੁਤਾਬਕ ਨਾਕਾਬੰਦੀ ਦੌਰਾਨ ਗੁਪਤ ਸੂਚਨਾ ਪ੍ਰਾਪਤ ਹੋਈ ਸੀ ਕਿ ਇੱਕ ਵਿਅਕਤੀ ਬਾਹਰੀ ਰਾਜ ਤੋਂ ਵੱਡੀ ਮਾਤਰਾ ਵਿੱਚ ਨਸ਼ੀਲਾ ਪਦਾਰਥ ਲੈ ਕੇ ਪਾਤੜਾਂ ਖੇਤਰ ਵਿੱਚ ਸਪਲਾਈ ਕਰਨ ਆ ਰਿਹਾ ਹੈ।

ਇਸ ਦੇ ਆਧਾਰ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਕਾਬੂ ਕਰ ਲਿਆ।ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਬਮਸ਼ੰਕਰ ਕੁਮਾਰ ਵਾਸੀ ਢਾਬ ਸਿਮਰੀ, ਬਿਹਾਰ ਵਜੋਂ ਹੋਈ ਹੈ।ਥਾਣਾ ਮੁਖੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।ਰਿਮਾਂਡ ਦੌਰਾਨ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਗਾਂਜਾ ਕਿੱਥੋਂ ਲਿਆਇਆ ਸੀ ਤੇ ਇਸ ਦੀ ਸਪਲਾਈ ਕਿਸ ਨੂੰ ਕੀਤੀ ਜਾਣੀ ਸੀ।

# ਸੱਤਾ 'ਚ ਹਿੱਸੇਦਾਰੀ ਤੋਂ ਬਿਨਾਂ ਓ ਬੀ ਸੀ ਸਮਾਜ ਨੂੰ ਨਹੀਂ ਮਿਲ ਸਕਦੇ ਹੱਕ : ਖੱਤਰੀਵਾਲਾ



**ਮਾਨਸਾ (ਪਮਾਰ, ਰੀਤਵਾਲ)**-ਮਾਨਸਾ ਦੀ ਧਰਤੀ 'ਤੇ ਚੇਅਰਮੈਨ ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ, ਕਮਿਸ਼ਨ ਸਰਦਾਰ ਮਲਕੀਤ ਸਿੰਘ ਥਿੰਦ ਆਪਣੇ ਦਫਤਰੀ ਦੌਰੇ ਤਹਿਤ ਪਹੁੰਚੇ।ਬੱਚਤ ਭਵਨ ਵਿਖੇ ਸੂਬਾ ਸਰਪ੍ਰਸਤ ਓਬੀਸੀ ਵੈਲਫੇਅਰ ਫਰੰਟ ਪੰਜਾਬ ਦੀ ਸਰਪ੍ਰਸਤੀ ਵਿੱਚ ਵੱਖ-ਵੱਖ ਜਥੇਬੰਦੀਆਂ ਸਭਾਵਾਂ ਵੱਲੋਂ ਡਾਕਟਰ ਮਲਕੀਤ ਸਿੰਘ ਥਿੰਦ, ਚੇਅਰਮੈਨ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਨਾਲ ਮੀਟਿੰਗ ਕੀਤੀ ਗਈ ਤੇ ਆਪਣੀਆਂ ਸਮੱਸਿਆਵਾਂ ਤੇ ਮੰਗਾਂ ਬਾਰੇ ਚਰਚਾ ਕੀਤੀ ਗਈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਓਬੀਸੀ ਵੈਲਫੇਅਰ ਫਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਨੇ ਦੱਸਿਆ ਕਿ ਇਹ ਓਬੀਸੀ ਸਮਾਜ ਲਈ ਬਹੁਤ ਹੀ ਭਾਗਾਂ ਵਾਲਾ ਦਿਨ ਹੈ, ਜਿਸ ਦਿਨ ਓਬੀਸੀ ਦੀਆਂ ਸਮੱਸਿਆਵਾਂ 'ਤੇ ਚਰਚਾ ਹੋ ਰਹੀ ਹੈ ਤੇ ਮਾਨਸਾ ਦੀ ਧਰਤੀ ਭਾਗਾਸ਼ਾਲੀ ਹੈ ਓਬੀਸੀ ਸਮਾਜ ਦੀ ਚੇਤਨਤਾ ਦਾ ਸੰਘਰਸ਼ ਇਸ ਧਰਤੀ ਦੇ ਹਿੱਸੇ ਆਇਆ ਹੈ।ਕੇਵਲ ਸਿੰਘ ਨੇ ਦੱਸਿਆ ਕਿ ਰਾਜਵਿੰਦਰ ਸਿੰਘ ਖੱਤਰੀਵਾਲਾ ਵੱਲੋਂ ਓਬੀਸੀ ਜਾਗ੍ਰਿਤੀ ਦਾ ਲਾਇਆ ਬੂਟਾ ਦਿਨੋ ਦਿਨ ਵਧ ਫੁੱਲ ਰਿਹਾ ਹੈ ਤੇ ਓਬੀਸੀ ਸਮਾਜ ਆਪਣੇ ਹੱਕਾਂ ਪ੍ਰਤੀ ਅਧਿਕਾਰਾਂ ਪ੍ਰਤੀ ਚੇਤਨ ਹੋ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਓਬੀਸੀ ਸਮਾਜ ਨੂੰ ਜਦੋਂ ਤੱਕ ਪਿੰਡ ਪੱਧਰ ਤੋਂ ਲੈ ਕੇ ਰਾਸ਼ਟਰਪਤੀ ਤੱਕ ਰਾਜਨੀਤਕ ਸੱਤਾ ਵਿੱਚ ਹਿੱਸੇਦਾਰੀ ਨਹੀਂ ਮਿਲਦੀ, ਤਦ ਤੱਕ ਓਬੀਸੀ ਸਮਾਜ ਆਪਣੇ ਹੱਕਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਉਹ ਵੀ ਅਸੀਂ ਸਮਾਜ ਨੂੰ ਇਕਜੁਟਤਾ ਤੇ ਝੰਡੇ ਥੱਲੇ ਇਕੱਠੇ ਹੋਣ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਓਬੀਸੀ ਸਮਾਜ ਨੂੰ ਦਿੱਤੀ ਜਾ ਰਹੀ ਰਿਜ਼ਰਵੇਸ਼ਨ ਦੀ ਜੇਕਰ ਕਿਸੇ ਵੀ ਪੱਧਰ ਤੇ ਦਾਖਲਿਆਂ, ਨੌਕਰੀਆਂ ਵਿੱਚ ਕੋਈ ਅਧਿਕਾਰੀ ਉਲੰਘਣਾ ਕਰਦਾ ਹੈ ਉਸਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਦੋਸ਼ੀ ਅਧਿਕਾਰੀ ਨਾਲ ਸਖਤੀ ਦੇ ਨਾਲ ਨਜਿੱਠਿਆ ਜਾਵੇਗਾ। ਓਬੀਸੀ ਸਮਾਜ ਦੇ ਸੂਬਾ ਸਰਪ੍ਰਸਤ ਰਾਜਵਿੰਦਰ ਸਿੰਘ ਖੱਤਰੀਵਾਲਾ ਨੇ ਕਿਹਾ ਕਿ ਸੱਤਾ ਵਿੱਚ ਹਿੱਸੇਦਾਰੀ ਤੋਂ ਬਿਨਾਂ ਓਬੀਸੀ ਸਮਾਜ ਨੂੰ ਹੱਕ ਨਹੀਂ ਮਿਲ ਸਕਦੇ। ਉਨ੍ਹਾਂ ਕਿਹਾ ਕਿ ਭਾਰਤ ਪੱਧਰ ਤੇ ਓਬੀਸੀ ਸਮਾਜ ਦੇ ਹੱਕਾਂ ਪ੍ਰਤੀ ਕੰਮ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਗੁਪਤ ਮੀਟਿੰਗਾਂ ਅਤੇ ਸਿਆਸੀ ਹੱਕ ਪ੍ਰਾਪਤੀ ਦੇ ਲਈ ਵਿਚਾਰ ਗੋਸ਼ਟੀਆਂ ਹੋ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਓਬੀਸੀ ਸਮਾਜ ਨੂੰ ਲੰਮੇ ਸਮੇਂ ਅਤੇ ਛੋਟੇ ਸਮੇਂ ਦੋ ਤਰ੍ਹਾਂ ਦੇ ਟੀਚੇ ਤੈਅ ਕਰਦੇ ਹੋਏ ਅੱਗੇ ਵਧਣਾ ਪਵੇਗਾ ਤੇ ਉਹ ਦਿਨ ਦੂਰ ਨਹੀਂ ਜਦੋਂ ਓਬੀਸੀ ਸਮਾਜ ਆਪਣੇ ਆਬਾਦੀ ਦੇ ਅਨੁਸਾਰ ਆਪਣੀ ਪ੍ਰਤੀਨਿਤਾ ਲੈ ਕੇ ਦੇਸ਼ ਵਿੱਚ ਆਜ਼ਾਦੀ ਤੇ ਲੋਕਤੰਤਰ ਦਾ ਆਨੰਦ ਮਾਣੇਗਾ।ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਭਵਿੱਖ ਵਿੱਚ ਜ਼ਿਲ੍ਹਾ ਸੰਗਰੂਰ ਦੀ ਧਰਤੀ ਤੇ ਇੱਕ ਅਹਿਮ ਓਬੀਸੀ ਸਮਾਜ ਦੀ ਚਰਚਾ ਮਾਰਚ ਜਾਂ ਅਪ੍ਰੈਲ ਮਹੀਨੇ ਕਰਵਾਉਣ ਦੀ ਯੋਜਨਾਬੰਦੀ ਚੱਲ ਰਹੀ ਹੈ। ਜਿਸ ਵਿੱਚ ਓਬੀਸੀ ਸਮਾਜ ਦੀ ਭਵਿੱਖ ਦੀ ਰਣਨੀਤੀ ਸਬੰਧੀ ਫੈਸਲੇ ਲਏ ਜਾਣਗੇ ਤੇ ਅਗਲੀ ਰੂਪਰੇਖਾ ਤਿਆਰ ਕੀਤੀ ਜਾਵੇਗੀ। ਸੂਬਾ ਪ੍ਰਧਾਨ ਓਬੀਸੀ ਰਾਜਨੀਤਕ ਫਰੰਟ ਪੰਜਾਬ ਦੇ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਧਾਨ ਓਬੀਸੀ ਰਾਜਨੀਤਿਕ ਫਰੰਟ ਮਾਨਸਾ ਸਰਦਾਰ ਭੋਲਾ ਸਿੰਘ ਕੂਲਰੀਆਂ ਵਲੋਂ ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਡਾਕਟਰ ਮਲਕੀਤ ਸਿੰਘ ਥਿੰਦ ਨੂੰ ਮੰਗ ਪੱਤਰ ਦਿੱਤਾ ਗਿਆ। ਕੇਵਲ ਸਿੰਘ ਨੇ ਕਿਹਾ ਕਿ ਓਬੀਸੀ ਸਮਾਜ ਦੇ ਲੋਕਾਂ ਨੂੰ ਇੱਕ ਲਾਈਨ ਖਿੱਚਣੀ ਚਾਹੀਦੀ ਹੈ, ਕਰੋ ਜਾਂ ਮਰੋ ਦੀ ਨੀਤੀ ਤੇ ਆਉਣਾ ਪਵੇਗਾ ਤੇ ਆਪਣੇ ਸਮਾਜ ਨੂੰ ਸੰਦੇਸ਼ ਦੇਣਾ ਪਵੇਗਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਧਰਮ ਅਤੇ ਜਾਤੀਆਂ ਤੋਂ ਉੱਪਰ ਉੱਠ ਕੇ ਸਿਰਫ ਤੇ ਸਿਰਫ ਆਪਣੀ ਵੋਟ ਉਸ ਨੂੰ ਪਾਓ ਜੋ ਤੁਹਾਡੇ ਹੱਕਾਂ ਤੇ ਪਹਿਰਾ ਦੇਣ ਲਈ ਖੜੇਗਾ, ਜੋ ਤੁਹਾਨੂੰ ਹਰ ਪੱਧਰ 'ਤੇ ਤੁਹਾਡੀ ਆਬਾਦੀ ਦੇ ਅਨੁਸਾਰ ਪਿੰਡ ਪੱਧਰ ਤੋਂ ਰਾਸ਼ਟਰਪਤੀ ਤੱਕ ਹਿੱਸੇਦਾਰੀ ਦੇਣ ਲਈ ਤਿਆਰ ਹੈ।

## ਸਰਦੀਆਂ 'ਚ ਬਜ਼ੁਰਗਾਂ, ਬੱਚਿਆਂ 'ਤੇ ਖਾਸ ਧਿਆਨ ਦੇਣ ਦੀ ਲੋੜ : ਡਾ. ਅਮਰਜੀਤ ਕੌਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ 'ਚ ਵਧਦੀ ਹੋਈ ਠੰਡ ਨੂੰ ਵੇਖਦੇ ਹੋਏ ਸਿਵਲ ਸਰਜਨ ਡਾ.ਅਮਰਜੀਤ ਕੌਰ ਨੇ ਕਿਹਾ ਕਿ ਸਰਦੀ ਨਾਲ ਬਜ਼ੁਰਗ, ਬੱਚੇ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਉਨ੍ਹਾਂ ਸਲਾਹ ਦਿੱਤੀ ਕਿ ਬਜ਼ੁਰਗਾਂ ਤੇ ਦਿਲ ਦੇ ਮਰੀਜ਼ਾਂ ਨੂੰ ਸਵੇਰ ਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਢ ਅਤੇ ਧੁੰਦ ਹੋਣ ਕਾਰਨ ਸੈਰ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੂਨੀਆ ਹੋਣ ਦਾ ਜ਼ਿਆਦਾ ਖਤਰਾ ਰਹਿੰਦਾ ਹੈ ਤੇ ਠੰਢ ਲੱਗਣ ਨਾਲ ਉਲਟੀ, ਦਸਤ ਵੀ ਲੱਗ ਸਕਦੇ ਹਨ, ਇਸ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗ਼ਰਮ ਕੱਪੜੇ ਪਾਉਣ ਦੇ ਨਾਲ ਸਿਰ ਤੇ ਟੋਪੀ ਤੇ ਹੱਥਾਂ-ਪੈਰਾਂ 'ਚ ਦਸਤਾਨੇ-ਜੁਰਾਬਾਂ ਪਾਈਆਂ ਜਾਣ।ਬੱਚਿਆਂ ਨੂੰ ਨੰਗੇ ਪੈਰੀਂ ਨਾ ਚੱਲਣ ਦਿੱਤਾ ਜਾਵੇ।ਸਰਦੀ ਦੇ ਮੌਸਮ ਵਿੱਚ ਘਰਾਂ 'ਚ ਬੰਦ ਕਮਰੇ ਵਿਚ ਅੰਗੀਠੀ ਨਾ ਬਾਲੀ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ ਤੇ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਕਿ ਸਾਡੇ ਲਈ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ।ਡਾ. ਅਮਰਜੀਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਸਰਦੀ ਤੋਂ ਪੀੜਿਤ ਲੋਕਾਂ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਸਰਦੀ ਲੱਗਣ ਨਾਲ ਆਮ ਤੌਰ 'ਤੇ ਜ਼ੁਕਾਮ ਲੱਗ ਸਕਦਾ, ਬੁਖਾਰ ਹੋ ਸਕਦਾ ਜਾਂ ਕੰਬਣੀ ਆਉਣ ਦਾ ਸੰਕੇਤ ਹੋਵੇ ਤਾਂ ਤੁਹਾਡਾ ਸਰੀਰ ਤਾਪਮਾਨ ਗਵਾ ਰਿਹਾ ਹੈ।

## ਪ੍ਰਾਇਮਰੀ ਤੋਂ ਮਾਸਟਰ ਕੇਡਰ 'ਚ ਪ੍ਰਮੋਸ਼ਨ ਲਈ ਟੈਂਟ ਦੀ ਸ਼ਰਤ ਹਟਾਈ ਜਾਵੇ : ਪਰਗਟ ਸਿੰਘ ਜੰਬਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪ੍ਰਾਇਮਰੀ ਤੋਂ ਮਾਸਟਰ ਕੇਡਰ ਵਿੱਚ ਪ੍ਰਮੋਸ਼ਨ ਲਈ ਟੈਂਟ ਦੀ ਸ਼ਰਤ ਲਾਉਣ ਕਾਰਨ ਸੀਨੀਅਰ ਅਧਿਆਪਕ ਵਾਂਝੇ ਰਹਿ ਗਏ ਹਨ। ਆਪਣਾ ਰੋਸ ਪ੍ਰਗਟਾਉਣ ਲਈ ਅਧਿਆਪਕਾ ਵਫ਼ਦ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਜੰਬਰ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ ਸਿੱਖਿਆ ਸ੍ਰੀ ਯਾਦਵਿੰਦਰ ਸਿੰਘ ਮਾਨ ਨੂੰ ਮਿਲਿਆ ਤੇ ਰੋਸ ਪੱਤਰ ਡੀਪੀਆਈ ਪ੍ਰਾਇਮਰੀ ਅਤੇ ਸੈਕੰਡਰੀ ਨੂੰ ਭੇਜਣ ਲਈ ਕਿਹਾ।ਵਰਨਣਯੋਗ ਹੈ ਕਿ ਪੀ ਟੈਟ ਤੇ ਪੀਟੈਟ-1 ਕੁੱਝ ਸਾਲ ਪਹਿਲਾਂ 2011 ਤੋਂ ਸ਼ੁਰੂ ਕੀਤਾ ਗਿਆ ਹੈ, ਜਿਹੜੇ ਅਧਿਆਪਕ 2010 ਤੋਂ ਪਹਿਲਾਂ ਭਰਤੀ ਹੋਏ ਹਨ।ਉਨ੍ਹਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ।ਸੀਨੀਅਰ ਅਧਿਆਪਕਾਂ ਨੂੰ ਤੁਰੰਤ ਮੌਕਾ ਦਿੱਤਾ ਜਾਵੇ।ਖ਼ਾਸ ਤੌਰ 'ਤੇ ਐਚ.ਟੀ ਤੇ ਸੀ ਐਚ ਟੀ ਮੌਕਾ ਦਿੱਤਾ ਜਾਵੇ। ਪਹਿਲੀ ਨਿਯੁਕਤੀ ਦੀਆਂ ਸ਼ਰਤਾਂ ਅਨੁਸਾਰ ਹੀ ਪ੍ਰਾਇਮਰੀ ਕਾਡਰ ਵਿੱਚੋਂ ਈਟੀਟੀ ,ਹੈਡ ਟੀਚਰ ਤੇ ਸੈਂਟਰ ਹੈਡ ਟੀਚਰ ਦੀਆ ਪ੍ਰਮੋਸ਼ਨਾਂ ਕੀਤੀਆਂ ਜਾਣ ।ਪ੍ਰਮੋਸ਼ਨ ਲਿਸਟਾਂ ਵਿੱਚੋਂ ਰਹਿ ਗਏ ਸੀਨੀਅਰ ਈਟੀਟੀ ,ਐਚ ਟੀ,ਸੀਐਚਟੀ ਨੂੰ ਸ਼ਾਮਿਲ ਕਰਦੇ ਹੋਏ ਤਰੱਕੀ ਲਿਸਟ ਜਾਰੀ ਕੀਤੀ ਜਾਵੇ। ਵਫ਼ਦ ਵਿੱਚ ਅਜੀਤਪਾਲ ਸਿੰਘ, ਅਸ਼ੋਕ ਸ਼ਰਮਾ, ਕਿਰਨਦੀਪ ਸਿੰਘ ਭੁੱਲਰ, ਕ੍ਰਿਸ਼ਨ ਕੁਮਾਰ, ਜਗਮੋਹਨ ਸਿੰਘ, ਪਵਿੱਤਰ ਸਿੰਘ,ਅਦੀਸ਼ ਜੈਨ, ਵਰਿੰਦਰ ਕੁਮਾਰ ਆਦਿ ਹਾਜ਼ਰ ਸਨ

## ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਜਨਤਕ ਚੇਤਨਾ ਮੁਹਿੰਮ ਚਲਾਈ ਜਾਵੇਗੀ : ਕਲੇਰ



**ਜਗਰਾਉਂ/ਹਠੂਰ (ਅਮਿਤ ਖੰਨਾ/ਨਛੱਤਰ ਸੰਧੂ)**-ਪੰਜਾਬ ਦੇ ਵਿਕਾਸ ਲਈ ਬਚਨਬੱਧ ਪੰਜਾਬ ਤੇ ਪੰਥ ਪ੍ਰਸਤ ਪਾਰਟੀ ਸ਼੍ਰੋਮਣੀ ਅਕਾਲੀ ਦੇ ਸੰਗਠਨ ਦੀ ਮਜਬੂਤੀ ਲਈ ਚੇਤਨਾ ਮੁਹਿੰਮ ਚਲਾਈ ਜਾਵੇਗੀ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਕੋਰ ਕਮੇਟੀ ਮੈਂਬਰ ਐਸ.ਆਰ.ਕਲੇਰ ਨੇ ਪਿੰਡ ਬੱਸੂਵਾਲ ਵਿਖੇ ਪਾਰਟੀ ਵਰਕਰਾਂ ਨੂੰ ਸੰਬੋਧਨ ਉਪਰੰਤ ਸਾਂਝੇ ਕੀਤੇ।ਸ੍ਰੀ ਕਲੇਰ ਨੇ ਆਖਿਆ ਪੰਜਾਬ ਨੂੰ ਆਰਥਿਕ, ਸਮਾਜਿਕ ਤੇ ਰਾਜਨੀਤਕ ਤੌਰ 'ਤੇਮਜਬੂਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦਾ ਅੱਗੇ ਆਉਣਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ ਜਗਰਾਉਂ ਇਲਾਕੇ ਅੰਦਰ ਜਨਤਿਕ ਚੇਤਨਾ ਮੁਹਿੰਮ ਦਾ ਅਗਾਜ਼ ਕੀਤਾ ਗਿਆ ਹੈ।ਇਸ ਮੁਹਿੰਮ ਤਹਿਤ ਜਿੱਥੇ ਸੱਤਾਧਾਰੀ ਧਿਰ ਦੀਆਂ ਨਾਕਾਮੀਆਂ ਤੇ ਝੂਠੇ ਵਾਅਦਿਆਂ ਨੂੰ ਬੇਪਰਦ ਕੀਤਾ ਜਾਵੇਗਾ, ਉੱਥੇ ਸੰਗਠਨ ਮਜਬੂਤੀ ਲਈ ਟਕਸਾਲੀ ਪਰਿਵਾਰਾਂ ਤੇ ਨੌਜਵਾਨਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।ਸ੍ਰੀ ਕਲੇਰ ਅਨੁਸਾਰ ਲੋਕ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਰਾਜ ਭਾਗ ਸੌਂਪਣ ਦੇ ਹਿੱਤ ਵਿੱਚ ਹਨ।ਉਨ੍ਹਾਂ ਕਿਹਾ ਕਿ ਆਪ ਨੂੰ ਲਾਂਭੇ ਕਰਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੋਂਦ ਵਿੱਚ ਲਿਆਉਣ ਲਈ ਪੰਜਾਬ ਅੰਦਰ ਲੋਕ ਲਹਿਰ ਖੜੀ ਕੀਤੀ ਜਾਵੇਗੀ।

## ਕਾਂਗਰਸ ਦੀ ਸੰਗਰੂਰ ਰੈਲੀ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ : ਜਸਮੇਲ ਸਿੰਘ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ 10 ਜਨਵਰੀ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ 'ਚ ਹਲਕਾ ਮਹਿਲ ਕਲਾਂ ਤੋਂ ਕਾਫਲਿਆਂ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ।ਇਹ ਜਾਣਕਾਰੀ ਕਾਂਗਰਸ ਪਾਰਟੀ ਐੱਸ ਸੀ ਵਿਭਾਗ ਦੇ ਚੇਅਰਮੈਨ ਜਸਮੇਲ ਸਿੰਘ ਡੇਅਰੀਵਾਲਾ ਨੇ ਪਿੰਡ ਸਹਿਜੜਾ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਵਿੱਚ ਸੋਧ ਕਰਕੇ ਜੀ ਰਾਮ ਜੀ ਸਕੀਮ ਲਾਗੂ ਕਰਨਾ ਮਜ਼ਦੂਰ ਵਰਗ ਤੋਂ ਰੋਜ਼ਗਾਰ ਖੋਹਣ ਦੀ ਸਾਜ਼ਿਸ਼ ਹੈ, ਜਿਸ ਨੂੰ ਕਾਂਗਰਸ ਪਾਰਟੀ ਕਦੇ ਵੀ ਸਫਲ ਨਹੀਂ ਹੋਣ ਦੇਵੇਗੀ।ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਮਗਨਰੇਗਾ ਨੂੰ ਖਤਮ ਕਰਕੇ ਮਜ਼ਦੂਰਾਂ ਨੂੰ ਵਿਹਲੇ ਕਰਨ 'ਤੇ ਤੁਲੀ ਹੋਈ ਹੈ। ਡੇਅਰੀਵਾਲਾ ਨੇ ਦੱਸਿਆ ਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਤੇ ਬਲਾਕ ਪ੍ਰਧਾਨ ਸੰਮੀ ਠੁੱਲੀਵਾਲ ਦੀ ਅਗਵਾਈ ਹੇਠ ਹਲਕੇ ਦੇ ਪਿੰਡਾਂ 'ਚ ਮੀਟਿੰਗਾਂ ਕਰਕੇ ਸੰਗਰੂਰ ਰੈਲੀ ਲਈ ਲਾਮਬੰਦ ਕੀਤਾ ਜਾ ਰਿਹਾ ਹੈ।ਆਗੂਆਂ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੂੰ ਆਪਣੇ ਹੱਕਾਂ ਲਈ 10 ਜਨਵਰੀ ਨੂੰ ਕਾਫਲਿਆਂ ਸਮੇਤ ਸੰਗਰੂਰ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਕੋਆਰਡੀਨੇਟਰ ਗੁਰਮੇਲ ਸਿੰਘ ਮੇਲਾ, ਐੱਸ ਸੀ ਵਿੰਗ ਆਗੂ ਪ੍ਰਕਾਸ਼ ਸਿੰਘ, ਦਰਸ਼ਨ ਸਿੰਘ, ਸ਼ਿੰਦਰ ਸਿੰਘ, ਵਿਸਾਖਾ ਸਿੰਘ, ਜਸਪ੍ਰੀਤ ਸਿੰਘ, ਜਗਦੀਪ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਹਾਜ਼ਰ ਸਨ।

## ਸ਼ਹਾਦਤ ਨੂੰ ਸਮਰਪਤ ਤੀਜਾ ਓਪਨ ਲਾਨ ਟੈਨਿਸ ਟੂਰਨਾਮੈਂਟ ਸੰਪੰਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਮਰ ਸ਼ਹਾਦਤ ਨੂੰ ਸਮਰਪਤ ਇਲਾਈਟ ਲਾਨ ਟੈਨਿਸ ਵੱਲੋਂ ਬੀਤੇ ਦਿਨੀਂ ਬਿਨਾਂ ਕਿਸੇ ਫੀਸ ਤੋਂ ਤੀਜਾ ਓਪਨ ਲਾਨ ਟੈਨਿਸ ਟੂਰਨਾਮੈਂਟ ਅਰਬਨ ਸਟੇਟ ਫੇਜ਼-2 ਪਟਿਆਲਾ ਵਿਖੇ ਕਰਵਾਇਆ ਗਿਆ।ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਅਨੁਸ਼ਾਸਨ ਦੀ ਭਾਵਨਾ ਨੂੰ ਵਧਾਉਣਾ ਤੇ ਸਾਡੇ ਇਤਿਹਾਸਕ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਸੀ।ਟੈਨਿਸ ਕੋਚ ਗੁਰਬਾਜ ਸਿੰਘ ਦੀ ਅਗਵਾਈ ਹੇਠ ਕਰਵਾਏ ਇਸ ਟੂਰਨਾਮੈਂਟ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ।ਇਸ ਮੌਕੇ ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਸਨੌਰ ਤੇ ਚੇਅਰਮੈਨ ਪੀਆਰਟੀਸੀ ਰਣਜੋਧ ਸਿੰਘ ਹਡਾਣਾ, ਵਿਧਾਇਕ ਘਨੌਰ ਗੁਰਲਾਲ ਸਿੰਘ, ਵਿਧਾਇਕ ਬਠਿੰਡਾ ਰੂਰਲ ਇੰਜੀਨੀਅਰ ਅਮਿਤ ਰਤਨ ਕੋਟਫੱਤਾ, ਪੀ ਏ ਚੇਅਰਮੈਨ ਰਣਜੋਧ ਹਡਾਣਾ ਲਾਲੀ ਰਹਿਲ, ਹਰਪਿੰਦਰ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਮੁੱਖ ਮਹਿਮਾਨਾਂ ਵੱਲੋਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ।ਅੰਤ ਵਿੱਚ ਟੂਰਨਾਮੈਂਟ ਇੱਕ ਖੇਡ ਸਮਾਰੋਹ ਹੀ ਨਹੀਂ, ਸਗੋਂ ਸਿੱਖਿਆ, ਅਨੁਸ਼ਾਸਨ ਤੇ ਸੰਸਕਾਰਾਂ ਦਾ ਸੁੰਦਰ ਮੇਲ ਸਾਬਿਤ ਹੋਇਆ।ਜੇਤੂ ਖਿਡਾਰੀਆਂ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।

## ਪੰਜਾਬ ਸਰਕਾਰ ਪੱਤਰਕਾਰਾਂ 'ਤੇ ਹੋਏ ਪਰਚੇ ਰੱਦ ਕਰੇ : ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੱਤਰਕਾਰਾਂ ਖ਼ਿਲਾਫ਼ ਦਰਜ ਝੂਠੇ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ।ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਚਿਤਾਵਨੀ ਦਿੱਤੀ ਕਿ ਅੱਜ ਜੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕੱਲ੍ਹ ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਦੀਆਂ ਸੰਘਰਸ਼ੀ ਲਹਿਰਾਂ ਨੂੰ ਵੀ ਦਬਾਉਣ ਦੀ ਕੋਸ਼ਿਸ਼ ਹੋ ਸਕਦੀ ਹੈ।ਉਨ੍ਹਾਂ ਪੱਤਰਕਾਰਾਂ 'ਤੇ ਦਰਜ ਕੀਤੇ ਗਏ ਝੂਠੇ ਪਰਚਿਆਂ ਦੀ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਪ੍ਰੈੱਸ ਦੀ ਆਜ਼ਾਦੀ ਦੇ ਹੱਕ ਵਿੱਚ ਡੱਟ ਕੇ ਖੜ੍ਹੇਗੀ।ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਜਸਵਿੰਦਰ ਸਿੰਘ ਸਰਾਵਾਂ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਆਦਿ ਹਾਜ਼ਰ ਸਨ

ਸ਼ਨੀਵਾਰ, 10 ਜਨਵਰੀ, 2026
27 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 221

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 10 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਲੁਧਿਆਣਾ-ਰੋਪੜ ਸੜਕੀ ਪ੍ਰਾਜੈਕਟ ਲਈ ਸਤਲੁਜ 'ਚੋਂ ਰੇਤਾ ਕੱਢਣ ਦੀ ਮਨਜ਼ੂਰੀ

### ਕੈਬਨਿਟ ਵੱਲੋਂ ਜੈਨ ਭਾਈਚਾਰੇ ਦੇ ਮੈਡੀਕਲ ਕਾਲਜ, ਡਿਜੀਟਲ ਓਪਨ 'ਵਰਸਿਟੀ ਤੇ ਹੋਰ ਅਹਿਮ ਫੈਸਲੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਜਨਤਕ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ, ਉਚੇਰੀ ਸਿੱਖਿਆ ਦੇ ਆਧੁਨਿਕੀਕਰਨ ਅਤੇ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰਨ ਵੱਲ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਸ਼ੁੱਕਰਵਾਰ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਤੇ ਹਸਪਤਾਲ ਸਥਾਪਤ ਕਰਨ ਲਈ 19 ਏਕੜ ਤੋਂ ਵੱਧ ਜ਼ਮੀਨ ਦੇਣ ਦੀ ਪ੍ਰਵਾਨਗੀ ਦੇ ਕੇ ਹੋਰ ਕਈ ਵੱਡੇ ਫੈਸਲਿਆਂ ਨੂੰ ਮਨਜ਼ੂਰੀ ਦੇ ਦਿੱਤੀ।

ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਵਿੱਚ ਭਾਰਤ ਦੀ ਪਹਿਲੀ ਵਿਆਪਕ ਪ੍ਰਾਈਵੇਟ ਡਿਜੀਟਲ ਓਪਨ ਯੂਨੀਵਰਸਿਟੀ ਨੀਤੀ-2026, ਪਲਾਟ ਅਲਾਟੀਆਂ ਲਈ ਐਮਨੈਸਟੀ ਨੀਤੀ-2025 ਵਿੱਚ ਵਾਧਾ ਕਰਨ, ਗਮਾਡ ਦੀਆਂ ਜਾਇਦਾਦ ਦੀਆਂ ਕੀਮਤਾਂ ਨੂੰ ਤਰਕਸੰਗਤ ਬਣਾਉਣ ਅਤੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿੱਚ ਤੇਜ਼ੀ ਲਿਆਉਣ ਲਈ ਸਤਲੁਜ ਦਰਿਆ ਵਿੱਚੋਂ ਰੇਤ ਕੱਢਣ ਲਈ ਪ੍ਰਵਾਨਗੀ ਦੇਣ ਦੇ ਨਾਲ-ਨਾਲ ਅਤੇ ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਦੇ ਸਟਾਫ ਨੂੰ ਸਰਕਾਰੀ ਵਿਭਾਗਾਂ ਵਿੱਚ ਭੇਜਣ ਨੂੰ ਮਨਜ਼ੂਰੀ ਦੇ ਦਿੱਤੀ, ਜੋ ਸਿਹਤ ਸੰਭਾਲ ਦੇ ਵਿਸਥਾਰ, ਸਿੱਖਿਆ ਸੁਧਾਰ, ਬੁਨਿਆਦੀ ਢਾਂਚਾ ਮਜ਼ਬੂਤ ਬਣਾਉਣ ਅਤੇ ਲੋਕ-ਪੱਖੀ ਸ਼ਾਸਨ 'ਤੇ ਸਰਕਾਰ ਦੇ ਲੋਕ ਪੱਖੀ ਉਪਰਾਲਿਆਂ ਨੂੰ ਦਰਸਾਉਂਦਾ ਹੈ।

ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਕੈਬਨਿਟ ਨੇ ਜੈਨ ਭਾਈਚਾਰੇ ਵੱਲੋਂ ਘੱਟ ਗਿਣਤੀ ਮੈਡੀਕਲ ਕਾਲਜ (ਮਨਿਉਰਿਟੀ ਮੈਡੀਕਲ ਕਾਲਜ) ਸਥਾਪਤ ਕਰਨ ਵਾਸਤੇ ਬਾਬਾ ਹੀਰਾ ਸਿੰਘ ਭੱਠਲ ਟੈਕਨੀਕਲ ਕਾਲਜ, ਲਹਿਰਾਗਾਗਾ ਵਿੱਚ ਸਥਿਤ 19 ਏਕੜ 4 ਕਨਾਲ ਜ਼ਮੀਨ ਨਾਮਾਤਰ ਲੀਜ਼ ਦਰਾਂ 'ਤੇ ਜੈਨ ਸੁਸਾਇਟੀ ਨੂੰ ਦੇਣ ਦਾ ਫੈਸਲਾ ਕੀਤਾ ਹੈ। ਜੈਨ ਭਾਈਚਾਰੇ ਵੱਲੋਂ ਸਥਾਪਤ ਕੀਤੇ ਜਾਣ ਵਾਲੇ ਇਸ ਮੈਡੀਕਲ ਕਾਲਜ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਸੀਟਾਂ ਦੀ ਵੰਡ ਬਾਰੇ ਸੂਬਾ



ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਦਿਸ਼ਾ-ਨਿਰਦੇਸ਼ਾਂ/ ਨੋਟੀਫਿਕੇਸ਼ਨਾਂ ਦੀਆਂ ਸ਼ਰਤਾਂ ਦੀ ਸਖ਼ਤੀ ਨਾਲ ਪਾਲਣਾ ਹੋਵੇਗੀ। ਸਾਰੀਆਂ ਸ਼੍ਰੇਣੀਆਂ ਦੀਆਂ ਸੀਟਾਂ ਲਈ ਫੀਸ ਢਾਂਚਾ ਸੂਬਾ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ/ਨੋਟੀਫਿਕੇਸ਼ਨਾਂ ਅਨੁਸਾਰ ਹੀ ਲਿਆ ਜਾਵੇਗਾ।ਮੰਤਰੀ ਮੰਡਲ ਨੇ ਪੰਜਾਬ ਪ੍ਰਾਈਵੇਟ ਡਿਜੀਟਲ ਓਪਨ ਯੂਨੀਵਰਸਿਟੀਜ਼ ਨੀਤੀ, 2026 ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ਼ ਆਨਲਾਈਨ ਅਤੇ ਓਪਨ ਡਿਸਟੈਂਸ ਲਰਨਿੰਗ (ਓ ਡੀ ਐਲ) ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਵਾਲੀਆਂ ਪ੍ਰਾਈਵੇਟ ਡਿਜੀਟਲ ਓਪਨ ਯੂਨੀਵਰਸਿਟੀਆਂ ਨੂੰ ਨਿਯਮਤ ਅਤੇ ਉਤਸ਼ਾਹਤ ਕਰਨਾ ਹੈ, ਜਿਸ ਨਾਲ ਸੂਬੇ ਦੇ ਵਿਦਿਆਰਥੀਆਂ ਨੂੰ ਉੱਚ-ਮਿਆਰੀ ਦੀ ਉਚੇਰੀ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਲਈ ਰੋਜ਼ਗਾਰ ਦੇ ਵੱਧ ਤੋਂ ਵੱਧ ਰਾਹ ਖੁੱਲ੍ਹ ਸਕਣ।

ਮੰਤਰੀ ਮੰਡਲ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਅਧੀਨ ਅਲਾਟ/ ਨਿਲਾਮ ਕੀਤੇ ਪਲਾਟਾਂ ਲਈ ਐਮਨੈਸਟੀ ਨੀਤੀ-2025ਵਿੱਚ ਵਾਧਾ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਵਿਸ਼ੇਸ਼ ਵਿਕਾਸ ਅਥਾਰਟੀ ਦੇ ਡਿਫਾਲਟ ਅਲਾਟੀਆਂ ਨੂੰ 31 ਮਾਰਚ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਐਮਨੈਸਟੀ ਨੀਤੀ-2025 ਤਹਿਤ ਇਕ ਵਾਰ ਹੋਰ ਅਪਲਾਈ ਕਰਨ ਦੀ ਆਗਿਆ ਮਿਲੇਗੀ ਅਤੇ ਅਲਾਟੀ ਨੂੰ ਸਬੰਧਤ ਵਿਸ਼ੇਸ਼ ਵਿਕਾਸ ਅਥਾਰਟੀ ਕੋਲ ਇਸ ਦੀ ਪ੍ਰਵਾਨਗੀ ਦੇ ਤਿੰਨ ਮਹੀਨਿਆਂ ਦੇ ਅੰਦਰ ਲੋੜੀਂਦੀ ਰਕਮ ਜਮ੍ਹਾਂ ਕਰਨ ਦੀ ਆਗਿਆ ਮਿਲੇਗੀ। ਇਸ ਨੀਤੀ ਤਹਿਤ ਲਾਭ ਪ੍ਰਾਪਤ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਅਲਾਟੀ ਨੂੰ ਨਿਰਧਾਰਤ ਮਿਤੀ ਭਾਵ 31 ਮਾਰਚ ਤੋਂ ਪਹਿਲਾਂ ਅਰਜ਼ੀ ਜਮ੍ਹਾਂ ਕਰਨੀ ਪਵੇਗੀ।ਕੈਬਨਿਟ ਨੇ ਨਿਰਪੱਖ ਮੁਲਾਂਕਣਕਾਰਾਂ ਵੱਲੋਂ ਪੇਸ਼ ਰਿਪੋਰਟ ਦੇ ਆਧਾਰ ਉੱਤੇ ਗਮਾਡਾ ਦੀਆਂ ਵੱਖ-ਵੱਖ ਜਾਇਦਾਦਾਂ ਦੀਆਂ ਕੀਮਤਾਂ ਘਟਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸਰਕਾਰ ਨੇ ਵੱਖ-ਵੱਖ ਰਿਹਾਇਸ਼ੀ, ਵਪਾਰਕ ਪਲਾਟਾਂ, ਸੰਸਥਾਗਤ/ਉਦਯੋਗਿਕ ਥਾਵਾਂ ਅਤੇ ਹੋਰਾਂ ਲਈ ਰਿਜ਼ਰਵ ਕੀਮਤਾਂ ਨਿਰਧਾਰਤ ਕਰਨ ਨਾਲ ਸਬੰਧਤ ਈ-ਨਿਲਾਮੀਆਂ ਲਈ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕੀਤੀ ਹੈ। ਇਹ ਫੈਸਲਾ ਕੀਤਾ ਗਿਆ ਹੈ ਕਿ ਵਿਕਾਸ ਅਥਾਰਟੀਆਂ ਅਜਿਹੀਆਂ ਥਾਵਾਂ ਦੀਆਂ ਦਰਾਂ ਦਾ ਮੁਲਾਂਕਣ ਕਰਨ ਲਈ ਰਾਸ਼ਟਰੀਕ੍ਰਿਤ ਬੈਂਕਾਂ/ਆਮਦਨ ਕਰ ਵਿਭਾਗ ਦੁਆਰਾ ਸੂਚੀਬੱਧ ਤਿੰਨ ਸੁਤੰਤਰ ਮੁੱਲਕਰਤਾਵਾਂ ਨੂੰ ਨਿਯੁਕਤ ਕਰਨਗੇ।

ਉਹਨਾਂ ਥਾਵਾਂ ਲਈ ਜੋ ਪਿਛਲੀਆਂ ਦੋ ਜਾਂ ਵੱਧ ਨਿਲਾਮੀਆਂ ਵਿੱਚ ਨਹੀਂ ਵਿਕੀਆਂ ਹਨ, ਇਹਨਾਂ ਮੁੱਲਕਾਰਾਂ ਦੁਆਰਾ ਦਰਸਾਈਆਂ ਦਰਾਂ ਦੀ ਔਸਤ ਨੂੰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਾਅਦ ਰਾਖਵੀਂ ਕੀਮਤ ਨਿਰਧਾਰਤ ਕਰਨ ਲਈ ਮਾਪਦੰਡ ਮੰਨਿਆ ਜਾਵੇਗਾ। ਦਰਾਂ ਦਾ ਫੈਸਲਾ ਕਰਨ ਲਈ ਕਮੇਟੀ ਦੇ ਨਿਰੀਖਣ 'ਤੇ ਵਿਚਾਰ ਕੀਤਾ ਗਿਆ ਹੈ ਅਤੇ ਇਹ ਇੱਕ ਕੈਲੰਡਰ ਸਾਲ ਲਈ ਯੋਗ ਹੋਣਗੇ। ਹਾਲਾਂਕਿ, ਕੈਲੰਡਰ ਸਾਲ ਦੇ ਅੰਦਰ ਲੋੜ-ਅਧਾਰਤ ਤਬਦੀਲੀਆਂ ਲਈ ਪ੍ਰਵਾਨਗੀ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਇੰਚਾਰਜ ਮੰਤਰੀ ਦੇ ਪੱਧਰ 'ਤੇ ਦਿੱਤੀ ਜਾਵੇਗੀ।

ਮੰਤਰੀ ਮੰਡਲ ਨੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਜਾਂ ਇਸ ਦੀਆਂ ਏਜੰਸੀਆਂ ਨੂੰ ਜਲ ਸਰੋਤ ਵਿਭਾਗ ਦੁਆਰਾ ਅਲਾਟ ਕੀਤੀਆਂ ਥਾਵਾਂ 'ਤੇ ਸਤਲੁਜ ਦਰਿਆ ਵਿੱਚ ਰੇਤ ਦੀ ਨਿਕਾਸੀ ਤਿੰਨ ਰੁਪਏ ਪ੍ਰਤੀ ਘਣ ਫ਼ੁੱਟ (ਕਿਊਬਕ ਫ਼ੁੱਟ) ਦੇ ਹਿਸਾਬ ਨਾਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਉਹ ਥਾਵਾਂ ਹਨ, ਜਿਸ ਕੀਮਤ 'ਤੇ ਸਿਸਵਾਂ ਡੈਮ ਤੋਂ ਗਾਰ ਕੱਢਣ ਦਾ ਇਕਰਾਰਨਾਮਾ ਕੀਤਾ ਗਿਆ ਸੀ। ਇਹ ਪ੍ਰਵਾਨਗੀ ਇਸ ਸ਼ਰਤ ਨਾਲ ਦਿੱਤੀ ਹੈ ਕਿ ਉਪਰੋਕਤ ਕੀਮਤ ਐੱਨ ਐੱਚ ਏ ਆਈ ਜਾਂ ਇਸ ਦੇ ਠੇਕੇਦਾਰਾਂ/ਏਜੰਸੀਆਂ ਨੂੰ 30 ਜੂਨ ਤੱਕ ਹੀ ਉਪਲੱਬਧ ਹੋਵੇਗੀ, ਤਾਂ ਜੋ ਲੁਧਿਆਣਾ ਤੋਂ ਰੋਪੜ ਤੱਕ ਸੜਕ ਪ੍ਰੋਜੈਕਟਾਂ ਦੇ ਨਿਰਮਾਣ ਲਈ ਐੱਨ ਐੱਚ ਏ ਆਈ ਨੂੰ ਮਿੱਟੀ ਪ੍ਰਦਾਨ ਕੀਤੀ ਜਾ ਸਕੇ। ਇਸ ਸਬੰਧੀ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਊਰਮੈਂਟ ਐਕਟ-2019 ਦੀ ਧਾਰਾ-63 ਦੇ ਉਪਬੰਧਾਂ ਤੋਂ ਵੀ ਛੋਟ ਦਿੱਤੀ ਗਈ।

ਮੰਤਰੀ ਮੰਡਲ ਨੇ ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਸਟਾਫ ਮੈਂਬਰਾਂ ਨੂੰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਇਸ ਵਿਭਾਗ ਅਧੀਨ ਆਉਂਦੀਆਂ ਖੁਦਮੁਖਤਿਆਰ ਸੰਸਥਾਵਾਂ ਵਿੱਚ ਉਪਲੱਬਧ ਖਾਲੀ ਅਸਾਮੀਆਂ ਦੇ ਵਿਰੁੱਧ ਡੈਪੂਟੇਸ਼ਨ 'ਤੇ ਐਡਜਸਟ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫੈਸਲਾ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਵਡੇਰੇ ਜਨਤਕ ਹਿੱਤ ਵਿੱਚ ਲਿਆ ਗਿਆ ਹੈ।

## ਮੋਦੀ ਦਾ ਫੋਨ ਨਾ ਆਉਣ 'ਤੇ ਟਰੰਪ ਤਿੜਿਆ

**ਨਿਊਯਾਰਕ** : ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਕਿਹਾ ਹੈ ਕਿ ਭਾਰਤ ਨਾਲ ਵਪਾਰਕ ਸਮਝੌਤਾ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਫੋਨ ਨਹੀਂ ਕੀਤਾ। ਵੀਰਵਾਰ ਨੂੰ 'ਆਲ-ਇਨ ਪੋਡਕਾਸਟ' ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਲੁਟਨਿਕ ਨੇ ਵਿਸਥਾਰ ਨਾਲ ਦੱਸਿਆ ਕਿ ਭਾਰਤ-ਅਮਰੀਕਾ ਵਪਾਰਕ ਸਮਝੌਤਾ ਹੁਣ ਤੱਕ ਕਿਉਂ ਨਹੀਂ ਹੋਇਆ। ਲੁਟਨਿਕ ਨੇ ਕਿਹਾ, "ਮੈਂ ਤੁਹਾਨੂੰ ਭਾਰਤ ਬਾਰੇ ਇੱਕ ਕਹਾਣੀ ਸੁਣਾਵਾਂਗਾ। ਮੈਂ ਯੂਕੇ ਨਾਲ ਪਹਿਲਾ ਸਮਝੌਤਾ ਕੀਤਾ ਸੀ ਅਤੇ ਅਸੀਂ ਯੂ ਕੇ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਇਹ ਕੰਮ ਅਗਲੇ ਦੋ ਸ਼ੁੱਕਰਵਾਰਾਂ ਤੱਕ ਪੂਰਾ ਕਰਨਾ ਹੋਵੇਗਾ। ਇਹ ਕਿ ਰੇਲ ਗੱਡੀ ਦੋ ਸ਼ੁੱਕਰਵਾਰਾਂ ਤੱਕ ਸਟੇਸ਼ਨ ਛੱਡ ਦੇਵੇਗੀ, ਕਿਉਂਕਿ ਮੇਰੇ ਕੋਲ ਬਹੁਤ ਸਾਰੇ ਹੋਰ ਦੇਸ਼ ਕੰਮ ਕਰ ਰਹੇ ਹਨ, ਅਤੇ ਤੁਸੀਂ ਜਾਣਦੇ ਹੋ, ਜੇਕਰ ਕੋਈ ਹੋਰ ਪਹਿਲਾਂ ਆਉਂਦਾ ਹੈ, ਤਾਂ ਉਹ ਪਹਿਲਾਂ ਹੁੰਦਾ ਹੈ। ਰਾਸ਼ਟਰਪਤੀ ਟਰੰਪ ਪੌੜੀਆਂ ਵਾਂਗ ਸੌਦੇ ਕਰਦੇ ਹਨ।"

ਉਨ੍ਹਾ ਕਿਹਾ, "ਪਹਿਲੀ ਪੌੜੀ ਵਾਲੇ ਨੂੰ ਸਭ ਤੋਂ ਵਧੀਆ ਸੌਦਾ ਮਿਲਦਾ ਹੈ। ਤੁਸੀਂ ਪਹਿਲੇ ਬੰਦੇ ਤੋਂ ਬਾਅਦ ਸਭ ਤੋਂ ਵਧੀਆ ਸੌਦਾ ਨਹੀਂ ਲੈ ਸਕਦੇ। ਲੁਟਨਿਕ ਨੇ ਕਿਹਾ ਕਿ ਟਰੰਪ ਚੀਜ਼ਾਂ ਨੂੰ ਇਸ ਤਰੀਕੇ ਨਾਲ ਕਰਦੇ ਹਨ ਕਿਉਂਕਿ ਇਸ ਤਰ੍ਹਾਂ ਇਹ ਤੁਹਾਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਉਤਸ਼ਾਹਤ ਕਰਦਾ ਹੈ। ਉਨ੍ਹਾ ਕਿਹਾ ਕਿ ਯੂ ਕੇ ਦੇ ਸੌਦੇ ਤੋਂ ਬਾਅਦ, ਹਰ ਕਿਸੇ ਨੇ ਟਰੰਪ ਨੂੰ ਪੁੱਛਿਆ ਕਿ ਅਗਲਾ ਦੇਸ਼ ਕਿਹੜਾ ਹੋਵੇਗਾ ਅਤੇ ਰਾਸ਼ਟਰਪਤੀ ਨੇ ਵੱਖ-ਵੱਖ ਦੇਸ਼ਾਂ ਬਾਰੇ ਗੱਲ ਕੀਤੀ, ਪਰ ਉਨ੍ਹਾ ਨੇ ਜਨਤਕ ਤੌਰ 'ਤੇ ਕਈ ਵਾਰ ਭਾਰਤ ਦਾ ਨਾਂਅ ਲਿਆ। ਉਨ੍ਹਾ ਕਿਹਾ, "ਅਸੀਂ ਭਾਰਤ ਨਾਲ ਗੱਲ ਕਰ ਰਹੇ ਸੀ, ਅਤੇ ਅਸੀਂ ਭਾਰਤ ਨੂੰ ਕਿਹਾ ਕਿ ਤੁਹਾਡੇ ਕੋਲ ਤਿੰਨ ਸ਼ੁੱਕਰਵਾਰ ਹਨ। ਮੈਂ ਕਿਹਾ ਕਿ ਟਰੰਪ ਹੀ ਸੌਦੇ ਨੂੰ ਅੰਤਮ ਰੂਪ ਦਿੰਦੇ ਹਨ। ਇਸ ਕਿਹਾ ਕਿ ਤੁਹਾਨੂੰ ਮੋਦੀ ਤੋਂ ਰਾਸ਼ਟਰਪਤੀ ਨੂੰ ਫੋਨ ਕਰਵਾਉਣਾ ਪਵੇਗਾ। ਉਹ (ਭਾਰਤ) ਅਜਿਹਾ ਕਰਨ ਵਿੱਚ ਅਸਹਿਜ ਸਨ, ਇਸ ਲਈ ਮੋਦੀ ਨੇ ਫੋਨ ਨਹੀਂ ਕੀਤਾ।"

ਲੁਟਨਿਕ ਨੇ ਕਿਹਾ ਕਿ ਉਸ ਸ਼ੁੱਕਰਵਾਰ ਤੋਂ ਬਾਅਦ, ਅਮਰੀਕਾ ਨੇ ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਵੀਅਤਨਾਮ ਨਾਲ ਵਪਾਰਕ ਸਮਝੌਤਿਆਂ ਦਾ ਐਲਾਨ ਕਰ ਦਿੱਤਾ। ਲੁਟਨਿਕ ਦੀਆਂ ਇਹ ਟਿੱਪਣੀਆਂ ਟਰੰਪ ਦੇ ਉਸ ਬਿਆਨ ਤੋਂ ਕੁਝ ਦਿਨਾਂ ਬਾਅਦ ਆਈਆਂ ਹਨ ਜਿਸ ਵਿੱਚ ਉਨ੍ਹਾ ਕਿਹਾ ਸੀ ਕਿ ਮੋਦੀ ਜਾਣਦੇ ਸਨ ਕਿ ਉਹ ਰੂਸੀ ਤੇਲ ਦੀ ਭਾਰਤ ਦੀ ਖਰੀਦ ਤੋਂ ਨਾਖੁਸ਼ ਸਨ ਅਤੇ ਵਾਸ਼ਿੰਗਟਨ ਭਾਰਤ 'ਤੇ ਬਹੁਤ ਜਲਦੀ ਟੈਰਿਫ ਵਧਾ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਇਹ ਧਮਕੀ ਅਜਿਹੇ ਸਮੇਂ ਆਈ ਜਦੋਂ ਦੋਵੇਂ ਦੇਸ਼ ਦੁਵੱਲੇ ਵਪਾਰਕ ਸਮਝੌਤੇ ਲਈ ਗੱਲਬਾਤ ਕਰ ਰਹੇ ਸਨ।

### ਨਾ ਛੁਡਾਉਂਦਾ ਤਾਂ...

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਟਰੰਪ ਨੇ ਫਿਰ ਦਾਅਵਾ ਕੀਤਾ ਹੈ ਕਿ ਜੇ ਨਾ ਛੁਡਾਉਂਦਾ ਤਾਂ ਪ੍ਰਮਾਣੂ ਹਥਿਆਰਾਂ ਵਾਲੇ ਭਾਰਤ ਤੇ ਪਾਕਿਸਤਾਨ ਦਾ ਟਕਰਾਅ ਵੱਡੇ ਪੱਧਰ ਦੀ ਲੜਾਈ ਵਿੱਚ ਬਦਲ ਜਾਣਾ ਸੀ। ਫੌਕਸ ਨਿਊਜ਼ ਦੇ ਸੀਨ ਹੈਨਿਟੀ ਨੂੰ ਦਿੱਤੀ ਇੰਟਰਵਿਊ ਵਿੱਚ ਟਰੰਪ ਨੇ ਇਹ ਵੀ ਕਿਹਾ ਕਿ ਚਾਰ ਦਿਨ ਚੱਲੀ ਵਿੱਚ ਲੜਾਈ ਵਿੱਚ 8 ਜਹਾਜ਼ ਡੇਗੇ ਗਏ ਸਨ। ਭਾਰਤ ਸ਼ੁਰੂ ਤੋਂ ਕਹਿ ਰਿਹਾ ਹੈ ਕਿ ਉਸ ਨੇ ਪਾਕਿਸਤਾਨ ਦੇ 6 ਜਹਾਜ਼ ਡੇਗੇ ਤੇ ਉਸ ਨੇ ਕੋਈ ਜਹਾਜ਼ ਨਹੀਂ ਗੁਆਇਆ।

## ਤੇਲ ਦੇ ਟੈਂਕਰ 'ਚ ਪੰਜਾਬ ਦੀ ਸ਼ਰਾਬ

**ਅਬੋਹਰ** : ਰਾਜਸਥਾਨ ਪੁਲਸ ਵੱਲੋਂ ਇੱਕ ਤੇਲ ਦੇ ਟੈਂਕਰ ਵਿੱਚੋਂ ਕਰੀਬ 40 ਲੱਖ ਰੁਪਏ ਦੀ ਸ਼ਰਾਬ ਜ਼ਬਤ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਟੇਟ ਹਾਈਵੇ 'ਤੇ ਅਬੋਹਰ-ਸਾਦੁਲਸ਼ਹਿਰ ਬੈਰੀਅਰ ਪਾਰ ਕਰਨ ਦੇ ਕੁਝ ਮਿੰਟਾਂ ਬਾਅਦ ਹੀ ਪੁਲਸ ਨੇ ਇੱਕ ਤੇਲ ਟੈਂਕਰ ਨੂੰ ਰੋਕ ਕੇ ਚੈੱਕ ਕੀਤਾ ਅਤੇ ਤਲਾਸ਼ੀ ਦੌਰਾਨ 40 ਲੱਖ ਰੁਪਏ ਦੀ ਸ਼ਰਾਬ ਤੇ ਬੀਅਰ ਬਰਾਮਦ ਹੋਈ। ਇਹ ਵਾਹਨ ਪੰਜਾਬ ਪੁਲਸ ਅਤੇ ਟੈਕਸ ਵਿਭਾਗ ਦੀਆਂ ਅੰਤਰਰਾਜੀ ਚੌਕੀਆਂ ਤੋਂ ਬਿਨਾਂ ਕਿਸੇ ਚੈਕਿੰਗ ਦੇ ਲੰਘ ਗਿਆ ਸੀ।

ਬੀਕਾਨੇਰ ਰੇਂਜ ਦੇ ਇੰਸਪੈਕਟਰ ਜਨਰਲ ਆਫ਼ ਪੁਲਸ ਹੇਮੰਤ ਸ਼ਰਮਾ ਨੇ ਦੱਸਿਆ ਕਿ ਇਹ ਕਾਰਵਾਈ ਸਪੈਸ਼ਲ ਟੀਮ ਦੇ ਇੰਚਾਰਜ ਇੰਸਪੈਕਟਰ ਸੰਦੀਪ ਪੂਨੀਆ ਅਤੇ ਸਾਦੁਲਸ਼ਹਿਰ ਥਾਣੇ ਦੇ ਸਬ-ਇੰਸਪੈਕਟਰ ਸ਼ੰਭੂ ਸਿੰਘ ਦੀ ਅਗਵਾਈ ਵਾਲੀ ਸਾਂਝੀ ਟੀਮ ਵੱਲੋਂ ਕੀਤੀ ਗਈ। ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਕਿ ਅਬੋਹਰ ਤੋਂ ਰਾਜਸਥਾਨ ਰਾਹੀਂ ਗੁਜਰਾਤ ਨੂੰ ਨਾਜਾਇਜ਼ ਸ਼ਰਾਬ ਦੀ ਵੱਡੀ ਖੇਪ ਲਿਜਾਈ ਜਾ ਰਹੀ ਹੈ, ਟੀਮ ਨੇ ਪੰਜਾਬ-ਰਾਜਸਥਾਨ ਸਰਹੱਦ 'ਤੇ ਨਿਗਰਾਨੀ ਵਧਾ ਦਿੱਤੀ ਸੀ। ਜਿਵੇਂ ਹੀ ਅਬੋਹਰ ਤੋਂ ਚੱਲਿਆ ਟੈਂਕਰ ਅਮਰਗੜ੍ਹ ਪਿੰਡ ਨੇੜੇ ਪਹੁੰਚਿਆ, ਟੀਮ ਨੇ ਇਸ ਨੂੰ ਰੋਕ ਲਿਆ। ਡੀਜ਼ਲ ਦੀ ਬਜਾਏ ਟੈਂਕਰ ਲਾਗੀ ਵਿੱਚ ਸ਼ਰਾਬ ਪਾਈ ਗਈ ਸੀ। ਬਰਾਮਦ ਕੀਤੀ ਖੇਪ ਵਿੱਚ ਰਾਇਲ ਸਟੈਗ ਬ੍ਰਾਂਡ ਦੀ ਅੰਗਰੇਜ਼ੀ ਸ਼ਰਾਬ ਦੀਆਂ 252 ਪੇਟੀਆਂ ਅਤੇ ਬੀਅਰ ਦੇ ਕੈਨਾਂ ਦੀਆਂ 70 ਪੇਟੀਆਂ ਸ਼ਾਮਲ ਹਨ। ਜ਼ਬਤ ਕੀਤੀ ਸ਼ਰਾਬ ਦੀ ਅੰਦਾਜ਼ਨ ਬਾਜ਼ਾਰੀ ਕੀਮਤ ਲਗਭਗ 40 ਲੱਖ ਰੁਪਏ ਹੈ। ਪੁਲਸ ਨੇ ਡਰਾਈਵਰ ਸੁਰੇਸ਼ ਮੇਘਵਾਲ (26), ਵਾਸੀ ਰਾਮਸਰੀਆ (ਬਾੜਮੇਰ) ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਵਿਰੁੱਧ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਸਮੱਗਲਰਾਂ ਨੇ ਵੀਰਵਾਰ ਰਾਤ ਅਬੋਹਰ ਨੇੜੇ ਲਾਗੀ ਸੁਰੇਸ਼ ਦੇ ਹਵਾਲੇ ਕੀਤੀ ਸੀ। ਯੋਜਨਾ ਅਨੁਸਾਰ ਸ਼ਰਾਬ ਨੂੰ ਭਾਰਤ ਮਾਲਾ ਰੋਡ ਅਤੇ ਐੱਕਸਪ੍ਰੈੱਸਵੇ ਰਾਹੀਂ ਗੁਜਰਾਤ ਲਿਜਾਇਆ ਜਾਣਾ ਸੀ।

### ਸਿਰਮੌਰ 'ਚ ਬੱਸ ਹਾਦਸਾ; 9 ਮੌਤਾਂ



**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿੱਚ ਇੱਕ ਨਿੱਜੀ ਬੱਸ ਸੜਕ ਤੋਂ ਖੱਡ ਵਿੱਚ ਡਿੱਗਣ ਕਾਰਨ 8 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 40 ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਹਰੀਪੁਰਧਰ ਖੇਤਰ ਵਿੱਚ ਉਦੋਂ ਹੋਇਆ, ਜਦੋਂ ਸੋਲਨ ਤੋਂ ਆ ਰਹੀ ਬੱਸ 500 ਫੁੱਟ ਹੇਠਾਂ ਖਾਈ ਵਿਚ ਡਿੱਗ ਗਈ।

### ਮਮਤਾ ਵੱਲੋਂ ਈ ਡੀ ਖ਼ਿਲਾਫ਼ ਐੱਫ ਆਈ ਆਰ ਦਰਜ

**ਕੋਲਕਾਤਾ** : ਪੱਛਮੀ ਬੰਗਾਲ ਵਿਚ ਟੀ ਐੱਮ ਸੀ ਦੇ ਆਈ ਟੀ ਸੈੱਲ ਦੇ ਮੁਖੀ ਦੇ ਘਰ ਤੇ ਦਫਤਰ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ ਈ ਡੀ ਵੱਲੋਂ ਛਾਪੇ ਮਾਰਨ ਦੇ ਮਾਮਲੇ ਵਿਚ ਟੀ ਐੱਮ ਸੀ ਵਲੋਂ ਦਿੱਲੀ ਤੋਂ ਪੱਛਮੀ ਬੰਗਾਲ ਤੱਕ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਮਾਮਲੇ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਈ ਡੀ 'ਤੇ ਦੋ ਐਫ ਆਈ ਆਰ ਦਰਜ ਕਰਵਾ ਦਿੱਤੀਆਂ ਹਨ। ਦੂਜੇ ਪਾਸੇ ਕਲਕੱਤਾ ਹਾਈ ਕੋਰਟ ਵਿਚ ਸ਼ੁੱਕਰਵਾਰ ਵੱਡੀ ਗਿਣਤੀ ਟੀ ਐੱਮ ਸੀ ਦੇ ਸਮਰਥਕ ਜੁਟੇ ਤੇ ਹੰਗਾਮੇ ਕਾਰਨ ਈ ਡੀ ਦੀ ਪਟੀਸ਼ਨ 'ਤੇ ਅੱਜ ਸੁਣਵਾਈ ਟਾਲ ਦਿੱਤੀ ਗਈ। ਇਸ ਮਾਮਲੇ ਵਿਚ ਈ ਡੀ ਨੇ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਮਮਤਾ ਬੈਨਰਜੀ ਨੇ ਛਾਪਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ, ਜਿਸ ਕਾਰਨ ਮਮਤਾ ਖ਼ਿਲਾਫ਼ ਐੱਫ ਆਈ ਆਰ ਦਰਜ ਹੋਣੀ ਚਾਹੀਦੀ ਹੈ।

### ਬਾਰਾਮੂਲਾ 'ਚ ਗਸ਼ਤ ਦੌਰਾਨ ਜਵਾਨ ਦੀ ਮੌਤ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਗਸ਼ਤ ਦੌਰਾਨ ਉਚਾਈ ਤੋਂ ਤਿਲਕਣ ਕਾਰਨ ਫੌਜ ਦੇ ਇੱਕ ਜਵਾਨ ਦੀ ਮੌਤ ਹੋ ਗਈ। ਅਧਿਕਾਰੀਆਂ ਸ਼ੁੱਕਰਵਾਰ ਦੱਸਿਆ ਕਿ ਹਰਿਆਣਾ ਦੇ ਅਕਬਰਪੁਰ ਇਲਾਕੇ ਦੇ ਰਹਿਣ ਵਾਲੇ ਸੂਬੇਦਾਰ ਹੀਰਾ ਲਾਲ ਉਤਰੀ ਕਸ਼ਮੀਰ ਜ਼ਿਲ੍ਹੇ ਦੇ ਫਤਿਹਗੜ੍ਹ ਸ਼ੀਰੀ ਇਲਾਕੇ ਵਿੱਚ ਰਾਤ ਦੀ ਗਸ਼ਤ ਦੌਰਾਨ ਤਿਲਕ ਗਏ। ਜਵਾਨ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਸਰਕਾਰੀ ਮੈਡੀਕਲ ਕਾਲਜ ਬਾਰਾਮੂਲਾ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਅਰਵਿੰਦ ਸੁਬਰਾਮਣੀਅਨ ਨੇ ਸਰਕਾਰੀ ਦਾਅਵੇ ਦੀ ਫੂਕ ਕੱਢੀ

**ਨਵੀਂ ਦਿੱਲੀ** : ਸਾਬਕਾ ਮੁੱਖ ਆਰਥਕ ਸਲਾਹਕਾਰ ਅਰਵਿੰਦ ਸੁਬਰਾਮਣੀਅਨ ਨੇ ਕਿਹਾ ਕਿ ਜਿਸ 7.4 ਫੀਸਦੀ ਵਿਕਾਸ ਦਰ ਦਾ ਸਰਕਾਰ ਦਾਅਵਾ ਕਰ ਰਹੀ ਹੈ, ਉਸਨੂੰ ਬਹੁਤ ਹੀ ਸਾਵਧਾਨੀ ਨਾਲ ਪੜ੍ਹਨ ਦੀ ਲੋੜ ਹੈ। ਅਮਰੀਕਾ ਦੇ ਉੱਚੇ ਟੈਰਿਫ ਤੇ ਚੀਨ ਤੋਂ ਵਧਦੇ ਸਸਤੇ ਮਾਲ ਦੀ ਡੰਪਿੰਗ ਦਾ ਦਬਾਅ ਆਉਣ ਵਾਲੇ ਮਹੀਨਿਆਂ ਵਿੱਚ ਭਾਰਤ ਦੀ ਆਰਥਕ ਹਾਲਤ ਨੂੰ ਕਮਜ਼ੋਰ ਕਰ ਸਕਦਾ ਹੈ। ਹਾਈ-ਫ੍ਰੀਕੁਐਂਸੀ ਡਾਟਾ ਵੀ ਮਜ਼ਬੂਤ ਰਿਕਵਰੀ ਦੀ ਕਹਾਣੀ ਨਹੀਂ ਦੱਸ ਰਿਹਾ। ਕੇਂਦਰੀ ਅੰਕੜਾ ਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲੇ ਵੱਲੋਂ ਬੁੱਧਵਾਰ ਜਾਰੀ ਪਹਿਲੇ ਅਡਵਾਂਸ ਅੰਕੜਿਆ ਵਿੱਚ ਕਿਹਾ ਗਿਆ ਹੈ ਕਿ 2025-26 ਵਿੱਚ ਜੀ ਡੀ ਪੀ 7.4 ਫੀਸਦੀ ਦੀ ਦਰ ਨਾਲ ਵਧੇਗੀ। ਇਹ ਅੰਕੜਾ ਭਾਰਤੀ ਰਿਜ਼ਰਵ ਬੈਂਕ ਦੇ 7.3 ਫੀਸਦੀ ਨਾਲੋਂ ਉੱਚਾ ਹੈ। ਸਰਕਾਰ ਨੇ ਖੁਦ ਪਹਿਲਾਂ 6.3-6.8 ਫੀਸਦੀ ਦਾ ਅੰਦਾਜ਼ਾ ਲਾਇਆ ਸੀ। ਤਾਜ਼ਾ ਅੰਕੜੇ 'ਤੇ ਭਾਜਪਾ ਮੋਦੀ ਸਰਕਾਰ ਦੀ ਬੱਲੇ-ਬੱਲੇ ਕਰ ਰਹੇ ਹਨ। 2014 ਤੋਂ 2018 ਤੱਕ ਮੋਦੀ ਸਰਕਾਰ ਦੇ ਮੁੱਖ ਆਰਥਕ ਸਲਾਹਕਾਰ ਰਹੇ ਸੁਬਰਾਮਣੀਅਨ ਨੇ ਕਿਹਾ ਕਿ ਇਹ ਅੰਕੜਾ ਘੱਟ ਡਿਫਲੈਕਟਰ ਕਾਰਨ ਵਧੇਰੇ ਮਜ਼ਬੂਤ ਦਿਖ ਸਕਦਾ ਹੈ। ਡਿਫਲੇਟਰ ਉਹ ਮਾਪ ਹੈ, ਜਿਹੜਾ ਜੀ ਡੀ ਪੀ (ਕੁਲ ਘਰੇਲੂ ਪੈਦਾਵਾਰ) ਤੋਂ ਮਹਿੰਗਾਈ ਕੱਢ ਕੇ ਅਸਲੀ ਵਿਕਾਸ ਨੂੰ ਦੱਸਦਾ ਹੈ। ਸੁਬਰਾਮਣੀਅਨ ਨੇ ਸਵਾਲ ਕੀਤਾ ਹੈ ਕਿ ਡਿਫਲੇਟਰ ਅਸਾਧਾਰਨ ਰੂਪ ਵਿੱਚ ਹੇਠਾਂ ਹੈ, ਤਾਂ ਕੀ ਜੀ ਡੀ ਪੀ ਅੰਕੜਾ ਸਹੀ ਮੰਨਿਆ ਜਾ ਸਕਦਾ



ਹੈ? ਸੁਬਰਾਮਣੀਅਨ ਮੁਤਾਬਕ ਕਈ ਹਾਈ-ਫ੍ਰੀਕੁਐਂਸੀ ਇੰਡੀਕੇਟਰ—ਜਿਵੇਂ ਕਿ ਨਾਮੀਨਲ ਗਰੋਥ, ਕਾਰਪੋਰੇਟ ਸੇਲਜ਼, ਢੋਆ-ਢੁਆਈ, ਖਪਤਕਾਰਾਂ ਵੱਲੋਂ ਖਰਚ—ਇਹ ਨਹੀਂ ਦਿਖਾ ਰਹੇ ਹਨ ਕਿ ਅਰਥਚਾਰਾ ਤੇਜ਼ੀ ਫੜ ਰਿਹਾ ਹੈ। ਉਨ੍ਹਾ ਕਿਹਾ ਹੈ ਕਿ ਡਾਇਰੈਕਸ਼ਨਲੀ ਵੀ ਰਿਕਵਰੀ ਸਾਫ ਨਹੀਂ ਦਿਸਦੀ। ਉਨ੍ਹਾ ਕਿਹਾ ਕਿ ਸਭ ਤੋਂ ਵੱਡਾ ਖਤਰਾ ਅਮਰੀਕੀ ਟੈਰਿਫ ਨਾਲ ਜੁੜਿਆ ਹੈ। ਰਾਸ਼ਟਰਪਤੀ ਟਰੰਪ ਵੱਲੋਂ ਭਾਰਤੀ ਸਮਾਨ 'ਤੇ 50 ਫੀਸਦੀ ਤਕ ਦੇ ਪੈਨਲਟੀ ਟੈਰਿਫ ਨੇ ਖਤਰਾ ਵਧਾ ਦਿੱਤਾ ਹੈ। ਅਮਰੀਕਾ ਨਾਲ ਵਪਾਰ ਸਮਝੌਤੇ ਦੀ ਸੰਭਾਵਨਾ ਬੇਹੱਦ ਘੱਟ ਹੈ ਅਤੇ ਟੈਰਿਫ ਹੋਰ ਵੀ ਵੱਧ ਸਕਦੇ ਹਨ। ਇਸਦਾ ਮਤਲਬ ਹੈ ਕਿ ਭਾਰਤੀ ਬਰਾਮਦਕਾਰਾਂ ਲਈ ਅਮਰੀਕਾ ਦਾ ਬਾਜ਼ਾਰ ਹੁਣ ਹੋਰ ਮਹਿੰਗਾ ਤੇ ਮੁਸ਼ਕਲ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਚੀਨ ਆਪਣੇ ਮੰਦੇ ਵਿੱਚੋਂ ਨਿਕਲਣ ਲਈ ਸਸਤਾ ਸਮਾਨ ਦੁਨੀਆ ਭਰ ਵਿੱਚ ਧੜਾਧੜ ਭੇਜ ਰਿਹਾ ਹੈ। ਇਹ 'ਚੀਨੀ ਮਰਕੈਂਟਿਲਿਜ਼ਮ' ਹੈ, ਯਾਨੀ ਪਹਿਲਾਂ ਵਰਗਾ ਹੀ ਹਮਲਾਵਰ ਬਰਾਮਦੀ ਮਾਡਲ। ਇਸ ਦਾ ਸਿੱਧਾ ਅਸਰ ਭਾਰਤ ਦੀਆਂ ਕੰਪਨੀਆਂ ਤੇ ਫੈਕਟਰੀਆਂ ਉੱਤੇ ਪਵੇਗਾ, ਕਿਉਂਕਿ ਸਸਤਾ ਚੀਨੀ ਸਮਾਨ ਭਾਰਤੀ ਬਾਜ਼ਾਰ ਵਿੱਚ ਥਾਂ ਘੇਰ ਲੈਂਦਾ ਹੈ ਅਤੇ ਘਰੇਲੂ ਮੈਨੂੰਫੈਕਚਰਿੰਗ ਦਾ ਲੱਕ ਤੋੜ ਦਿੰਦਾ ਹੈ।

ਉਨ੍ਹਾ ਸਰਕਾਰ ਦੀ ਮਾਲੀ ਪੁਜ਼ੀਸ਼ਨ 'ਤੇ ਵੀ ਚਿੰਤਾ ਜਤਾਈ ਹੈ। ਉਨ੍ਹਾ ਦਾ ਕਹਿਣਾ ਹੈ ਕਿ ਭਾਰਤ ਦੀ ਮੈਕਰੋ ਸਥਿਤੀ ਭਲੇ ਹੀ ਮਜ਼ਬੂਤ ਦਿਸਦੀ ਹੋਵੇ ਪਰ ਜੀ ਐੱਸ ਟੀ

• ਬਾਕੀ ਸਫਾ 10 'ਤੇ

## ਸੁਖਜਿੰਦਰ ਰੰਧਾਵਾ ਦਾ 'ਪੰਜਾਬ ਕਾਂਗਰਸ ਇੱਕ' ਦਾ ਦਾਅਵਾ ਖੋਖਲਾ : ਧਾਲੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਦੇ ਬਿਆਨਾਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਕਾਂਗਰਸ ਵਿੱਚ 'ਏਕਤਾ' ਦੀਆਂ ਗੱਲਾਂ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਨ, ਜਦਕਿ ਸੱਚਾਈ ਇਹ ਹੈ ਕਿ ਪੂਰੀ ਪੰਜਾਬ ਕਾਂਗਰਸ ਗੁੱਟਬੰਦੀ ਅਤੇ ਆਪਸੀ ਕਲੇਸ਼ ਕਾਰਨ ਧੜਿਆਂ ਵਿੱਚ ਵੰਡੀ ਹੋਈ ਹੈ।ਸ਼ੁੱਕਰਵਾਰ ਇਕ ਬਿਆਨ ਜਾਰੀ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਰੰਧਾਵਾ ਜੀ ਬੜੇ ਮਾਣ ਨਾਲ ਕਹਿ ਰਹੇ ਹਨ ਕਿ ਪੰਜਾਬ ਕਾਂਗਰਸ ਵਿੱਚ ਕੋਈ ਫੁੱਟ ਨਹੀਂ ਹੈ ਅਤੇ ਰਾਹੁਲ ਗਾਂਧੀ ਜਾਂ ਇੰਚਾਰਜ ਭੁਪੇਸ਼ ਬਘੇਲ, ਜਿਸ ਨੂੰ ਵੀ ਸੀ ਐੱਮ ਦਾ ਚਿਹਰਾ ਚੁਣਨਗੇ, ਸਾਨੂੰ ਸਵੀਕਾਰ ਹੋਵੇਗਾ, ਪਰ ਕੁਝ ਦਿਨ ਪਹਿਲਾਂ ਇੱਕ ਟੀ ਵੀ ਇੰਟਰਵਿਊ ਵਿੱਚ ਇਹੀ ਰੰਧਾਵਾ ਜੀ ਕਹਿ ਰਹੇ ਸਨ ਕਿ ਉਹ ਸੂਬਾ ਪ੍ਰਧਾਨ ਵੀ ਬਣਨਾ ਚਾਹੁੰਦੇ ਹਨ ਅਤੇ ਮੁੱਖ ਮੰਤਰੀ ਵੀ। ਉਨ੍ਹਾਂ ਕਿਹਾ ਕਿ ਜਿਹੜਾ ਆਗੂ ਖੁਦ ਆਪਣੀਆਂ ਇਛਾਵਾਂ ਨੂੰ ਨਹੀਂ ਦਬਾਅ ਪਾ ਰਿਹਾ, ਉਹ ਏਕਤਾ ਦੀ ਗੱਲ ਕਿਸ ਮੂੰਹ

• ਬਾਕੀ ਸਫਾ 10 'ਤੇ

### ਲਾਲੂ ਯਾਦਵ ਤੇ ਹੋਰਨਾਂ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਹੁਕਮ

**ਨਵੀਂ ਦਿੱਲੀ** : ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਕਥਿਤ ਨੌਕਰੀ ਬਦਲੇ ਜ਼ਮੀਨ ਘੁਟਾਲੇ ਦੇ ਮਾਮਲੇ ਵਿੱਚ ਆਰ ਜੇ ਡੀ ਮੁਖੀ ਅਤੇ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ, ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਹੋਰਨਾਂ ਖ਼ਿਲਾਫ਼ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ ਹਨ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕਿਹਾ ਕਿ ਯਾਦਵ ਨੇ ਰੇਲ ਮੰਤਰਾਲੇ ਨੂੰ ਆਪਣੀ ਨਿੱਜੀ ਜਗੀਰ ਵਜੋਂ ਵਰਤਿਆ, ਜਿੱਥੇ ਰੇਲਵੇ ਅਧਿਕਾਰੀਆਂ ਅਤੇ ਆਪਣੇ ਕਰੀਬੀ ਸਹਿਯੋਗੀਆਂ ਦੀ ਮਿਲੀਭੁਗਤ ਨਾਲ ਯਾਦਵ ਪਰਵਾਰ ਵੱਲੋਂ ਜ਼ਮੀਨ ਦੇ ਟੁਕੜੇ ਹਾਸਲ ਕਰਨ ਲਈ ਜਨਤਕ ਰੁਜ਼ਗਾਰ ਨੂੰ ਸੌਦੇਬਾਜ਼ੀ ਵਜੋਂ ਵਰਤਿਆ ਗਿਆ ਸੀ। ਅਦਾਲਤ ਨੇ ਇਸ ਮਾਮਲੇ ਵਿੱਚ 41 ਵਿਅਕਤੀਆਂ ਵਿਰੁੱਧ ਦੋਸ਼ ਤੈਅ ਕੀਤੇ ਹਨ ਅਤੇ ਰੇਲਵੇ ਅਧਿਕਾਰੀਆਂ ਸਮੇਤ 52 ਨੂੰ ਦੋਸ਼ਮੁਕਤ ਕਰ ਦਿੱਤਾ ਹੈ।

## ਬਲਕਰਨ ਸਿੰਘ ਬਰਾੜ ਮੁੜ ਜ਼ਿਲ੍ਹਾ ਸਕੱਤਰ ਚੁਣੇ ਗਏ

### ਬੰਤ ਬਰਾੜ ਵੱਲੋਂ ਸਾਮਰਾਜ ਖਿਲਾਫ ਲੜਾਈ ਤੇਜ਼ ਕਰਨ ਦਾ ਸੱਦਾ, ਮਨਰੇਗਾ ਦੀ ਬਹਾਲੀ ਤੱਕ ਸੰਘਰਸ਼ ਕੀਤਾ ਜਾਵੇਗਾ : ਅਰਸ਼ੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**



ਭਾਰਤੀ ਕਮਿਊਨਿਸਟ ਪਾਰਟੀ ਦਾ ਜ਼ਿਲ੍ਹਾ ਬਠਿੰਡਾ ਦਾ ਡੈਲੀਗੇਟ ਸਮਾਗਮ ਰਣਜੀਤ ਸਿੰਘ ਮਹਿਰਾਜ, ਗੁਰਮੀਤ ਕੌਰ ਬੁਰਜ ਅਤੇ ਗੁਰਜੰਟ ਸਿੰਘ ਕੋਟਸ਼ਮੀਰ ਦੇ ਪ੍ਰਧਾਨਗੀ ਮੰਡਲ ਹੇਠ ਗੋਨਿਆਣਾ ਮੰਡੀ ਦੀ ਪੰਚਾਇਤੀ ਧਰਮਸ਼ਾਲਾ ਵਿੱਚ ਹੋਇਆ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਨਵੇਂ ਸਾਲ ਦੇ ਆਰੰਭ ਵਿੱਚ ਹੰਕਾਰੇ ਡੋਨਾਲਡ ਟਰੰਪ ਦੇ ਅਮਰੀਕੀ ਸਾਮਰਾਜ ਵੱਲੋਂ ਪ੍ਰਭੂਸੱਤਾ ਸੰਪੰਨ ਦੇਸ਼ ਵੈਨੇਜ਼ੁਏਲਾ 'ਤੇ ਹਮਲੇ ਅਤੇ ਉਥੋਂ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਤੇ ਉਹਨਾ ਦੀ ਪਤਨੀ ਨੂੰ ਅਗਵਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਕਿ ਅਮਰੀਕੀ ਸਾਮਰਾਜ ਵੈਨੇਜ਼ੁਏਲਾ ਦੇ ਤੇਲ ਸਮੇਤ ਕੁਦਰਤੀ ਸਰੋਤਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਉਹਨਾ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਦੇ ਹੋਏ ਸਮੂਹ ਸਾਮਰਾਜ ਵਿਰੋਧੀ ਸ਼ਕਤੀਆਂ ਨੂੰ ਅਪੀਲ ਕੀਤੀ ਕਿ ਉਹ ਅਮਰੀਕੀ ਸਾਮਰਾਜ ਦੀਆਂ ਧਾੜਵੀ ਕਾਰਵਾਈਆਂ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕਰਨ। ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਮੋਦੀ ਸਰਕਾਰ ਵੱਲੋਂ ਮਨਰੇਗਾ ਨੂੰ ਪੂਰੀ ਤਰ੍ਹਾਂ ਖਤਮ

• ਬਾਕੀ ਸਫਾ 10 'ਤੇ

### ਪੰਜਾਬ 'ਚ ਪਾਰਾ 5 ਡਿਗਰੀ ਤੋਂ ਹੇਠਾਂ

**ਚੰਡੀਗੜ੍ਹ** : ਮੌਸਮ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਸ਼ੁੱਕਰਵਾਰ ਹਰਿਆਣਾ ਅਤੇ ਪੰਜਾਬ ਦੇ ਕਈ ਹਿੱਸਿਆਂ ਵਿੱਚ ਤਾਪਮਾਨ 5 ਡਿਗਰੀ ਸੈਲਸੀਅਸ ਤੋਂ ਹੇਠਾਂ ਡਿੱਗ ਗਿਆ। ਹਰਿਆਣਾ ਵਿੱਚ ਸਿਰਸਾ ਸਭ ਤੋਂ ਠੰਢਾ ਸਥਾਨ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਵਿਭਾਗ ਅਨੁਸਾਰ ਨਾਰਨੌਲ ਵੀ ਭਾਰੀ ਠੰਢ ਦੀ ਲਪੇਟ ਵਿੱਚ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 4.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ ਕਰਨਾਲ ਵਿੱਚ ਘੱਟੋ-ਘੱਟ ਤਾਪਮਾਨ 5.8 ਡਿਗਰੀ, ਭਿਵਾਨੀ ਵਿੱਚ 5 ਡਿਗਰੀ, ਹਿਸਾਰ ਵਿੱਚ 5.1 ਡਿਗਰੀ ਅਤੇ ਰੋਹਤਕ ਵਿੱਚ 6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਬਾਲਾ ਵਿੱਚ ਘੱਟੋ-ਘੱਟ ਤਾਪਮਾਨ 6.4 ਡਿਗਰੀ ਅਤੇ ਫਰੀਦਾਬਾਦ ਵਿੱਚ 6.8 ਡਿਗਰੀ ਸੈਲਸੀਅਸ ਰਿਹਾ। ਪੰਜਾਬ ਵਿੱਚ ਬਠਿੰਡਾ ਸਭ ਤੋਂ ਠੰਢਾ ਰਿਹਾ, ਜਿੱਥੇ ਪਾਰਾ 4.4 ਡਿਗਰੀ ਸੈਲਸੀਅਸ 'ਤੇ ਆ ਗਿਆ। ਗੁਰਦਾਸਪੁਰ ਵਿੱਚ ਘੱਟੋ-ਘੱਟ ਤਾਪਮਾਨ 4.8 ਡਿਗਰੀ, ਅੰਮ੍ਰਿਤਸਰ ਵਿੱਚ 6.3 ਡਿਗਰੀ, ਲੁਧਿਆਣਾ ਵਿੱਚ 6.2 ਡਿਗਰੀ ਅਤੇ ਫਰੀਦਕੋਟ ਵਿੱਚ 7.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਪਟਿਆਲਾ ਵਿੱਚ ਘੱਟੋ-ਘੱਟ ਤਾਪਮਾਨ 5.4 ਡਿਗਰੀ ਸੈਲਸੀਅਸ ਰਿਹਾ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 6.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਅੱਜ-ਨਾਮਾ

ਮੁੱਦਾ ਰੋਟੀ ਦਾ ਓਦੋਂ ਨਹੀਂ ਯਾਦ ਰਹਿੰਦਾ,
ਮੱਦ ਜਜ਼ਬਾਤ ਦੀ ਪੈਂਦੀ ਜਦ ਉੱਠ ਬੇਲੀ।
ਮਰਜ਼ੀ ਮੁਤਾਬਕ ਹਨ ਬੋਲਦੇ ਆਪ ਸਾਰੇ,
ਬੋਲਦੇ ਚਾੜ੍ਹ ਫਿਰ ਜ਼ਹਿਰ ਦੀ ਪੁੱਠ ਬੇਲੀ।
ਕਈਆਂ ਕਿਸਮਾਂ ਦੇ ਖਾਤੇ ਨੂੰ ਫੋਲ ਛੱਡਣ,
ਛੱਡਦੇ ਕੋਈ ਨਹੀਂ ਨੁੱਕਰ ਜਾਂ ਗੁੱਠ ਬੇਲੀ।
ਖਿਲਾਰਾ ਪੈਂਦਾ ਤਾਂ ਕਦੇ ਨਹੀਂ ਫੇਰ ਰੁਕਦਾ,
ਜਦੋਂ ਵੀ ਜਾਂਦੀ ਕੋਈ ਖੁੱਲ੍ਹ ਆ ਮੁੱਠ ਬੇਲੀ।
ਬਣਿਆ ਇਹੋ ਜਿਹਾ ਓਥੇ ਕੁਝ ਹਾਲ ਹੁੰਦਾ,
ਹਰ ਕੋਈ ਦੂਜਿਆਂ ਤੋਂ ਵਧਵਾਂ ਬੋਲਦਾ ਈ।
ਸਿਰ ਨੂੰ ਵਰਤਣ ਦਾ ਆਦੀ ਜੇ ਹੋਏ ਬੰਦਾ,
ਰਹਿੰਦਾ ਹਾਲਾਤ ਨੂੰ ਪਰਖਦਾ-ਤੋਲਦਾ ਈ।

-ਤੀਸ ਮਾਰ ਖਾਂ

## ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਦੀ ਨੀਤੀ ਘਾਤਕ : ਧਾਲੀਵਾਲ



**ਪਟਿਆਲਾ** : ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਘਟੀਆ ਨੀਤੀ ਖਿਲਾਫ਼ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਜੁਆਇੰਟ ਫੋਰਮ, ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ) ਅਤੇ ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੱਦੇ 'ਤੇ ਪਾਵਰਕਾਮ ਅਦਾਰੇ ਦੇ ਮੁੱਖ ਗੇਟ 'ਤੇ ਸ਼ੁਰੂ ਕੀਤੀ ਲੜੀਵਾਰ ਭੁੱਖ ਹੜਤਾਲ ਦੇ ਨੌਵੇਂ ਤੇ ਆਖਰੀ ਦਿਨ ਸ਼ੁੱਕਰਵਾਰ 19 ਆਗੂਆਂ ਵੱਲੋਂ ਰੱਖੀ ਭੁੱਖ ਹੜਤਾਲ ਖਤਮ ਕਰਕੇ ਵਿਸ਼ਾਲ ਰੋਸ ਧਰਨਾ ਦੇ ਕੇ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀਆਂ ਅਦਾਰੇ ਨੂੰ ਨਿੱਜੀ ਹੱਥਾਂ ਵਿੱਚ ਦੇਣ ਵਾਲੀਆਂ ਲੋਕ ਵਿਰੋਧੀ ਨੀਤੀਆਂ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ।ਰੋਸ ਪ੍ਰਦਰਸ਼ਨ ਦੀ ਡਟਵੀਂ ਹਮਾਇਤ ਕਰਨ ਉਚੇਚੇ ਤੌਰ 'ਤੇ ਪਹੁੰਚੇ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਬਚਾਉਣ ਅਤੇ ਹੋਰ ਮਜਦੂਰ-ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ਼ ਲੜੇ ਜਾ ਰਹੇ ਸੰਘਰਸ਼ ਲਈ ਟਰੇਡ ਯੂਨੀਅਨ ਲੀਡਰਸ਼ਿਪ ਦੀ ਇਕਜੁੱਟ ਹੋ ਕੇ ਲੋਕ ਮਾਰੂ ਨੀਤੀਆਂ ਖਿਲਾਫ਼ ਸਾਂਝਾ ਸੰਘਰਸ਼ ਕਰਨ ਦੀ ਤਾਰੀਫ ਕਰਦੇ ਹੋਏ ਪੰਜਾਬ ਸਰਕਾਰ ਦੀ ਜਾਇਦਾਦਾਂ ਵੇਚਣ ਦੀ ਲੋਕ ਵਿਰੋਧੀ ਨੀਤੀ ਨੂੰ ਅਦਾਰੇ ਲਈ ਘਾਤਕ ਕਰਾਰ ਦਿੱਤਾ। ਇਸ ਮੌਕੇ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਸਰਬਜੀਤ ਸਿੰਘ ਭਾਣਾ, ਹਰਪਾਲ ਸਿੰਘ, ਰਣਜੀਤ ਸਿੰਘ ਢਿੱਲੋਂ, ਬਲਦੇਵ ਸਿੰਘ ਮੰਡਾਲੀ, ਰਵੇਲ ਸਿੰਘ ਸਹਾਏਪੁਰ, ਦਵਿੰਦਰ ਸਿੰਘ ਪਿਸ਼ੌਰ, ਜਰਨੈਲ ਸਿੰਘ, ਮਨਜੀਤ ਸਿੰਘ ਚਾਹਲ, ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ, ਬੀ ਐੱਸ ਸੇਖੋਂ, ਰਾਜਿੰਦਰ ਸਿੰਘ ਰਾਜਪੁਰਾ , ਤਜਿੰਦਰ ਸਿੰਘ ਸੇਖੋਂ, ਸੁਰਿੰਦਰ ਸਿੰਘ (ਪੀ ਟੀ ਐੱਸ ਆਗੂ) ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਧੱਕੇ ਨਾਲ ਅਦਾਰੇ ਨੂੰ ਖਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰ ਰਹੀ ਹੈ, ਜਿਨ੍ਹਾਂ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਕਿਹਾ ਕਿ ਜੇਕਰ ਕੇਂਦਰ ਦੀ ਮੋਦੀ ਸਰਕਾਰ ਨੇ ਆਉਣ ਵਾਲੇ ਬਜਟ ਸੈਸ਼ਨ ਦੌਰਾਨ ਬਿਜਲੀ ਸੋਧ ਬਿੱਲ 2025 ਪਾਸ ਕਰਨ ਦੀ ਕੋਸ਼ਿਸ਼ ਕੀਤੀ ਸਾਰੇ ਸੰਘਰਸ਼ਸ਼ੀਲ ਲੋਕ ਸਾਂਝੇ ਤੌਰ 'ਤੇ ਤਿੱਖਾ ਵਿਰੋਧ ਕਰਨਗੇ।

ਆਗੂਆਂ ਸਰਕਾਰ ਅਤੇ ਪਾਵਰ ਮੈਨੇਜਮੈਂਟ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਤਾੜਨਾ ਕੀਤੀ ਕੇ ਜੇਕਰ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦਾ ਮੰਦਭਾਗਾ ਫੈਸਲਾ ਵਾਪਸ ਨਾਂ ਲਿਆ ਗਿਆ ਤਾਂ 21 ਜਨਵਰੀ ਦੇ ਰੋਸ ਪ੍ਰਦਰਸ਼ਨ ਤੋਂ ਬਾਅਦ ਹੋਰ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਆਗੂਆਂ ਮੰਗ ਕੀਤੀ ਕਿ ਪੰਜਾਬ

• ਬਾਕੀ ਸਫਾ 10 'ਤੇ

## ਟਰੰਪ ਦੇ ਇਸ਼ਾਰੇ 'ਤੇ ਗੜਬੜ ਫੈਲਾਉਣ ਵਾਲਿਆਂ ਨੂੰ ਤਾੜਨਾ

**ਤਹਿਰਾਨ** : ਈਰਾਨ ਦੇ ਸੁਪਰੀਮ ਆਗੂ ਆਇਤਉਲ੍ਹਾ ਅਲੀ ਖਮੇਨੀ ਨੇ ਪ੍ਰਦਰਸ਼ਨਕਾਰੀਆਂ ਉਪਰ ਦੋਸ਼ ਲਾਇਆ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ਼ਾਰੇ 'ਤੇ ਦੇਸ਼ ਵਿੱਚ ਗੜਬੜ ਫੈਲਾ ਰਹੇ ਹਨ ਤੇ ਜਨਤਿਕ ਜਾਇਦਾਦਾਂ ਉਪਰ ਹਮਲੇ ਕਰ ਰਹੇ ਹਨ। ਉਨ੍ਹਾ ਚਿਤਾਵਨੀ ਦਿੱਤੀ ਹੈ ਕਿ ਤਹਿਰਾਨ ਵਿਦੇਸ਼ੀ ਭਾੜੇ ਦੇ ਟੱਟੂਆਂ ਨੂੰ ਸਹਿਣ ਨਹੀਂ ਕਰੇਗਾ। ਕਿਹਾ ਜਾ ਰਿਹਾ ਹੈ ਕਿ ਵਧ ਰਹੀ ਮਹਿੰਗਾਈ ਕਾਰਨ ਈਰਾਨ ਵਿੱਚ ਹਾਲਾਤ ਕੰਟਰੋਲ ਤੋਂ ਬਾਹਰ ਹੁੰਦੇ ਜਾ ਰਹੇ ਹਨ, ਪਰੰਤੂ ਸੁਪਰੀਮ ਆਗੂ ਖਮੇਨੀ ਦਾ ਦੋਸ਼ ਹੈ ਕਿ ਉਨ੍ਹਾਂ ਦੇ ਵਿਰੋਧੀ ਵਿਦੇਸ਼ੀ ਤਾਕਤਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ। ਸੱਤਾਧਾਰ ਮਰਹੂਮ ਸ਼ਾਹ ਦੇ ਜਲਾਵਤਨ ਪੁੱਤਰ ਰੇਜ਼ਾ ਪਹਿਲਵੀ ਨੇ ਇੱਕ ਸ਼ੋਸਲ ਮੀਡੀਆ ਪੋਸਟ ਵਿੱਚ ਈਰਾਨੀਆਂ ਨੂੰ ਗਲੀਆਂ ਵਿੱਚ ਨਿਕਲ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਵਿਸ਼ਵ ਦੀਆਂ ਨਜ਼ਰਾਂ ਤੁਹਾਡੇ 'ਤੇ ਹਨ। ਇਸੇ ਦੌਰਾਨ ਦੁਬਈ ਅਤੇ ਈਰਾਨ ਦੇ ਕਈ ਸ਼ਹਿਰਾਂ ਦਰਮਿਆਨ ਸ਼ੁੱਕਰਵਾਰ ਨੂੰ ਜਾਣ ਤੇ ਆਉਣ ਵਾਲੀਆਂ ਦਰਜਨਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਫਲਾਈ ਦੁਬਈ ਨੇ ਦੱਸਿਆ ਕਿ ਉਸ ਦੀਆਂ 17 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਵੈੱਬਸਾਈਟ ਵਿਚ ਉਡਾਣਾਂ ਰੱਦ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ, ਪਰ ਵੀਰਵਾਰ ਨੂੰ ਈਰਾਨ ਵਿੱਚ ਦੇਸ਼ ਵਿਆਪੀ ਇੰਟਰਨੈੱਟ ਬਲੈਕਆਊਟ ਕਾਰਨ ਇਹ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਅਧਿਕਾਰੀਆਂ ਨੇ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਈਰਾਨ ਵਿਚ ਆਰਥਕ ਸਮੱਸਿਆਵਾਂ ਨੂੰ ਲੈ ਕੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਦਸੰਬਰ ਦੇ ਅੰਤ ਵਿੱਚ ਸ਼ੁਰੂ ਹੋਏ ਸਨ ਤੇ ਇਹ ਪ੍ਰਦਰਸ਼ਨ ਹੁਣ ਵੀ ਜਾਰੀ ਹਨ।

CMYK

ਨਵਾਂ ਜ਼ਮਾਨਾ
ਸ਼ਨੀਵਾਰ, 10 ਜਨਵਰੀ 2026

# ਗੁਜਰਾਤ ਮਾਡਲ ਦੀ ਹਕੀਕਤ

*ਘਰਾਂ ਨੂੰ ਪਾਣੀ ਦੇ ਕੁਨੈਕਸ਼ਨਾਂ ਬਾਰੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਗੁਜਰਾਤ ਆਪਣੇ ਪਾਣੀ ਸਪਲਾਈ ਨੈੱਟਵਰਕ ਨਾਲ ਪਾਣੀ ਪਹੁੰਚਾਉਣ ਦੀ ਮਾਤਰਾ ਤੇ ਗੁਣਵੱਤਾ, ਦੋਹਾਂ ਮਾਮਲਿਆਂ ਵਿੱਚ ਕੌਮੀ ਔਸਤ ਤੋਂ ਕਾਫੀ ਪਿੱਛੇ ਹੈ। ਇਹ ਖੁਲਾਸਾ ਉਦੋਂ ਹੋਇਆ ਹੈ, ਜਦੋਂ ਰਾਜਧਾਨੀ ਗਾਂਧੀਨਗਰ ਵਿੱਚ ਪੀਣ ਵਾਲਾ ਪਾਣੀ ਕਾਫੀ ਗੰਧਲਾ ਹੋ ਚੁੱਕਾ ਹੈ, ਜਿਸ ਨਾਲ ਕੁਝ ਹਿੱਸਿਆਂ ਵਿੱਚ ਤਾਂ 100 ਤੋਂ ਵੱਧ ਟਾਈਫਾਈਡ ਦੇ ਮਾਮਲੇ ਸਾਹਮਣੇ ਆਏ ਹਨ। ਕੇਂਦਰੀ ਜਲ ਸ਼ਕਤੀ ਮੰਤਰਾਲੇ ਮੁਤਾਬਕ 2024 ਵਿੱਚ ਗੁਜਰਾਤ ਦੇ 50 ਫੀਸਦੀ ਤੋਂ ਵੀ ਘੱਟ ਘਰਾਂ ਨੂੰ ਟੂਟੀਆਂ ਰਾਹੀਂ ਕੁਆਲਿਟੀ ਪਾਣੀ ਮਿਲਿਆ, ਜਦਕਿ ਕੌਮੀ ਔਸਤ 76 ਫੀਸਦੀ ਹੈ। ਰਾਜ ਵਿੱਚ ਸਿਰਫ 58.7 ਫੀਸਦੀ ਘਰਾਂ ਨੂੰ ਪ੍ਰਤੀ ਵਿਅਕਤੀ ਰੋਜ਼ਾਨਾ 55 ਲੀਟਰ ਜਾਂ ਉਸ ਤੋਂ ਵੱਧ ਪਾਣੀ ਮਿਲਿਆ, ਜਿਹੜਾ ਜਲ ਜੀਵਨ ਮਿਸ਼ਨ ਤਹਿਤ ਨਿਰਧਾਰਤ ਟੀਚਾ ਹੈ, ਜਦਕਿ ਕੌਮੀ ਪੱਧਰ 'ਤੇ ਇਹ ਔਸਤ 80.2 ਫੀਸਦੀ ਹੈ। ਇਸ ਦੇ ਇਲਾਵਾ ਗੁਜਰਾਤ ਵਿੱਚ ਸਿਰਫ 47.3 ਫੀਸਦੀ ਵਾਟਰ ਕੁਨੈਕਸ਼ਨ ਹੀ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ, ਜਦਕਿ ਕੌਮੀ ਔਸਤ 76 ਫੀਸਦੀ ਹੈ। ਗਾਂਧੀਨਗਰ ਵਿੱਚ ਸਿਰਫ 31.9 ਫੀਸਦੀ ਤੇ ਅਹਿਮਦਾਬਾਦ ਵਿੱਚ 46.1 ਫੀਸਦੀ ਘਰਾਂ ਨੂੰ ਹੀ ਪੀਣ ਯੋਗ ਪਾਣੀ ਮੁਹੱਈਆ ਹੋ ਸਕਿਆ ਹੈ। ਰਾਜ ਦੇ 33 ਵਿੱਚੋਂ 19 ਜ਼ਿਲ੍ਹਿਆਂ ਵਿੱਚ 50 ਫੀਸਦੀ ਤੋਂ ਵੀ ਘੱਟ ਘਰਾਂ ਨੂੰ ਟੂਟੀਆਂ ਰਾਹੀਂ ਕੁਆਲਿਟੀ ਪਾਣੀ ਮਿਲਿਆ ਹੈ। ਕਾਂਗਰਸ ਦਾ ਕਹਿਣਾ ਹੈ ਕਿ ਬਨਾਸਕਾਂਠਾ ਤੇ ਦਾਹੋਦ ਜ਼ਿਲ੍ਹਿਆਂ ਵਿੱਚ ਤਾਂ ਘਰੇਲੂ ਪੱਧਰ 'ਤੇ ਪੀਣ ਯੋਗ ਪਾਣੀ ਬਿਲਕੁਲ ਹੀ ਮੁਹੱਈਆ ਨਹੀਂ ਹੋਇਆ।*

*ਗੁਜਰਾਤ ਦੇ ਨਾਲ ਪੈਂਦੇ ਮੱਧ ਪ੍ਰਦੇਸ਼ ਦੇ ਦੇਸ਼ ਦੇ ਸਵੱਛਤਮ ਸ਼ਹਿਰ ਇੰਦੌਰ ਵਿੱਚ ਤਾਂ ਦੂਸ਼ਤ ਪਾਣੀ ਨਾਲ ਪਿਛਲੇ ਦਿਨੀਂ 18 ਲੋਕ ਮਾਰੇ ਗਏ ਤੇ ਅਨੇਕਾਂ ਇਲਾਜ ਕਰਵਾ ਰਹੇ ਹਨ। ਗੁਜਰਾਤ ਵਾਂਗ ਮੱਧ ਪ੍ਰਦੇਸ਼ ਵਿੱਚ ਵੀ ਭਾਜਪਾ ਦੀ ਕਈ ਸਾਲ ਤੋਂ ਸਰਕਾਰ ਚੱਲ ਰਹੀ ਹੈ। ਇੰਦੌਰ ਦੇ ਭਾਗੀਰਥਪੁਰਾ ਵਿੱਚ ਨਰਮਦਾ ਨਦੀ ਦੀ ਪਾਈਪ ਲਾਈਨ ਵਿੱਚ ਡਰੇਨੇਜ ਲਾਈਨ ਦਾ ਪਾਣੀ ਮਿਲ ਜਾਣ ਕਾਰਨ ਪਾਣੀ ਦੂਸ਼ਤ ਹੋ ਗਿਆ ਸੀ। ਇਲਾਕੇ ਵਿੱਚ ਲਏ ਗਏ 51 ਨਮੂਨਿਆਂ ਵਿੱਚੋਂ 35 ਵਿੱਚ ਮਲ ਕੋਲੀਫਾਰਮ ਜੀਵਾਣੂ ਦੀ ਮਾਤਰਾ ਪਾਈ ਗਈ। ਇਹ ਮਾਤਰਾ 13 ਤੋਂ 360 ਪ੍ਰਤੀ ਮਿਲੀਮੀਟਰ ਤੱਕ ਸੀ, ਜਦਕਿ ਭਾਰਤੀ ਸਟੈਂਡਰਡ ਮੁਤਾਬਕ ਸੁਰੱਖਿਅਤ ਮੰਨੀ ਜਾਣ ਵਾਲੀ ਗਿਣਤੀ ਜ਼ੀਰੋ ਹੈ। ਇਸ ਤਰ੍ਹਾਂ ਭਾਗੀਰਥਪੁਰਾ ਦੇ ਪਾਣੀ ਵਿੱਚ ਦੂਸ਼ਣ ਪੱਧਰ ਸੁਰੱਖਿਅਤ ਮੰਨੇ ਜਾਣ ਵਾਲੇ ਪੱਧਰ ਨਾਲੋਂ ਕਿਤੇ ਵੱਧ ਹੈ।*

*ਗੁਜਰਾਤ ਉਹ ਰਾਜ ਹੈ, ਜਿਸ ਦੇ ਵਿਕਾਸ ਦੇ ਮਾਡਲ ਦਾ ਪ੍ਰਚਾਰ ਕਰਕੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁੱਜੇ ਅਤੇ ਮੱਧ ਪ੍ਰਦੇਸ਼ ਨੂੰ ਆਰ ਐੱਸ ਐੱਸ ਦੀ ਲੈਬੋਰੇਟਰੀ ਮੰਨਿਆ ਜਾਂਦਾ ਹੈ।*

# ਚਾਇਨਾ ਡੋਰ ਤੋਂ ਤੌਬਾ

ਅੱਜਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜ਼ਿਆਦਾ ਨੁਕਸਾਨਦਾਇਕ ਹੈ। ਕਈ ਦਹਾਕਿਆਂ ਤੋਂ ਪੰਜਾਬ ਤੇ ਗੁਆਂਢੀ ਸੂਬਿਆਂ ਵਿੱਚ ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਚਾਈਨਾ ਡੋਰ ਵਿਕ ਰਹੀ ਹੈ।ਰਾਹਗੀਰਾਂ ਦੇ ਜ਼ਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ। ਚਾਰ ਕੁ ਦਿਨ ਪਹਿਲਾਂ ਕੁਰਾਲੀ ਵਿਖੇ ਸਬਜ਼ੀ ਲੈ ਕੇ ਮੋਟਰਸਾਈਕਲ 'ਤੇ ਜਾ ਰਿਹਾ ਨੌਜਵਾਨ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਿਆ । ਉਸ ਦੀ ਥਾਂ 'ਤੇ ਹੀ ਮੌਤ ਹੋ ਗਈ।ਜਲੰਧਰ ਦੇ ਇੱਕ ਨੌਜਵਾਨ ਦੀ ਪੀ ਜੀ ਆਈ ਵਿੱਚ ਮੌਤ ਹੋਈ ਸੀ। ਅਜਨਾਲਾ ਦੇ 20 ਸਾਲਾ ਨੌਜਵਾਨ ਦੀ ਗਰਦਨ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਕੱਟੀ ਗਈ। ਜ਼ਖ਼ਮੀ ਹਾਲਤ ਵਿੱਚ ਉਹ ਮੋਟਰਸਾਈਕਲ ਤੋਂ ਸੜਕ 'ਤੇ ਡਿੱਗ ਗਿਆ ।ਹਸਪਤਾਲ ਵਿੱਚ ਹੀ ਉਸ ਦੀ ਮੌਤ ਹੋ ਗਈ।ਪਿਛਲੇ ਸਾਲ ਸਮਰਾਲਾ ਦੇ ਚਾਰ ਸਾਲਾ ਬੱਚੇ ਦਾ ਚਿਹਰਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਚੀਰਿਆ ਗਿਆ, ਜਿਸ ਕਾਰਨ ਉਸ ਦੇ 70 ਟਾਂਕੇ ਮੂੰਹ 'ਤੇ ਲੱਗੇ। ਦੂਜੀ ਖਬਰ ਜਗਰਾਉਂ ਵਿਖੇ ਕਿਸੇ ਪਿੰਡ ਦੀ ਹੈ, ਜਿਥੇ ਇਕ ਵਿਅਕਤੀ ਦਾ ਮੂੰਹ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਛਿਲਿਆ ਗਿਆ, ਜਿਸ ਕਾਰਨ 45 ਟਾਂਕੇ ਮੂੰਹ 'ਤੇ ਲੱਗੇ ਤੇ 11 ਟਾਂਕੇ ਹੱਥ 'ਤੇ ਲੱਗੇ। ਬਠਿੰਡਾ ਵਿਖੇ ਇਕ ਬੱਚੇ ਦਾ ਕੰਨ ਚਾਇਨਾ ਡੋਰ ਕਰਕੇ ਕੱਟਿਆ ਗਿਆ । ਐਕਟਿਵਾ ਸਵਾਰ ਮਹਿਲਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਜਾਣ ਕਾਰਨ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਇਹ ਸਿੰਥੈਟਿਕ ਧਾਗਾ ਮਨੁੱਖ ਤੇ ਪੰਛੀਆਂ ਲਈ ਵਧੇਰੇ ਘਾਤਕ ਹੈ।

ਕਈ ਦੱਸਦੇ ਹਨ ਕਿ ਇਹ ਧਾਗਾ ਚੀਨ 'ਚ ਨਹੀਂ, ਭਾਰਤ ਵਿੱਚ ਹੀ ਵੱਡੀ ਮਾਤਰਾ ਵਿੱਚ ਵਿਕਦਾ ਹੈ। ਇਹ ਪਲਾਸਟਿਕ ਤੇ ਹੋਰ ਕੈਮੀਕਲ ਪਦਾਰਥਾਂ ਤੋਂ ਤਿਆਰ ਕੀਤੀ ਜਾਂਦੀ ਹੈ। ਨਾਈਲੋਨ ਦੀ ਵੀ ਇਸ ਵਿੱਚ ਵਰਤੋਂ ਕੀਤੀ ਜਾਂਦੀ ਹੈ। ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ, ਸੁਣਦੇ ਹਾਂ ਕਿ ਚਾਇਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਹੋ ਗਈ । ਕਈ ਮਨੁੱਖ ਵੀ ਇਸ ਦਾ ਸ਼ਿਕਾਰ ਹੋਏ, ਕਈਆਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ ।ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ।ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ, ਨਾਈਲੋਨ ਧਾਗੇ ਦੀ ਬਣੀ ਹੁੰਦੀ ਹੈ।ਕਈ ਵਾਰ ਅਸੀਂ ਜ਼ਖਮੀ ਹੋਏ ਪੰਛੀ ਵੀ ਦੇਖਦੇ ਹਾਂ। ਅਕਸਰ ਜਦੋਂ ਸ਼ਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੀ ਲਪੇਟ ਵਿੱਚ ਆ ਜਾਂਦੇ ਹਨ, ਜਿਸ ਕਾਰਨ ਉਹ ਝੁਲਸ ਜਾਂਦੇ ਹਨ। ਇਹ ਜੋ ਨਾਈਲੋਨ ਦਾ ਧਾਗਾ ਹੁੰਦਾ ਹੈ, ਇਹ ਆਸਾਨੀ ਨਾਲ ਟੁੱਟਦਾ ਵੀ ਨਹੀਂ ਹੈ। ਅਕਸਰ ਜਦੋਂ ਪਤੰਗ ਚੜ੍ਹਾਏ ਜਾਂਦੇ ਹਨ ਤਾਂ ਇੱਕ-ਦੂਜੇ ਨਾਲ ਮੁਕਾਬਲਾ ਹੁੰਦਾ ਹੈ। ਇੱਕ-ਦੂਜੇ ਨੂੰ ਇਹ ਹੁੰਦਾ ਹੈ ਕਿ ਮੈਂ ਦੂਜੇ ਦੀ ਪਤੰਗ ਕੱਟਾਂ। ਕੱਚ ਵਰਗੀ ਇਹ ਡੋਰ ਹੁੰਦੀ ਹੈ।

ਪ੍ਰਸ਼ਾਸਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨ੍ਹਾਂ 'ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਸਾਲ 2016 ਵਿੱਚ ਚਾਈਨਾ ਡੋਰ ਦੇ ਉਤਪਾਦਨ , ਵਿਕਰੀ 'ਤੇ ਮੁਕੰਮਲ ਪਾਬੰਦੀ ਲਗਾਈ ਸੀ। ਐੱਨ ਜੀ ਟੀ ਮੁਤਾਬਕ ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਪੰਜ ਸਾਲ ਦੀ ਸਜ਼ਾ ਤੇ ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ ਵੀ ਜੇ ਕੋਈ ਚਾਈਨਾ ਡੋਰ ਦੀ ਵਿਕਰੀ ਕਰਦਾ ਹੈ ਤਾਂ ਉਸ ਖਿਲਾਫ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ ਸੂਬੇ ਦੇ ਮੁੱਖ ਮੰਤਰੀ ਵੱਲੋਂ ਸਾਰੇ ਹੀ ਜ਼ਿਲ੍ਹਿਆਂ ਦੇ ਉੱਚ ਅਧਿਕਾਰੀ, ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਆਦੇਸ਼ ਦਿੱਤੇ ਹਨ ਕਿ ਜੋ ਹੁਕਮਾਂ ਦੇ ਖ਼ਿਲਾਫ਼ ਚਲਦੇ ਹਨ, ਉਹਨਾਂ ਖ਼ਿਲਾਫ਼ ਕਾਰਵਾਈ ਕਰੋ।ਸਮਾਜਿਕ ਜਥੇਬੰਦੀਆਂ ਵੱਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਡੋਰ ਵੇਚਣ ਵਾਲਿਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ । ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ ਵਿੱਚ ਪੂਰਨ ਤੌਰ 'ਤੇ ਪਤੰਗ ਉਡਾਉਣ 'ਤੇ ਪਾਬੰਦੀ ਹੈ। ਹਾਲਾਂਕਿ ਚਾਹੇ ਪੰਜਾਬ ਵਿੱਚ ਚਾਈਨਾ ਡੋਰ ਤਿਆਰ ਨਹੀਂ ਕੀਤੀ ਜਾਂਦੀ, ਪਰ ਪਿੰਡਾਂ ਵਿੱਚ ਦੁਕਾਨਾਂ ਤੇ ਆਮ ਵਿਕਦੀ ਦੇਖੀ ਜਾ ਸਕਦੀ ਹੈ।ਬਸੰਤ ਪੰਚਮੀ ਦਾ ਤਿਉਹਾਰ ਖੁਸ਼ੀ ਨਾਲ ਮਨਾਉਣਾ ਚਾਹੀਦਾ ਹੈ। ਪਤੰਗ ਜ਼ਰੂਰ ਉਡਾਓ, ਪਰ ਖ਼ਤਰਨਾਕ ਡੋਰ ਦਾ ਪ੍ਰਯੋਗ ਬਿਲਕੁਲ ਵੀ ਨਾ ਕਰੋ ।

-**ਸੰਜੀਵ ਸਿੰਘ ਸੈਣੀ**, ਮੋਹਾਲੀ,78889-66168

# ਵੈਨੇਜ਼ੁਏਲਾ 'ਤੇ ਅਮਰੀਕੀ ਹਮਲਾ

# ਭਾਰਤ ਸਰਕਾਰ ਦੀ ਖਾਮੋਸ਼ੀ ਦੁਖਦਾਈ, ਪਰ ਹੈਰਾਨੀਜਨਕ ਨਹੀਂ



ਡਾ. ਅਰੁਣ ਮਿੱਤਰਾ

ਵੈਨੇਜ਼ੁਏਲਾ 'ਤੇ ਅਮਰੀਕਾ ਵੱਲੋਂ ਕੀਤਾ ਗਿਆ ਹਮਲਾ ਅਤੇ ਮਨਘੜਤ 'ਨਾਰਕੋ-ਟੈਰਰਿਜ਼ਮ' (ਨਸ਼ਿਆਂ ਦਾ ਅੱਤਵਾਦ) ਦੇ ਦੋਸ਼ਾਂ ਹੇਠ ਉੱਥੋਂ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਨ੍ਹਾ ਦੀ ਪਤਨੀ ਸਿਲੀਆ ਫ਼ਲੋਰੈਂਸ ਨੂੰ ਅਗਵਾ ਕਰਨਾ, ਸਾਨੂੰ ਸ਼ੇਰ ਅਤੇ ਮੇਮਣੇ ਦੀ ਪ੍ਰਸਿੱਧ ਕਹਾਣੀ ਦੀ ਯਾਦ ਦਿਵਾਉਂਦਾ ਹੈ। ਇਸੇ ਤਰ੍ਹਾਂ ਦਾ ਬਹਾਨਾ 2003 ਵਿੱਚ ਇਰਾਕ 'ਤੇ ਹਮਲੇ ਵੇਲੇ ਵੀ ਦਿੱਤਾ ਗਿਆ ਸੀ ਕਿ ਉੱਥੇ ਸਮੂਹਿਕ ਵਿਨਾਸ਼ ਦੇ ਹਥਿਆਰ ਮੌਜੂਦ ਹਨ, ਹਾਲਾਂਕਿ ਸੰਯੁਕਤ ਰਾਸ਼ਟਰ ਦੇ ਨਿਰੀਖਣ ਕਮਿਸ਼ਨ UNMOVIC ਦੇ ਚੇਅਰਮੈਨ ਬਲਿਕਸ ਦੀ ਰਿਪੋਰਟ ਇਸ ਦੇ ਉਲਟ ਸੀ। ਅਮਰੀਕੀ ਪ੍ਰਸ਼ਾਸਨ ਵੱਲੋਂ ਲੀਬੀਆ ਅਤੇ ਅਫ਼ਗਾਨਿਸਤਾਨ ਵਿੱਚ ਵੀ ਇਸੇ ਕਿਸਮ ਦੀਆਂ ਕਾਰਵਾਈਆਂ ਕੀਤੀਆਂ ਗਈਆਂ। ਇਹ ਸਭ ਕੁਝ ਇਨ੍ਹਾਂ ਦੇਸ਼ਾਂ ਦੇ ਸਰੋਤਾਂ ਦੀ ਲੁੱਟ ਅਤੇ ਅੰਤਰਰਾਸ਼ਟਰੀ ਭੂ-ਰਾਜਨੀਤੀ ਵਿੱਚ ਅਮਰੀਕੀ ਸਰਵਉੱਚਤਾ ਸਾਬਤ ਕਰਨ ਲਈ ਕੀਤਾ ਗਿਆ।

ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵੈਨੇਜ਼ੁਏਲਾ ਕੋਲ ਦੁਨੀਆ ਦੇ ਕੁੱਲ ਤੇਲ ਭੰਡਾਰਾਂ ਦਾ ਲਗਭਗ 18 ਫ਼ੀਸਦੀ ਹੈ ਅਤੇ ਅਮਰੀਕਾ ਉਨ੍ਹਾਂ 'ਤੇ ਪੂਰਾ ਕਬਜ਼ਾ ਕਰਨਾ ਚਾਹੁੰਦਾ ਹੈ। 1974 ਵਿੱਚ ਹੈਨਰੀ ਕਸਿੰਜਰ ਵੱਲੋਂ ਸਾਊਦੀ ਅਰਬ ਨਾਲ ਕੀਤਾ ਗਿਆ ਸਮਝੌਤਾ ਸੀ, ਜਿਸ ਅਨੁਸਾਰ ਸਾਰਾ ਤੇਲ ਅਮਰੀਕੀ ਡਾਲਰ ਵਿੱਚ ਵੇਚਿਆ ਜਾਣਾ ਸੀ ਅਤੇ ਇਸ ਦੇ ਬਦਲੇ ਅਮਰੀਕਾ ਸਾਊਦੀ ਅਰਬ ਨੂੰ ਸੁਰੱਖਿਆ ਪ੍ਰਦਾਨ ਕਰੇਗਾ। ਉਸ ਤੋਂ ਬਾਅਦ ਡਾਲਰ ਸਰਵਉੱਚ ਬਣ ਗਿਆ। ਅਮਰੀਕਾ ਬੇਹਿਸਾਬ ਡਾਲਰ ਛਾਪ ਸਕਦਾ ਹੈ, ਜਦਕਿ ਹੋਰ ਦੇਸ਼ਾਂ ਨੂੰ ਇਹ ਕਮਾਉਣਾ ਪੈਂਦਾ ਹੈ। ਇਸ ਲਈ ਜੋ ਵੀ ਦੇਸ਼ ਡਾਲਰ ਤੋਂ ਬਾਹਰ ਵਪਾਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਅਮਰੀਕੀ ਸਜ਼ਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਾਰਨ ਸੱਦਾਮ ਹੁਸੈਨ, ਗੱਦਾਫ਼ੀ ਨੂੰ ਜਬਰਨ ਹਟਾਇਆ ਗਿਆ ਤੇ ਹੁਣ ਮਾਦੁਰੋ।

ਵੈਨੇਜ਼ੁਏਲਾ ਵੱਲੋਂ ਚੀਨ ਨਾਲ ਯੁਆਨ ਵਿੱਚ ਤੇਲ ਵਪਾਰ ਕਰਨ ਨਾਲ ਅਮਰੀਕੀ ਸਰਕਾਰ ਖ਼ਫ਼ਾ ਹੋ ਗਈ। ਜਦੋਂ BRICS ਦੇਸ਼ਾਂ ਨੇ ਨਵੀਂ ਮੁਦਰਾ ਦੀ ਗੱਲ ਕੀਤੀ ਤਾਂ ਟਰੰਪ ਪ੍ਰਸ਼ਾਸਨ ਨੂੰ ਅਮਰੀਕੀ ਡਾਲਰ ਦੀ ਥਾਂ BRICS ਮੁਦਰਾ ਆਉਣ ਦੀ ਸੰਭਾਵਨਾ ਨੇ ਪਰੇਸ਼ਾਨ ਕੀਤਾ। ਵੈਨੇਜ਼ੁਏਲਾ ਦੀ ਰਾਜਧਾਨੀ ਕਾਰਾਕਾਸ ਵਿੱਚ ਜੋ ਕੁਝ ਹੋਇਆ, ਉਹ ਦੁਨੀਆ ਲਈ ਖ਼ਤਰਨਾਕ ਸੰਕੇਤ ਹੈ ਕਿ ਅਮਰੀਕਾ ਕਿਸੇ ਵੀ ਦੇਸ਼ ਨਾਲ ਕਿਸੇ ਵੀ ਤਰ੍ਹਾਂ ਦੀ ਧੌਂਸਬਾਜ਼ੀ ਕਰ ਸਕਦਾ ਹੈ।

ਰੂਸ, ਚੀਨ, ਈਰਾਨ, ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਕਿਊਬਾ ਸਮੇਤ ਕਈ ਦੇਸ਼ਾਂ ਨੇ ਅਮਰੀਕੀ ਫੌਜੀ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਵੈਨੇਜ਼ੁਏਲਾ ਦੀ ਪ੍ਰਭੂਸੱਤਾ ਅਤੇ ਭੂਗੋਲਿਕ ਅਖੰਡਤਾ ਦੀ ਉਲੰਘਣਾ ਕਰਾਰ ਦਿੱਤਾ ਹੈ।

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਮਰੀਕਾ ਨੂੰ ਤੁਰੰਤ ਮਾਦੁਰੋ ਨੂੰ ਰਿਹਾਅ ਕਰਨ ਦੀ ਗੱਲ ਕਹੀ ਹੈ। ਉਨ੍ਹਾ ਨੇ ਕਿਹਾ -ਅੱਜ ਦੀ ਦੁਨੀਆਂ ਇੱਕ ਸਦੀ ਵਿੱਚ ਪਹਿਲੀ ਵਾਰ ਦੇਖੀ ਜਾ ਰਹੀ ਤਬਦੀਲੀ ਅਤੇ ਅਸਥਿਰਤਾ ਵਿਚੋਂ ਗੁਜ਼ਰ ਰਹੀ ਹੈ, ਜਿੱਥੇ ਇਕਪੱਖੀ ਧੌਂਸਬਾਜ਼ੀ ਵਾਲੇ ਕਦਮ ਅੰਤਰਰਾਸ਼ਟਰੀ ਵਿਵਸਥਾ ਨੂੰ ਗੰਭੀਰ ਤੌਰ 'ਤੇ ਨੁਕਸਾਨ ਪਹੁੰਚਾ ਰਹੇ ਹਨ।

ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ 'ਹਾਲੀਆ ਭੂ-ਰਾਜਨੀਤਕ ਸੰਕਟ' ਅਤੇ 'ਜਟਿਲ ਅੰਤਰਰਾਸ਼ਟਰੀ ਘਟਨਾਕ੍ਰਮ' ਦੇ ਮੱਦੇਨਜ਼ਰ ਦੇਸ਼ ਦੀ ਪਰਮਾਣੂ ਡਟੈਰੈਂਸ (ਭਾਵ ਇਹ ਕਿ ਪਰਮਾਣੂ ਨੂੰ ਬੰਬਾਂ ਦੀ ਵਰਤੋਂ ਦੇ ਖਤਰੇ ਦੇ ਨਾਲ ਯੁੱਧ ਰੋਕਿਆ ਜਾ ਸਕਦਾ ਹੈ) ਮਜ਼ਬੂਤ ਕਰਨ ਦੀ ਲੋੜ ਉਭਾਰਦਿਆਂ ਹਾਈਪਰਸੋਨਿਕ ਮਿਜ਼ਾਈਲਾਂ ਦੀਆਂ ਟੈੱਸਟ ਉਡਾਨਾਂ ਦੇ ਤਜਰਬੇ ਕੀਤੇ ਹਨ।

ਸਪੇਨ, ਬ੍ਰਾਜ਼ੀਲ, ਚਿਲੀ, ਕੋਲੰਬੀਆ, ਮੈਕਸੀਕੋ ਅਤੇ ਉਰੂਗਵੇ ਨੇ ਸਾਂਝਾ ਬਿਆਨ ਜਾਰੀ ਕਰਕੇ 'ਵੈਨੇਜ਼ੁਏਲਾ ਵਿੱਚ ਇਕਪੱਖੀ ਫੌਜੀ ਕਾਰਵਾਈਆਂ' ਨੂੰ ਰੱਦ ਕੀਤਾ ਅਤੇ ਉਸ ਦੇ ਕੁਦਰਤੀ ਸਰੋਤਾਂ ਦੀ ਲੁੱਟ ਦੀ ਚੇਤਾਵਨੀ ਦਿੱਤੀ। ਹਸਤਾਖ਼ਰ ਕਰਨ ਵਾਲੇ ਦੇਸ਼ਾਂ ਨੇ ਕਿਹਾ ਕਿ ਮਾਦੁਰੋ ਨੂੰ ਹਟਾਉਣ ਲਈ ਕੀਤੀ ਗਈ ਕਾਰਵਾਈ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ।

ਯੂਰਪੀ ਨੇਤਾਵਾਂ ਨੇ ਸੰਜਮ ਦੀ ਅਪੀਲ ਕੀਤੀ। ਯੂਰਪੀ ਯੂਨੀਅਨ ਦੀ ਵਿਦੇਸ਼ ਨੀਤੀ ਮੁਖੀ ਕਾਜਾ ਕਾਲਾਸ ਨੇ ਕਿਹਾ ਕਿ ਯੂਰਪੀ ਯੂਨੀਅਨ ਹਾਲਾਤ 'ਤੇ ਨਜ਼ਦੀਕੀ ਨਿਗਰਾਨੀ ਕਰ ਰਹੀ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ ਤੇ ਯੂ ਐੱਨ ਚਾਰਟਰ ਦੇ ਆਦਰ 'ਤੇ ਜ਼ੋਰ ਦਿੱਤਾ । ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯਨ ਨੇ ਵੀ ਕਿਹਾ ਕਿ ਕਿਸੇ ਵੀ ਹੱਲ ਵਿੱਚ ਅੰਤਰਰਾਸ਼ਟਰੀ ਕਾਨੂੰਨ ਅਤੇ ਯੂ ਐੱਨ ਚਾਰਟਰ ਦਾ ਸਤਿਕਾਰ ਹੋਣਾ ਚਾਹੀਦਾ ਹੈ।

ਡੈਲਸੀ ਰੋਡਰੀਗੇਜ਼, ਜੋ ਹੁਣ ਵੈਨੇਜ਼ੁਏਲਾ ਦੀ ਰਾਸ਼ਟਰਪਤੀ ਹਨ, ਨੇ ਟਰੰਪ ਦੀ ਅਗਵਾਈ ਵਾਲੇ ਅਮਰੀਕੀ ਪ੍ਰਸ਼ਾਸਨ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਕਾਰਵਾਈ ਨੂੰ ਗੰਭੀਰ ਫੌਜੀ ਹਮਲਾ ਕਰਾਰ ਦਿੱਤਾ। ਦੇਸ਼ ਵਿੱਚ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਹੈ ਅਤੇ ਰਾਸ਼ਟਰਪਤੀ ਮਾਦੁਰੋ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ ਹੈ। ਰੱਖਿਆ ਮੰਤਰੀ ਵਲਾਦੀਮੀਰ ਪਾਦਰੀਨੋ ਲੋਪੇਜ਼ ਨੇ ਦੇਸ਼ ਭਰ ਵਿੱਚ ਫੌਜੀ ਬਲਾਂ ਦੀ ਤੈਨਾਤੀ ਦਾ ਐਲਾਨ ਕੀਤਾ ਹੈ ਅਤੇ ਵੈਨੇਜ਼ੁਏਲਾ ਨੇ ਯੂ ਐੱਨ ਸੁਰੱਖਿਆ ਕੌਂਸਲ ਦੀ ਐਮਰਜੈਂਸੀ ਮੀਟਿੰਗ ਦੀ ਮੰਗ ਕੀਤੀ ਹੈ।

ਇਹ ਬਹੁਤ ਨਿਰਾਸ਼ਾਜਨਕ ਹੈ ਕਿ ਭਾਰਤ ਸਰਕਾਰ, ਜੋ ਕਦੇ ਹੋਰ ਦੇਸ਼ਾਂ ਦੀ ਪ੍ਰਭੂਸੱਤਾ ਦੀ ਉਲੰਘਣਾ ਦੇ ਮਾਮਲਿਆਂ 'ਤੇ ਮਜ਼ਬੂਤ ਰੁਖ਼ ਅਖਤਿਆਰ ਕਰਦੀ ਸੀ, ਨੇ ਹੁਣ ਸਿਰਫ਼ 'ਗਹਿਰੀ ਚਿੰਤਾ' ਜਤਾਈ ਹੈ ਅਤੇ ਵੈਨੇਜ਼ੁਏਲਾ ਵਿੱਚ ਰਹਿੰਦੇ ਭਾਰਤੀ ਨਾਗਰਿਕਾਂ ਲਈ ਸਲਾਹਨਾਮਾ ਜਾਰੀ ਕੀਤਾ ਹੈ।

ਇਸੇ ਹੀ ਪਿਛੋਕੜ ਵਿੱਚ ਇਹ ਵੀ ਚਿੰਤਾਜਨਕ ਹੈ ਕਿ ਭਾਰਤ ਸਰਕਾਰ ਨੇ ਫਲਸਤੀਨ ਉਪਰ ਇਜ਼ਰਾਇਲੀ ਹਮਲੇ ਦਾ ਵਿਰੋਧ ਨਹੀਂ ਕੀਤਾ। ਇਜ਼ਰਾਇਲੀ ਨਸਲਕੁਸ਼ੀ ਕਾਰਨ ਮਾਰੇ ਗਏ 60 ਹਜ਼ਾਰ ਤੋਂ ਵੱਧ ਲੋਕਾਂ ਦੇ ਪਰਵਾਰਾਂ ਨਾਲ ਕੋਈ ਸੰਵੇਦਨਾ ਨਹੀਂ ਦਿਖਾਈ ਗਈ। ਇਸ ਦੀ ਥਾਂ ਮੋਦੀ ਸਰਕਾਰ ਇਜ਼ਰਾਇਲ ਨਾਲ ਹਥਿਆਰਾਂ ਦੀ ਖ਼ਰੀਦੋ-ਫ਼ਰੋਖ਼ਤ ਦੇ ਰਿਸ਼ਤੇ ਹੋਰ ਮਜ਼ਬੂਤ ਕਰ ਰਹੀ ਹੈ। ਭਾਰਤ ਹੁਣ ਹਥਿਆਰਾਂ ਦਾ ਵਿਕਰੇਤਾ ਬਣ ਕੇ ਵੀਅਤਨਾਮ ਅਤੇ ਇੰਡੋਨੇਸ਼ੀਆ ਨੂੰ ਲਗਭਗ 450 ਮਿਲੀਅਨ ਅਮਰੀਕੀ ਡਾਲਰ (ਕਰੀਬ 4000 ਕਰੋੜ ਰੁਪਏ) ਦੀ ਬ੍ਰਹਮੋਸ ਮਿਜ਼ਾਈਲ ਨਿਰਯਾਤ ਕਰਨ ਜਾ ਰਿਹਾ ਹੈ।

ਇਸ ਤਰ੍ਹਾਂ ਦੇ ਕਦਮ ਉਸ ਦੇਸ਼ ਦੀ ਭਰੋਸੇਯੋਗਤਾ ਨੂੰ ਘਟਾਉਂਦੇ ਹਨ ਜੋ ਕਦੇ ਗੁਟ ਨਿਰਲੇਪ ਅੰਦੋਲਨ (NAM) ਦਾ ਆਯੋਜਕ ਸੀ, ਜੋ ਮੂਲ ਤੌਰ 'ਤੇ ਇੱਕ ਸਾਮਰਾਜਵਾਦ ਵਿਰੋਧੀ ਅੰਦੋਲਨ ਸੀ। ਭਾਰਤ ਗਲੋਬਲ ਸਾਊਥ (ਵਿਸ਼ਵ ਦੇ ਦੱਖਣੀ ਹਿੱਸੇ ਦੇ ਦੇਸ਼ਾਂ) ਦਾ ਨੇਤਾ ਸੀ, ਜੋ ਭਾਰਤ ਵੱਲ ਨਾ ਸਿਰਫ਼ ਆਰਥਿਕ ਸਹਿਯੋਗ ਲਈ, ਸਗੋਂ ਪਰਮਾਣੂ ਹਥਿਆਰਾਂ ਦੀ ਦੌੜ ਅਤੇ ਪ੍ਰਭੂਸੱਤਾ ਤੇ ਭੂਗੋਲਿਕ ਅਖੰਡਤਾ ਦੀ ਰੱਖਿਆ ਵਰਗੇ ਮਸਲਿਆਂ ਦੇ ਹੱਲ ਲਈ ਵੀ ਤੱਕਦੇ ਸਨ।

ਅਪਰੇਸ਼ਨ ਸਿੰਧੂਰ ਤੋਂ ਬਾਅਦ ਭੂ-ਰਾਜਨੀਤੀ ਵਿੱਚ ਭਾਰਤ ਦੀ ਸਥਿਤੀ ਕਮਜ਼ੋਰ ਹੋਈ ਹੈ। ਵੱਖ-ਵੱਖ ਦੇਸ਼ਾਂ ਵਿੱਚ ਭਾਰਤ ਦਾ ਪੱਖ ਸਮਝਾਉਣ ਲਈ ਭੇਜੀਆਂ ਗਈਆਂ ਟੀਮਾਂ ਨੂੰ ਕੋਈ ਠੋਸ ਨਤੀਜਾ ਨਹੀਂ ਮਿਲਿਆ। ਇਹ ਦੁੱਖਦਾਈ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਵੱਲੋਂ 60 ਤੋਂ ਵੱਧ ਵਾਰ ਭਾਰਤ-ਪਾਕਿਸਤਾਨ ਜੰਗ ਰੁਕਵਾਉਣ ਵਿੱਚ ਆਪਣੀ ਭੂਮਿਕਾ ਬਾਰੇ ਕੀਤੇ ਗਏ ਦਾਅਵਿਆਂ ਦਾ ਖੰਡਨ ਨਹੀਂ ਕੀਤਾ। ਇਸ ਨੂੰ ਹੋਰ ਮਜ਼ਬੂਤ ਕਰਨ ਲਈ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿੱਚ ਰਾਸ਼ਟਰੀ ਸੁਰੱਖਿਆ ਕੌਂਸਲ (NSC) ਵਿੱਚ ਦੱਖਣ ਅਤੇ ਕੇਂਦਰੀ ਏਸ਼ੀਆ ਦੇ ਸੀਨੀਅਰ ਡਾਇਰੈਕਟਰ ਰਣਜੀਤ 'ਰਿਕੀ' ਸਿੰਘ ਗਿੱਲ ਨੂੰ ਭਾਰਤ-ਪਾਕਿਸਤਾਨ ਯੁੱਧ ਰੁਕਵਾਉਣ ਦੀ ਗੱਲਬਾਤ ਵਿੱਚ ਉਸ ਦੀ ਭੂਮਿਕਾ ਲਈ ਅਤੀ ਵਿਸ਼ੇਸ਼ ਐਕਸ਼ਨ ਪੁਰਸਕਾਰ ਨਾਲ ਸਨਮਾਨਤ ਕੀਤਾ।

ਹੁਣ ਚੀਨ ਨੇ ਵੀ ਭਾਰਤ-ਪਾਕਿਸਤਾਨ ਵਿੱਚ ਯੁੱਧ ਰੋਕਣ ਵਿੱਚ ਚੀਨ ਦੀ ਭੂਮਿਕਾ ਦਾ ਬਿਆਨ ਦਿੱਤਾ ਹੈ, ਪਰ ਪ੍ਰਧਾਨ ਮੰਤਰੀ ਨੇ ਇਸ 'ਤੇ ਵੀ ਇਕ ਸ਼ਬਦ ਨਹੀਂ ਕਿਹਾ।

ਟਰੰਪ ਦੇ ਵੈਨੇਜ਼ੁਏਲਾ ਤੇ ਹਮਲੇ ਤੋਂ ਬਾਅਦ ਦਿੱਤੇ ਗਏ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੋਦੀ ਉਨ੍ਹਾਂ ਨੂੰ ਖੁਸ਼ ਕਰਨ 'ਤੇ ਲੱਗਿਆ ਰਹਿੰਦਾ ਹੈ, ਪਰ ਅਸੀਂ ਵੱਧ ਟੈਰਿਫ ਲਾਵਾਂਗੇ। ਇਹ ਭਾਰਤ ਦੀ ਸਰਾਸਰ ਬੇਇੱਜ਼ਤੀ ਹੈ, ਪਰ ਨਰਿੰਦਰ ਮੋਦੀ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਹਨ।

ਮੌਜੂਦਾ ਕੱਟੜ ਫ਼ਿਰਕੂ ਅਤੇ ਕਾਰਪੋਰੇਟ-ਪੱਖੀ ਸਰਕਾਰ 'ਅਖੰਡ ਭਾਰਤ' ਦੀ ਗੱਲ ਕਰਨ ਵਿੱਚ ਵਿਅਸਤ ਹੈ। ਆਰ ਐੱਸ ਐੱਸ ਅਨੁਸਾਰ ਅਖੰਡ ਭਾਰਤ ਇੱਕ ਅਵਿਭਾਜਿਤ ਦੇਸ਼ ਦੀ ਧਾਰਨਾ ਹੈ, ਜਿਸ ਵਿੱਚ ਅੱਜ ਦੇ ਅਫ਼ਗਾਨਿਸਤਾਨ, ਨੇਪਾਲ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਮਿਆਂਮਾਰ, ਅਕਸਾਈ ਚਿਨ, ਤਿੱਬਤ ਅਤੇ ਭੂਟਾਨ ਦੇ ਹਿੱਸੇ ਸ਼ਾਮਲ ਹਨ। ਇਸ ਕਿਸਮ ਦੀ ਸੋਚ ਦੀ ਸਥਿਤੀ ਵਿੱਚ ਗੁਆਂਢੀਆਂ ਨਾਲ ਮਿੱਤਰਤਾਪੂਰਨ ਸੰਬੰਧਾਂ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ।

ਵੱਡਾ ਅਤੇ ਵਿਭਿੰਨਤਾ ਨਾਲ ਭਰਪੂਰ ਦੇਸ਼ ਹੋਣ ਦੇ ਨਾਤੇ ਸਾਨੂੰ ਸਾਰੇ ਨਸਲੀ, ਸੱਭਿਆਚਾਰਕ, ਧਾਰਮਿਕ ਅਤੇ ਭਾਸ਼ਾਈ ਸਮੂਹਾਂ ਦਾ ਆਦਰ ਕਰਨਾ ਸਿੱਖਣਾ ਹੋਵੇਗਾ, ਇਹੀ ਭਾਰਤ ਦੀ ਆਤਮਾ ਹੈ। ਨਫ਼ਰਤ ਦੀ ਮੌਜੂਦਾ ਖੇਡ ਦਾ ਅੰਤ ਹੋਣਾ ਚਾਹੀਦਾ ਹੈ, ਤਾਂ ਜੋ ਦੁਨੀਆ ਅੱਗੇ ਸਾਡੀ ਸਮਾਵੇਸ਼ੀ ਨੀਤੀ ਸਾਬਤ ਹੋ ਸਕੇ। ਸਕਾਰਾਤਮਕ ਵਿਸ਼ਵ ਪੱਧਰੀ ਛਵੀ ਨਾਲ ਹੀ ਅਸੀਂ ਭੂ-ਰਾਜਨੀਤੀ ਵਿੱਚ ਨਿਰਣਾਇਕ ਭੂਮਿਕਾ ਨਿਭਾ ਸਕਦੇ ਹਾਂ।

ਅਮਰੀਕੀ ਨੀਤੀਆਂ ਅੱਗੇ ਝੁਕਣ ਵਾਲਾ ਸਾਡਾ ਮੌਜੂਦਾ ਰੁਖ਼ ਸਾਡੇ ਲਈ ਮਦਦਗਾਰ ਨਹੀਂ ਹੋਵੇਗਾ। ਸਾਨੂੰ ਸਮਝਣਾ ਚਾਹੀਦਾ ਹੈ ਕਿ ਜੇ ਅਮਰੀਕਾ ਵੈਨੇਜ਼ੁਏਲਾ ਦੇ ਤੇਲ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਭਾਰਤ 'ਤੇ ਵੀ ਅਸਰ ਪਵੇਗਾ, ਕਿਉਂਕਿ ਅਸੀਂ ਉੱਥੋਂ ਕਾਫ਼ੀ ਮਾਤਰਾ ਵਿੱਚ ਤੇਲ ਖਰੀਦਦੇ ਹਾਂ।

ਅਮਰੀਕੀ ਕਾਰਵਾਈ ਨੇ ਦੁਨੀਆ ਨੂੰ ਗੰਭੀਰ ਅਨਿਸਚਿਤਤਾ ਵੱਲ ਧੱਕ ਦਿੱਤਾ ਹੈ ਅਤੇ ਛੋਟੇ ਦੇਸ਼ਾਂ ਲਈ ਸੁਰੱਖਿਆ ਖ਼ਤਰੇ ਵਧਾ ਦਿੱਤੇ ਹਨ। ਟਰੰਪ ਪਹਿਲਾਂ ਹੀ ਗ੍ਰੀਨਲੈਂਡ 'ਤੇ ਕਬਜ਼ੇ ਦੀ ਗੱਲ ਆਕ੍ਰਾਮਕ ਢੰਗ ਨਾਲ ਕਰਨ ਲੱਗ ਪਿਆ ਹੈ।

**# ਸੰਪਰਕ : 94170-00360**

# ਥੋੜ੍ਹਾ-ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ

ਸੁਖਮੰਦਰ ਪੁੰਨੀ

ਸਾਡੇ ਚਿਹਰੇ ਦੀ ਮੁਸਕਾਨ ਇੱਕ ਅਜਿਹੀ ਭਾਸ਼ਾ ਹੈ, ਜੋ ਬਿਨਾਂ ਬੋਲਿਆਂ ਹੀ ਬਹੁਤ ਕੁਝ ਬਿਆਨ ਕਰਦੀ ਹੈ। ਇਹ ਚਿਹਰੇ 'ਤੇ ਖਿੜਿਆ ਇੱਕ ਫੁੱਲ ਹੈ, ਜੋ ਸਾਡੇ ਤਨ-ਮਨ ਦੇ ਬਗੀਚੇ ਨੂੰ ਹਮੇਸ਼ਾ ਸੁਹਾਵਣਾ ਬਣਾ ਕੇ ਰੱਖਦੀ ਹੈ। ਮੁਸਕਾਨ ਨਾਲ ਜਿਹੜਾ ਅਸਰ ਪੈਂਦਾ ਹੈ, ਉਹ ਸਾਡੇ ਸਰੀਰ ਦੀ ਬਣਾਵਟ, ਇਤਰ ਜਾਂ ਮਹਿੰਗੇ ਕੱਪੜਿਆਂ ਨਾਲੋਂ ਕਈ ਗੁਣਾ ਵੱਧ ਪ੍ਰਭਾਵਸ਼ਾਲੀ ਹੁੰਦਾ ਹੈ। ਜਦੋਂ ਅਸੀਂ ਕਿਸੇ ਵਿਅਕਤੀ ਜਾਂ ਛੋਟੇ ਬੱਚੇ ਨੂੰ ਮੁਸਕਰਾਉਂਦੇ ਹੋਏ ਦੇਖਦੇ ਹਾਂ, ਤਾਂ ਸੁਭਾਵਕ ਤੌਰ 'ਤੇ ਉਸ ਵੱਲ ਆਕਰਸ਼ਿਤ ਹੋ ਜਾਂਦੇ ਹਾਂ, ਕਿਉਂਕਿ ਛੋਟਾ ਬੱਚਾ ਸਾਨੂੰ ਇਸ ਲਈ ਪਿਆਰਾ ਲੱਗਦਾ ਹੈ ਕਿਉਂਕਿ ਉਸ ਦੇ ਚਿਹਰੇ 'ਤੇ ਅਸਲੀ, ਸਾਫ਼-ਸੁਥਰੀ ਮੁਸਕਾਨ ਹੁੰਦੀ ਹੈ। ਉਸ ਦੀ ਮੁਸਕਾਨ ਬਿਨਾਂ ਕੁਝ ਕਹੇ ਇਹ ਸੰਦੇਸ਼ ਦੇਂਦੀ ਹੈ-ਤੂੰ ਮੈਨੂੰ ਖੁਸ਼ੀ ਦਿੰਦਾ ਹੈ, ਤੈਨੂੰ ਦੇਖ ਕੇ ਚੰਗਾ ਲੱਗਦਾ ਹੈ। ਇਸੇ ਤਰ੍ਹਾਂ ਛੋਟੇ-ਛੋਟੇ ਜਾਨਵਰ ਜਾਂ ਪੰਛੀ ਜਦੋਂ ਖੁਸ਼ੀ ਵਿੱਚ ਉਛਲਦੇ ਹਨ, ਤਾਂ ਉਹ ਵੀ ਪਿਆਰੇ ਲੱਗਦੇ ਹਨ, ਕਿਉਂਕਿ ਉਹਨਾਂ ਦੇ ਹਾਵ-ਭਾਵ ਵਿੱਚ ਕੁਦਰਤੀ ਖੁਸ਼ੀ ਦੀ ਚਮਕ ਹੁੰਦੀ ਹੈ। ਇਸ ਲਈ ਮੁਸਕਾਨ ਦਾ ਇਹ ਸੁੰਦਰ ਰਿਸ਼ਤਾ ਸਿਰਫ਼ ਮਨੁੱਖਾਂ ਤੱਕ ਸੀਮਿਤ ਨਹੀਂ, ਬਲਕਿ ਕੁਦਰਤ ਦੇ ਹਰ ਜੀਵ ਵਿਚ ਪਾਇਆ ਜਾਂਦਾ ਹੈ।

ਮੁਸਕਾਨ ਸਿਰਫ਼ ਚਿਹਰੇ 'ਤੇ ਹੀ ਨਹੀਂ, ਸਾਡੇ ਦਿਲ ਅਤੇ ਰੂਹ ਵਿੱਚ ਵੀ ਵਸਦੀ ਹੈ। ਇਹ ਤਣਾਅ ਨੂੰ ਘਟਾਉਂਦੀ ਹੈ, ਮਨ ਨੂੰ ਹੌਲਾ ਕਰਦੀ ਹੈ ਅਤੇ ਰਿਸ਼ਤਿਆਂ ਵਿੱਚ ਮਿਠਾਸ ਭਰਦੀ ਹੈ। ਇੱਕ ਸੱਚੀ ਮੁਸਕਾਨ ਕਿਸੇ ਉਦਾਸ ਦਿਲ ਵਿੱਚ ਵੀ ਉਮੀਦ ਦੀ ਕਿਰਨ ਵੀ ਜਗਾ ਸਕਦੀ ਹੈ। ਜੋ ਲੋਕ ਮੁਸਕਰਾਉਂਦੇ ਹਨ, ਉਹ ਚੀਜ਼ਾਂ ਨੂੰ ਬਿਹਤਰ ਢੰਗ ਨਾਲ ਪ੍ਰਬੰਧਿਤ ਕਰਦੇ ਹਨ। ਜ਼ਿਆਦਾ ਖੁਸ਼-ਮਿਜ਼ਾਜੀ ਬੰਦੇ ਬੱਚਿਆਂ ਦਾ ਪਾਲਣ-ਪੋਸ਼ਣ, ਚੀਜ਼ਾਂ ਨੂੰ ਖਰੀਦਣਾ, ਵੇਚਣਾ ਅਤੇ ਉਹਨਾਂ ਦਾ ਵਿਹਾਰ ਆਦਿ ਸਭ ਵਧੀਆ ਤਰੀਕੇ ਨਾਲ ਕਰਦੇ ਹਨ। ਜਿਹਨਾਂ ਲੋਕਾਂ ਵਿਚ ਸੱਚੇ ਦਿਲੋਂ ਮੁਸਕਰਾਉਣ ਦੀ ਕਲਾ ਆ ਜਾਂਦੀ ਹੈ, ਉਹ ਜ਼ਿਆਦਾਤਰ ਆਪਣੇ ਖੇਤਰ ਵਿਚ ਸਫ਼ਲ ਹੋਣ ਦੇ ਤਰੀਕੇ ਵਧ ਜਾਂਦੇ ਹਨ। ਇਸ ਲਈ ਜੋ ਵੀ ਕੰਮ ਕਰਨਾ ਹੈ, ਉਹ ਮੁਸਕਰਾ ਕੇ ਹੀ ਕਰੋ। ਮੂੰ-ਮੂੰ ਆਪਣੇ ਦੁਖੜੇ ਸੁਣਾਉਣ ਵਾਲਿਆਂ ਤੋਂ ਲੋਕ ਅਕਸਰ ਦੂਰ ਹੀ ਜਾਂਦੇ ਹਨ। ਜੇਕਰ ਤੁਸੀ ਪਹਿਲਾਂ ਲੋਕਾਂ ਨੂੰ ਖੁਸ਼ ਹੋ ਕੇ ਮੁਸਕਰਾ ਕੇ ਮਿਲੋਗੇ ਤਾਂ ਲੋਕ ਵੀ ਤੁਹਾਨੂੰ ਅਕਸਰ ਖੁਸ਼-ਮਿਜ਼ਾਜੀ ਨਾਲ ਹੀ ਮਿਲਣਗੇ। ਲੋਕ ਉਹਨਾਂ ਦੇ ਨੇੜੇ ਰਹਿਣਾ ਪਸੰਦ ਕਰਦੇ ਹਨ, ਜੋ ਉਨ੍ਹਾਂ ਨੂੰ ਉਮੀਦ, ਖੁਸ਼ੀ ਅਤੇ ਹੌਸਲਾ ਦਿੰਦੇ ਹਨ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਮੁਸਕਰਾਉਣ ਦੀ ਆਦਤ ਪਾਓ ਅਤੇ ਦੁਨੀਆ ਤੁਹਾਡੇ ਆਸ-ਪਾਸ ਆਪਣੇ ਆਪ ਹੀ ਸੁੰਦਰ ਹੋ ਜਾਵੇਗੀ। ਮੁਸਕਾਨ ਵਿਚ ਵਿਚ ਉਹ ਜਾਦੂ ਹੈ, ਜੋ ਕਿਸੇ ਰੋਗੀ ਨੂੰ ਸਿਹਤਮੰਦ ਬਣਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਅਸੀ ਕਿਸੇ ਡਾਕਟਰ ਕੋਲ ਆਪਣਾ ਚੈੱਕਅੱਪ ਕਰਵਾਉਣ ਲਈ ਜਾਂਦੇ ਹਾਂ ਤਾਂ ਡਾਕਟਰ ਸਾਹਿਬ ਜਦੋਂ ਸਾਡੇ ਨਾਲ ਮੁਸਕਰਾ ਕੇ, ਹੱਸ ਕੇ ਖੁਸ਼ੀ ਨਾਲ ਸਾਡੇ ਨਾਲ ਗੱਲਬਾਤ ਕਰਕੇ ਹਾਲ-ਚਾਲ ਪੁੱਛ ਕੇ ਦਵਾਈ ਦਿੰਦਾ ਹੈ ਤਾਂ ਅਸੀ ਅੱਧੇ ਠੀਕ ਉਸ ਸਮੇਂ ਹੀ ਹੋ ਜਾਂਦੇ ਹਾਂ।

ਅੱਜ ਦੇ ਦੌਰ ਵਿਚ ਹਰ ਇਨਸਾਨ ਖੁਸ਼ੀ ਦੀ ਭਾਲ ਵਿਚ ਹੈ, ਪਰ ਇਸ ਨੂੰ ਪ੍ਰਾਪਤ ਕਰਨਾ ਇਕੋ-ਇਕ ਰਸਤਾ ਹੈ ਕਿ ਆਪਣੇ ਅੰਦਰ ਵਿਚਾਰਾਂ ਨੂੰ ਕਾਬੂ ਰੱਖਣਾ ਭਾਵ ਆਪਣੇ ਅੰਦਰੋਂ ਛੋਟੀ ਤੋਂ ਛੋਟੀ ਖੁਸ਼ੀ ਪ੍ਰਾਪਤ ਕਰਨਾ। ਸਾਡੀ ਮੁਸਕਰਾਹਟ ਬਾਹਰੀ ਹਾਲਾਤ ਦੀ ਬਜਾਏ ਅੰਦਰੂਨੀ ਹਾਲਾਤ 'ਤੇ ਨਿਰਭਰ ਕਰਦੀ ਹੈ। ਮੌਜੂਦਾ ਸਾਡੇ ਲੋਕਾਂ ਕੋਲ ਸਭ ਕੁਝ ਹੈ, ਜਿਵੇਂ ਪੈਸਾ, ਤਾਕਤ, ਸ਼ੋਹਰਤ, ਸੋਹਣੇ ਕੱਪੜੇ ਅਤੇ ਦੁਨੀਆ ਦੀ ਹਰ ਸੁਖ ਸਹੂਲਤ ਹੁੰਦੀ, ਪਰ ਅਸਲੀ ਖੁਸ਼ੀ, ਚਿਹਰੇ 'ਤੇ ਮੁਸਕਰਾਹਟ ਨਹੀਂ ਹੁੰਦੀ, ਪਰ ਇਸ ਦੇ ਉਲਟ ਕਈ ਲੋਕ ਅਜਿਹੇ ਵੀ ਹਨ, ਜੋ ਸਾਰਾ ਦਿਨ ਧੁੱਪਾ ਵਿਚ ਕੰਮ ਕਰਦੇ, ਮਜ਼ਦੂਰੀ ਕਰਕੇ ਪਰਵਾਰ ਪਾਲਦੇ ਅਤੇ ਪੈਸਾ ਵੀ ਠੀਕ-ਠਾਕ ਹੁੰਦਾ, ਪਰ ਉਹਨਾਂ ਦੇ ਕੋਲ ਅੰਦਰੂਨੀ ਖੁਸ਼ੀ ਹੁੰਦੀ ਹੈ। ਅਸਲੀ ਮੁਸਕਾਨ ਇਨਸਾਨੀ ਜ਼ਿੰਦਗੀ ਦੀ ਇੱਕ ਐਸੀ ਪੂੰਜੀ ਹੈ, ਜੋ ਜਿਸ ਕੋਲ ਹੋਵੇ, ਉਹ ਕਦੇ ਵੀ ਅੰਦਰੋਂ ਖਾਲੀ ਨਹੀਂ ਰਹਿੰਦਾ।

ਇਹ ਮੰਨਿਆ ਗਿਆ ਹੈ ਕਿ ਜੋ ਮਨੁੱਖ ਦੁਨੀਆ ਦੇ ਹਾਲਾਤ ਵਿਚੋਂ ਵੀ ਖੁਸ਼ੀ ਲੱਭਣ ਦੀ ਕਲਾ ਜਾਣ ਲੈਂਦੇ ਹਨ, ਉਹੀ ਅਸਲ ਵਿੱਚ ਜ਼ਿੰਦਗੀ ਜਿਉਣ ਦੇ ਕਾਬਲ ਹੁੰਦੇ ਹਨ। ਜ਼ਿੰਦਗੀ ਵਿੱਚ ਚੁਣੌਤੀਆਂ, ਦੁੱਖ ਅਤੇ ਨਿਰਾਸ਼ਾਵਾਂ ਆਉਂਦੀਆਂ ਹਨ, ਪਰ ਇਹ ਸਭ ਕੁਝ ਸਾਡੀ ਖੁਸ਼ੀ ਨੂੰ ਖਤਮ ਨਹੀਂ ਕਰ ਸਕਦੇ, ਜੇ ਅਸੀਂ ਅੰਦਰੋਂ ਮਜ਼ਬੂਤ ਹੋਈਏ। ਇੱਕ ਛੋਟੀ ਜਿਹੀ ਮੁਸਕਾਨ ਕਈ ਵਾਰੀ ਵੱਡੀ ਬਦਲਾਅ ਦੀ ਸ਼ੁਰੂਆਤ ਕਰ ਸਕਦੀ ਹੈ। ਮੁਸਕਾਨ ਸਾਡੀ ਅੰਦਰਲੀ ਖ਼ੂਬਸੂਰਤੀ ਦਾ ਦਰਪਣ ਹੈ, ਜੋ ਸਾਨੂੰ ਹੀ ਨਹੀਂ ਸਾਡੇ ਆਲੇ-ਦੁਆਲੇ ਦੇ ਸੰਸਾਰ ਨੂੰ ਵੀ ਸੋਹਣਾ ਬਣਾ ਦਿੰਦੀ ਹੈ।

**# ਸੰਪਰਕ : 98157-88001**

# ਨਸ਼ੇ ਦੀ ਲਤ ਤੋਂ ਮੁੜ ਫਿਸਲਣ ਨੂੰ ਰੋਕਣ ਲਈ ਮਨੁੱਖੀ ਦ੍ਰਿਸ਼ਟੀਕੋਣ



ਡਾ. ਪਰਦੀਪ ਨਾਂਗਲੂ

ਨਸ਼ਾ ਮੁਕਤੀ ਨੂੰ ਅਕਸਰ ਸ਼ਰਾਬ ਜਾਂ ਨਸ਼ੀਲੇ ਪਦਾਰਥ ਛੱਡ ਦੇਣ ਅਤੇ ਉਨ੍ਹਾਂ ਤੋਂ ਦੂਰ ਰਹਿਣ ਵਜੋਂ ਵੇਖਿਆ ਜਾਂਦਾ ਹੈ। ਇਹ ਜ਼ਰੂਰੀ ਤਾਂ ਹੈ, ਪਰ ਕਾਫ਼ੀ ਨਹੀਂ। ਬਹੁਤ ਸਾਰੇ ਲੋਕ ਇਸ ਲਈ ਮੁੜ ਨਸ਼ੇ ਵੱਲ ਜਾਂਦੇ ਹਨ ਕਿ ਉਨ੍ਹਾਂ ਵਿੱਚ ਇਰਾਦੇ ਦੀ ਘਾਟ ਹੈ, ਸਗੋਂ ਇਸ ਲਈ ਕਿ ਉਨ੍ਹਾਂ ਦੇ ਅੰਦਰਲੇ ਜੀਵਨ ਦੇ ਕੁਝ ਮਹੱਤਵਪੂਰਨ ਹਿੱਸੇ ਅਣਦੇਖੇ ਰਹਿ ਜਾਂਦੇ ਹਨ । ਜਿਨ੍ਹਾਂ ਪਰਵਾਰਾਂ ਦਾ ਕੋਈ ਪਿਆਰਾ ਨਸ਼ੇ ਨਾਲ ਜੂਝ ਰਿਹਾ ਹੁੰਦਾ ਹੈ, ਉਨ੍ਹਾਂ ਲਈ ਰਿਲੈਪਸ ਬਹੁਤ ਉਲਝਣ ਭਰਿਆ ਅਤੇ ਦਿਲ ਤੋੜਨ ਵਾਲਾ ਹੁੰਦਾ ਹੈ। ਅਕਸਰ ਮਨ ਵਿੱਚ ਇੱਕ ਦਰਦਨਾਕ ਸਵਾਲ ਉੱਠਦਾ ਹੈ:—

'ਇਲਾਜ ਤੋਂ ਬਾਅਦ ਵੀ ਇਹ ਮੁੜ ਕਿਉਂ ਹੋ ਰਿਹਾ ਹੈ ?' ਇਸ ਦਾ ਜਵਾਬ ਸੌਖਾ ਨਹੀਂ, ਪਰ ਇਹ ਬਹੁਤ ਮਨੁੱਖੀ ਹੈ।

ਆਪਣੀ ਕਲੀਨੀਕਲ ਪ੍ਰੈਕਟਿਸ ਦੌਰਾਨ ਮੈਂ ਰਿਕਵਰੀ ਵਿੱਚ ਰਹਿ ਰਹੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਝਾਉਣ ਲਈ ਇੱਕ ਸਾਧਾਰਨ ਉਦਾਹਰਨ ਵਰਤਦਾ ਹਾਂ। ਹਰ ਮਨੁੱਖ ਦੇ ਅੰਦਰ ਚਾਰ ਕਮਰੇ ਹੁੰਦੇ ਹਨ:—

ਸਰੀਰਕ (Physical), ਮਾਨਸਿਕ (Mental), ਭਾਵਨਾਤਮਕ (Emotional) ਅਤੇ ਆਤਮਿਕ (Spiritual)। ਹਰ ਕਮਰੇ ਦੀ ਨਿਯਮਤ ਸੰਭਾਲ ਲੋੜੀਂਦੀ ਹੈ। ਜੇਕਰ ਕੋਈ ਇੱਕ ਜਾਂ ਵੱਧ ਕਮਰੇ ਲੰਮੇ ਸਮੇਂ ਲਈ ਅਣਦੇਖੇ ਰਹਿ ਜਾਣ, ਤਾਂ ਅਸੰਤੁਲਨ ਪੈਦਾ ਹੋ ਜਾਂਦਾ ਹੈ। ਸਮੇਂ ਨਾਲ ਇਹ ਅਸੰਤੁਲਨ ਨਸ਼ੇ ਵੱਲ ਮੁੜ ਜਾਣ ਦੇ ਖ਼ਤਰੇ ਨੂੰ ਵਧਾ ਦਿੰਦਾ ਹੈ।

ਇਨ੍ਹਾਂ ਚਾਰ ਕਮਰਿਆਂ ਨੂੰ ਸਮਝਣਾ ਪਰਵਾਰਾਂ ਨੂੰ ਦੋਸ਼ ਲਗਾਉਣ ਤੋਂ ਦੂਰ ਕਰਦਾ ਹੈ ਅਤੇ ਸਹੀ ਸਹਿਯੋਗ ਵੱਲ ਲੈ ਜਾਂਦਾ ਹੈ। ਇਹ ਰਿਕਵਰੀ ਵਿੱਚ ਰਹਿ ਰਹੇ ਵਿਅਕਤੀ ਨੂੰ ਵੀ ਸਮਝਾਉਂਦਾ ਹੈ ਕਿ ਰਿਲੈਪਸ ਕੋਈ ਨਿੱਜੀ ਨਾਕਾਮੀ ਨਹੀਂ, ਸਗੋਂ ਇੱਕ ਸੰਕੇਤ ਹੈ ਕਿ ਕੁਝ ਧਿਆਨ ਮੰਗ ਰਿਹਾ ਹੈ।

**ਸਰੀਰਕ ਕਮਰਾ**: ਉਸ ਸਰੀਰ ਦੀ ਚੰਗਿਆਈ ਜੋ ਬੋਝ ਝੱਲਦਾ ਰਿਹਾ ਨਸ਼ੇ ਦੀ ਲਤ ਸਰੀਰ 'ਤੇ ਭਾਰੀ ਦਬਾਅ ਪਾਂਦੀ ਹੈ। ਨੀਂਦ ਦੇ ਚੱਕਰ ਖ਼ਰਾਬ ਹੋ ਜਾਂਦੇ ਹਨ, ਭੁੱਖ ਅਨਿਯਮਿਤ ਹੋ ਜਾਂਦੀ ਹੈ ਅਤੇ ਨਰਵਸ ਸਿਸਟਮ ਲਗਾਤਾਰ ਤਣਾਅ ਵਿੱਚ ਰਹਿੰਦਾ ਹੈ। ਨਸ਼ਾ ਛੱਡਣ ਤੋਂ ਬਾਅਦ ਵੀ ਸਰੀਰ ਅਕਸਰ ਬੇਚੈਨ, ਥੱਕਿਆ ਹੋਇਆ ਜਾਂ ਅਸੁਰੱਖਿਅਤ ਮਹਿਸੂਸ ਕਰਦਾ ਰਹਿੰਦਾ ਹੈ।ਕਈ ਪਰਵਾਰ ਇਸ ਗੱਲ ਨੂੰ ਘੱਟ ਅਹਿਮੀਅਤ ਦਿੰਦੇ ਹਨ ਕਿ ਸਰੀਰ ਦਾ ਰਿਲੈਪਸ ਵਿੱਚ ਕਿੰਨਾ ਵੱਡਾ ਹਿੱਸਾ ਹੈ। ਘੱਟ ਨੀਂਦ, ਸਰੀਰਕ ਦਰਦ, ਥਕਾਵਟ ਜਾਂ ਅਣਇਲਾਜੀ ਬਿਮਾਰੀਆਂ ਅਕਸਰ ਚੁੱਪਚਾਪ ਟ੍ਰਿਗਰ ਬਣ ਜਾਂਦੀਆਂ ਹਨ। ਜਦੋਂ ਸਰੀਰ ਓਵਰਲੋਡ ਮਹਿਸੂਸ ਕਰਦਾ ਹੈ, ਤਾਂ ਦਿਮਾਗ ਆਰਾਮ ਲੱਭਦਾ ਹੈ ਅਤੇ ਪਿਛਲੇ ਸਮੇਂ ਵਿੱਚ ਨਸ਼ਾ ਇਹ ਆਰਾਮ ਤੁਰੰਤ ਦੇਂਦਾ ਸੀ।

ਮਾਈਂਡਫੁਲ ਰਿਕਵਰੀ ਸਰੀਰਕ ਸਥਿਰਤਾ ਨੂੰ ਮੁੜ ਬਣਾਉਣ ਨਾਲ ਸ਼ੁਰੂ ਹੁੰਦੀ ਹੈ। ਇਸ ਵਿੱਚ ਨਿਯਮਤ ਨੀਂਦ, ਸਮੇਂ 'ਤੇ ਖਾਣਾ, ਪਾਣੀ ਪੀਣਾ, ਹੌਲੀ-ਫੁਲਕੀ ਕਸਰਤ ਅਤੇ ਲੋੜ ਪੈਣ 'ਤੇ ਡਾਕਟਰੀ ਦੇਖਭਾਲ ਸ਼ਾਮਲ ਹੈ। ਹੌਲੀ ਸਾਹ ਲੈਣਾ, ਟਹਿਲਣਾ, ਯੋਗ, ਸਟ੍ਰੈਚਿੰਗ ਅਤੇ ਸਰੀਰਕ ਸੁਚੇਤਨਾ ਵਾਲੀਆਂ ਕਿਰਿਆਵਾਂ ਨਰਵਸ ਸਿਸਟਮ ਨੂੰ ਸ਼ਾਂਤ ਕਰਦੀਆਂ ਹਨ ਅਤੇ ਕ੍ਰੇਵਿੰਗ ਘਟਾਉਂਦੀਆਂ ਹਨ।

**ਮਾਨਸਿਕ ਕਮਰਾ**: ਸੋਚਾਂ ਨਾਲ ਨਵਾਂ ਰਿਸ਼ਤਾ ਬਣਾਉਣਾ ਰਿਕਵਰੀ ਦੇ ਸ਼ੁਰੂਆਤੀ ਦੌਰ ਵਿੱਚ ਮਨ ਜੰਗ ਦਾ ਮੈਦਾਨ ਬਣ ਜਾਂਦਾ ਹੈ।

'ਮੈਂ ਪਹਿਲਾਂ ਵੀ ਫੇਲ੍ਹ ਹੋਇਆ ਹਾਂ,' 'ਮੈਂ ਤਣਾਅ ਨਹੀਂ ਸਹਿ ਸਕਦਾ,' 'ਮੈਂ ਕਦੇ ਨਹੀਂ ਬਦਲਾਂਗਾ'।' ਇਹ ਸੋਚਾਂ ਬਹੁਤ ਤਿੱਖੀਆਂ ਲੱਗਦੀਆਂ ਹਨ, ਕਿਉਂਕਿ ਇਹ ਪੁਰਾਣੇ ਸਦਮੇ, ਸ਼ਰਮ ਅਤੇ ਮੁੜ-ਮੁੜ ਹੋਏ ਰਿਲੈਪਸ ਤੋਂ ਜੰਮਦੀਆਂ ਹਨ। ਪਰਵਾਰ ਕਈ ਵਾਰ ਹੌਂਸਲਾ ਦੇ ਕੇ ਜਾਂ ਸਲਾਹ ਦੇ ਕੇ ਇਹ ਸੋਚਾਂ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਨੀਅਤ ਚੰਗੀ ਹੁੰਦੀ ਹੈ, ਪਰ ਇਹ ਕਈ ਵਾਰ ਉਲਟ ਪ੍ਰਭਾਵ ਪਾਂਦਾ ਹੈ। ਰਿਕਵਰੀ ਦਾ ਮਤਲਬ ਨਕਾਰਾਤਮਕ ਸੋਚਾਂ ਨੂੰ ਜ਼ਬਰਦਸਤੀ ਸਕਾਰਾਤਮਕ ਬਣਾਉਣਾ ਨਹੀਂ, ਸਗੋਂ ਹਰ ਸੋਚ 'ਤੇ ਵਿਸ਼ਵਾਸ ਨਾ ਕਰਨਾ ਸਿੱਖਣਾ ਹੈ।

ਮਾਈਂਡਫੁਲਨੈੱਸ ਸਿਖਾਉਂਦੀ ਹੈ ਕਿ ਸੋਚ ਸਿਰਫ਼ ਮਨ ਦੀ ਉਤਪਾਦ ਹੈ, ਉਹ ਹੁਕਮ ਨਹੀਂ। ਜਦੋਂ ਵਿਅਕਤੀ ਸੋਚਾਂ ਨੂੰ ਦੂਰੋਂ ਅਤੇ ਜਗਿਆਸਾ ਨਾਲ ਦੇਖਣਾ ਸਿੱਖ ਲੈਂਦਾ ਹੈ, ਤਾਂ ਮਾਨਸਿਕ ਦਬਾਅ ਘਟਣ ਲੱਗਦਾ ਹੈ।

ਭਾਵਨਾਤਮਕ ਕਮਰਾ: ਭਾਵਨਾਵਾਂ ਤੋਂ ਭੱਜਣ ਦੀ ਥਾਂ ਉਨ੍ਹਾਂ ਨੂੰ ਸਹਿਣਾ ਨਸ਼ੇ ਨਾਲ ਜੂਝ ਰਹੇ ਬਹੁਤ ਸਾਰੇ ਲੋਕਾਂ ਲਈ ਭਾਵਨਾਵਾਂ ਸਭ ਤੋਂ ਔਖਾ ਕਮਰਾ ਹੁੰਦਾ ਹੈ। ਦੁੱਖ, ਗੁੱਸਾ, ਡਰ, ਸ਼ਰਮ ਜਾਂ ਇਕੱਲਾਪਨ ਬਹੁਤ ਭਾਰੀ ਲੱਗਦਾ ਹੈ। ਅਕਸਰ ਕਿਸੇ ਨੇ ਉਨ੍ਹਾਂ ਨੂੰ ਸੁਰੱਖਿਅਤ ਤਰੀਕੇ ਨਾਲ ਭਾਵਨਾ ਮਹਿਸੂਸ ਕਰਨੀ ਸਿਖਾਈ ਹੀ ਨਹੀਂ ਹੁੰਦੀ।

ਮਾਈਂਡਫੁਲ ਰਿਕਵਰੀ ਵਿੱਚ ਭਾਵਨਾਵਾਂ ਨੂੰ ਦੁਸ਼ਮਣ ਨਹੀਂ ਮੰਨਿਆ ਜਾਂਦਾ। ਉਨ੍ਹਾਂ ਤੋਂ ਭੱਜਣ ਜਾਂ ਉਨ੍ਹਾਂ 'ਤੇ ਤੁਰੰਤ ਕਾਰਵਾਈ ਕਰਨ ਦੀ ਥਾਂ ਵਿਅਕਤੀ ਸਿੱਖਦਾ ਹੈ ਕਿ ਭਾਵਨਾਵਾਂ ਨੂੰ ਆਉਣ-ਜਾਣ ਦੇਣਾ ਹੈ।ਇਹ ਕਾਬਲੀਅਤ ਰਿਲੈਪਸ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ। ਭਾਵਨਾਵਾਂ ਅਸਥਾਈ ਹੁੰਦੀਆਂ ਹਨ, ਪਰ ਉਨ੍ਹਾਂ ਤੋਂ ਭੱਜਣਾ ਲੰਮੇ ਸਮੇਂ ਦਾ ਦੁੱਖ ਪੈਦਾ ਕਰਦਾ ਹੈ।

**ਆਤਮਿਕ ਕਮਰਾ**: ਅਰਥ, ਮੁੱਲ ਅਤੇ ਜੁੜਾਵ

ਆਤਮਿਕ ਕਮਰੇ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ। ਇਸ ਦਾ ਧਰਮ ਨਾਲ ਸਿੱਧਾ ਸਬੰਧ ਨਹੀਂ। ਇਹ ਜੀਵਨ ਦੇ ਅਰਥ, ਮੁੱਲਾਂ, ਮਕਸਦ ਅਤੇ ਆਪਣੇ ਆਪ ਨਾਲ ਤੇ ਹੋਰਨਾਂ ਨਾਲ ਜੁੜਾਵ ਬਾਰੇ ਹੈ।

ਨਸ਼ਾ ਜੀਵਨ ਨੂੰ ਸਿਮਟਾ ਦਿੰਦਾ ਹੈ। ਰਿਕਵਰੀ ਵਿੱਚ ਜੀਵਨ ਨੂੰ ਮੁੜ ਫੈਲਾਉਣ ਦੀ ਲੋੜ ਹੁੰਦੀ ਹੈ। ਸੱਚਾਈ, ਦਇਆ, ਪਰਵਾਰ, ਸੇਵਾ, ਰਚਨਾਤਮਕਤਾ ਵਰਗੇ ਮੁੱਲ ਰਿਕਵਰੀ ਨੂੰ ਮਜ਼ਬੂਤ ਬਣਾਉਂਦੇ ਹਨ।

**ਨਤੀਜਾ**: ਰਿਕਵਰੀ ਦਾ ਅਰਥ-ਪੂਰਨਤਾ ਹੈ।

ਰਿਕਵਰੀ ਪੂਰਨ ਹੋਣ ਦੀ ਗੱਲ ਨਹੀਂ, ਇਹ ਪੂਰਾ ਬਣਨ ਦੀ ਗੱਲ ਹੈ।

ਜਦੋਂ ਵਿਅਕਤੀ ਅਤੇ ਪਰਵਾਰ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਆਤਮਿਕ ਕਮਰਿਆਂ ਦੀ ਸੰਭਾਲ ਸੁਚੇਤ ਅਤੇ ਨਿਰੰਤਰ ਤਰੀਕੇ ਨਾਲ ਕਰਦੇ ਹਨ, ਤਾਂ ਨਸ਼ਾ ਆਪਣੀ ਪਕੜ ਖੋ ਬੈਠਦਾ ਹੈ। ਚੰਗਿਆਈ ਸਿਰਫ਼ ਸੰਭਵ ਹੀ ਨਹੀਂ, ਟਿਕਾਊ ਵੀ ਬਣ ਜਾਂਦੀ ਹੈ।

ਪਰਿਵਾਰਕ ਸਿੱਖਿਆ: ਨਸ਼ੇ ਤੋਂ ਚੰਗਿਆਈ ਵਿੱਚ ਪਰਵਾਰ ਦੀ ਭੂਮਿਕਾ

ਨਸ਼ੇ ਦੀ ਲਤ ਸਿਰਫ਼ ਇੱਕ ਵਿਅਕਤੀ ਦੀ ਸਮੱਸਿਆ ਨਹੀਂ ਹੁੰਦੀ, ਇਹ ਪੂਰੇ ਪਰਵਾਰ ਨੂੰ ਪ੍ਰਭਾਵਤ ਕਰਦੀ ਹੈ। ਬਹੁਤ ਵਾਰ ਪਰਵਾਰ ਅਣਜਾਣੇ ਵਿੱਚ ਉਹੀ ਤਰੀਕੇ ਵਰਤ ਲੈਂਦਾ ਹੈ, ਜੋ ਸਮੱਸਿਆ ਨੂੰ ਹੋਰ ਗਹਿਰਾ ਕਰ ਦਿੰਦੇ ਹਨ। ਇਸ ਲਈ ਪਰਵਾਰਕ ਸਿੱਖਿਆ ਬਹੁਤ ਜ਼ਰੂਰੀ ਹੈ।

ਪਰਵਾਰਾਂ ਨੂੰ ਇਹ ਸਮਝਣ ਦੀ ਲੋੜ ਹੈ:

* ਨਸ਼ਾ ਜ਼ਿਦ ਜਾਂ ਕਿਰਦਾਰ ਦੀ ਕਮਜ਼ੋਰੀ ਨਹੀਂ
* ਇਹ ਅਕਸਰ ਅਣਸੁਲਝੇ ਸਦਮੇ ਅਤੇ ਭਾਵਨਾਤਮਕ ਦਰਦ ਦੀ ਨਿਸ਼ਾਨੀ ਹੁੰਦਾ ਹੈ
* ਡਾਂਟ, ਤਾਣੇ, ਤੁਲਨਾ ਜਾਂ ਸ਼ਰਮਿੰਦਾ ਕਰਨਾ ਦਿਮਾਗ ਨੂੰ ਹੋਰ ਅਸੁਰੱਖਿਅਤ ਮਹਿਸੂਸ ਕਰਵਾਉਂਦਾ ਹੈ
* ਡਰ ਦੇ ਮਾਹੌਲ ਵਿੱਚ ਮਨ ਸਿੱਖਦਾ ਨਹੀਂ, ਉਹ ਸਿਰਫ਼ ਬਚਣ ਦੀ ਕੋਸ਼ਿਸ਼ ਕਰਦਾ ਹੈ

ਜਦੋਂ ਪਰਵਾਰ ਸਮੱਸਿਆ ਨੂੰ 'ਗਲਤੀ' ਦੀ ਥਾਂ 'ਸੰਘਰਸ਼' ਵਜੋਂ ਦੇਖਣਾ ਸਿੱਖ ਲੈਂਦਾ ਹੈ, ਤਾਂ ਇਲਾਜ ਦੀ ਦਿਸ਼ਾ ਬਦਲ ਜਾਂਦੀ ਹੈ।

ਪਰਿਵਾਰਾਂ ਲਈ ਸਿਹਤਮੰਦ ਤਰੀਕੇ

1. ਸੁਣਨਾ, ਸਿਰਫ਼ ਸਮਝਾਉਣਾ ਨਹੀਂ

ਬਹੁਤ ਵਾਰ ਨਸ਼ੇ ਨਾਲ ਜੂਝ ਰਹੇ ਵਿਅਕਤੀ ਨੂੰ ਸਲਾਹ ਨਹੀਂ, ਸੁਰੱਖਿਅਤ ਸੁਣਨ ਵਾਲੀ ਥਾਂ ਚਾਹੀਦੀ ਹੈ।ਚੁੱਪਚਾਪ, ਬਿਨਾਂ ਟੋਕਣ ਦੇ ਸੁਣਨਾ, ਇਹ ਵੀ ਇਲਾਜ ਹੈ।

2. ਹੱਦਾਂ ਬਣਾਉਣਾ, ਪਰ ਪਿਆਰ ਨਾਲ ਹੱਦਾਂ ਦਾ ਮਤਲਬ ਸਜ਼ਾ ਨਹੀਂ।ਇਸ ਦਾ ਮਤਲਬ ਹੈ:

* ਆਪਣੀ ਸੁਰੱਖਿਆ
* ਆਪਣੀ ਭਾਵਨਾਤਮਕ ਸੰਭਾਲ
* ਨਸ਼ੇ ਨੂੰ ਸਹਾਰਾ ਨਾ ਦੇਣਾਹੱਦਾਂ ਪਿਆਰ ਨਾਲ ਬਣਦੀਆਂ ਹਨ, ਗੁੱਸੇ ਨਾਲ ਨਹੀਂ।

3. 'ਕਿਉਂ ?' ਦੀ ਥਾਂ 'ਕਿਵੇਂ ?' ਪੁੱਛਣਾ

'ਤੂੰ ਐਸਾ ਕਿਉਂ ਕਰਦਾ ਹੈ ?'

ਦੀ ਥਾਂ ਪੁੱਛੋ—'ਅਸੀਂ ਤੇਰੀ ਮਦਦ ਕਿਵੇਂ ਕਰ ਸਕਦੇ ਹਾਂ ?' ਇਹ ਛੋਟਾ ਜਿਹਾ ਬਦਲਾਅ ਸੰਬੰਧਾਂ ਵਿੱਚ ਵੱਡਾ ਅਸਰ ਪਾਂਦਾ ਹੈ।

4. ਪਰਵਾਰ ਆਪਣੀ ਸੰਭਾਲ ਵੀ ਕਰੇ

ਨਸ਼ੇ ਨਾਲ ਜੂਝਦਾ ਪਰਵਾਰ ਅਕਸਰ ਆਪਣੇ ਆਪ ਨੂੰ ਭੁੱਲ ਜਾਂਦਾ ਹੈ।

ਪਰਿਵਾਰ ਦੀ ਚੰਗਿਆਈ ਬਿਨਾਂ ਵਿਅਕਤੀ ਦੀ ਚੰਗਿਆਈ ਅਧੂਰੀ ਰਹਿੰਦੀ ਹੈ।

ਮਾਈਂਡਫੁਲਨੈੱਸ: ਪਰਵਾਰ ਅਤੇ ਰਿਕਵਰੀ ਦੋਹਾਂ ਲਈ

ਮਾਈਂਡਫੁਲਨੈੱਸ ਦਾ ਮਤਲਬ ਹੈ—

ਇਸ ਪਲ ਵਿੱਚ, ਬਿਨਾਂ ਜੱਜਮੈਂਟ ਦੇ, ਮੌਜੂਦ ਰਹਿਣਾ।

ਇਹ ਸਿਰਫ਼ ਧਿਆਨ ਨਹੀਂ, ਸਗੋਂ ਜੀਣ ਦਾ ਢੰਗ ਹੈ।

ਪਰਵਾਰਾਂ ਲਈ ਸਧਾਰਨ ਮਾਈਂਡਫੁਲਨੈੱਸ ਤਕਨੀਕਾਂ

1. ਤਿੰਨ ਸਾਹਾਂ ਦੀ ਕਸਰਤ

ਜਦੋਂ ਗੁੱਸਾ, ਡਰ ਜਾਂ ਚਿੰਤਾ ਆਵੇ:

* ਤਿੰਨ ਹੌਲੇ ਸਾਹ ਲਓ
* ਸਾਹ ਅੰਦਰ—'ਮੈਂ ਇੱਥੇ ਹਾਂ'
* ਸਾਹ ਬਾਹਰ—'ਮੈਂ ਸ਼ਾਂਤ ਹੋ ਸਕਦਾ ਹਾਂ'

ਇਹ ਤਕਨੀਕ ਬਹਿਸ ਤੋਂ ਪਹਿਲਾਂ ਰੁਕਣ ਦਾ ਮੌਕਾ ਦਿੰਦੀ ਹੈ।

2. ਪ੍ਰਤੀਕਿਰਿਆ ਤੋਂ ਪਹਿਲਾਂ ਠਹਿਰਾਅ

ਹਰ ਗੱਲ ਦਾ ਤੁਰੰਤ ਜਵਾਬ ਦੇਣਾ ਲਾਜ਼ਮੀ ਨਹੀਂ।

ਮਾਈਂਡਫੁਲਨੈੱਸ ਸਿਖਾਉਂਦੀ ਹੈ ਕਿ ਜਵਾਬ ਦੇਣ ਤੋਂ ਪਹਿਲਾਂ ਰੁਕਣਾ ਵੀ ਬੁੱਧੀਮਾਨੀ ਹੈ।

3. ਸਰੀਰ ਦੀ ਸੁਣਵਾਈ

ਗੁੱਸਾ ਅਕਸਰ ਸਰੀਰ ਵਿੱਚ ਪਹਿਲਾਂ ਆਉਂਦਾ ਹੈ,

ਦਿਲ ਦੀ ਧੜਕਣ, ਸਿਰ ਦਰਦ, ਮੋਢਿਆਂ ਦੀ ਕਸਾਵਟ।

ਇਹ ਸੰਕੇਤ ਸਮੇਂ 'ਤੇ ਸਮਝ ਆ ਜਾਣ, ਤਾਂ ਟਕਰਾਅ ਘਟ ਹੁੰਦਾ ਹੈ।

ਰਿਕਵਰੀ ਵਿੱਚ ਰਹਿ ਰਹੇ ਵਿਅਕਤੀਆਂ ਲਈ ਮਾਈਂਡਫੁਲ ਅਭਿਆਸ

* ਕ੍ਰੇਵਿੰਗ ਨੂੰ ਲਹਿਰ ਵਾਂਗ ਦੇਖੋ – ਉਹ ਆਉਂਦੀ ਹੈ, ਰਹਿੰਦੀ ਹੈ, ਫਿਰ ਚਲੀ ਜਾਂਦੀ ਹੈ
* ਭਾਵਨਾਵਾਂ ਨੂੰ ਨਾਂਅ ਦਿਓ – 'ਇਹ ਗੁੱਸਾ ਹੈ', 'ਇਹ ਡਰ ਹੈ'
* ਸਰੀਰ ਨਾਲ ਜੁੜੇ ਰਹੋ – ਪੈਰ ਧਰਤੀ 'ਤੇ, ਸਾਹ ਅੰਦਰ-ਬਾਹਰ

ਜਦੋਂ ਮਨ ਭੱਜਣਾ ਚਾਹੁੰਦਾ ਹੈ, ਮਾਈਂਡਫੁਲਨੈੱਸ ਠਹਿਰਨਾ ਸਿਖਾਉਂਦੀ ਹੈ।

ਪਰਵਾਰਾਂ ਲਈ ਇੱਕ ਸੰਦੇਸ਼

ਨਸ਼ੇ ਤੋਂ ਚੰਗਿਆਈ ਕੋਈ ਸਿੱਧੀ ਲਕੀਰ ਨਹੀਂ ਹੁੰਦੀ।

ਕਈ ਵਾਰ ਪਿੱਛੇ ਵੀ ਜਾਣਾ ਪੈਂਦਾ ਹੈ।

ਪਰ ਯਾਦ ਰੱਖੋ:

* ਰਿਲੈਪਸ ਨਾਕਾਮੀ ਨਹੀਂ
* ਇਹ ਇੱਕ ਸੰਕੇਤ ਹੈ ਕਿ ਕਿਸੇ 'ਕਮਰੇ' ਨੂੰ ਹੋਰ ਧਿਆਨ ਚਾਹੀਦਾ ਹੈ
* ਦਇਆ ਅਤੇ ਸਮਝ ਦਵਾਈ ਤੋਂ ਘੱਟ ਨਹੀਂ

ਸਵਾਲ ਇਹ ਨਹੀਂ ਕਿ

'ਇਹ ਮੁੜ ਕਿਉਂ ਹੋ ਗਿਆ ?' ਸਵਾਲ ਇਹ ਹੈ ਕਿ

'ਅਸੀਂ ਹੁਣ ਹੋਰ ਚੰਗੀ ਤਰ੍ਹਾਂ ਕਿਵੇਂ ਸਾਥ ਦੇ ਸਕਦੇ ਹਾਂ ?'

***ਸੰਪਰਕ: +12792453149***

# ਸੰਗਰੂਰ ਪੁਲਸ ਨੇ ਲਹਿਰਾਗਾਗਾ ਵਿਖੇ ਹੋਏ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ

## ਤਿੰਨ ਗ੍ਰਿਫ਼ਤਾਰ, ਚਾਂਦੀ ਤੇ ਬਨਾਵਟੀ ਗਹਿਣੇ ਵੀ ਬਰਾਮਦ, ਤਫ਼ਤੀਸ਼ ਜਾਰੀ : ਐੱਸ ਐੱਸ ਪੀ ਚਾਹਲ



**ਸੰਗਰੂਰ/ਮੂਨਕ (ਪ੍ਰਵੀਨ ਸਿੰਘ/ਰਾਜਪਾਲ ਸਿੰਗਲਾ)** ਐੱਸ.ਐੱਸ.ਪੀ. ਸਰਤਾਜ ਸਿੰਘ ਚਾਹਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਬੀਤੇ ਦਿਨੀਂ ਲਹਿਰਾਗਾਗਾ ਵਿਖੇ ਹੋਏ ਇੱਕ ਅੰਨ੍ਹੇ ਕਤਲ ਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਚਾਂਦੀ ਤੇ ਬਨਾਵਟੀ ਗਹਿਣੇ ਵੀ ਬਰਾਮਦ ਕੀਤੇ ਗਏ ਹਨ। ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਬੀਤੀ 2, 3 ਜਨਵਰੀ 2026 ਦੀ ਦਰਮਿਆਨੀ ਰਾਤ ਨੂੰ ਕ੍ਰਿਸ਼ਨ ਕੁਮਾਰ ਉਰਫ ਨੀਟਾ ਪੁੱਤਰ ਜਗਦੀਸ਼ ਰਾਏ ਵਾਸੀ ਲਹਿਰਾ ਦੇ ਘਰ ਅੰਦਰ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਦਾਖਲ ਹੋਏ ਸਨ।ਅਣਪਛਾਤੇ ਮੁਲਜ਼ਮਾਂ ਵੱਲੋਂ ਘਰ ਵਿੱਚ ਪਏ 15,000/- ਰੁਪਏ ਨਗਦ ਤੇ ਕੁਝ ਸਾਮਾਨ ਦੀ ਲੁੱਟ ਕੀਤੀ ਗਈ ਅਤੇ ਇਸ ਘਟਨਾ ਦੌਰਾਨ ਕ੍ਰਿਸ਼ਨ ਕੁਮਾਰ ਉਰਫ ਨੀਟਾ ਦੇ ਸੱਟਾਂ ਲੱਗਣ ਕਾਰਨ ਮੌਤ ਹੋ ਗਈ ਸੀ।ਮ੍ਰਿਤਕ ਕ੍ਰਿਸ਼ਨ ਕੁਮਾਰ ਉਰਫ ਨੀਟਾ ਦੇ ਰਿਸ਼ਤੇਦਾਰ ਜਤਿੰਦਰ ਕੁਮਾਰ ਉਰਫ ਕਾਕਾ ਪੁੱਤਰ ਮਦਨ ਲਾਲ ਵਾਸੀ ਵਾਰਡ ਨੰਬਰ 07 ਟੋਹਾਣਾ (ਹਰਿਆਣਾ) ਦੇ ਬਿਆਨ 'ਤੇ ਮੁਕੱਦਮਾ ਥਾਣਾ ਲਹਿਰਾ ਵਿਖੇ ਤਿੰਨ ਨਾ-ਮਾਲੂਮ ਵਿਅਕਤੀਆਂ ਵਿਰੁੱਧ ਦਰਜ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ।ਮਾਮਲੇ ਦੀ ਜਾਂਚ ਲਈ ਦਵਿੰਦਰ ਅੱਤਰੀ, ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਅਗਵਾਈ ਹੇਠ ਦਲਜੀਤ ਸਿੰਘ ਵਿਰਕ ਉਪ ਕਪਤਾਨ ਪੁਲਸ (ਡਿਟੈਕਟਿਵ) ਸੰਗਰੂਰ, ਰਣਬੀਰ ਸਿੰਘ ਉਪ-ਕਪਤਾਨ ਪੁਲਸ ਸਬ ਡਵੀਜ਼ਨ ਲਹਿਰਾ ਦੀ ਨਿਗਰਾਨੀ ਹੇਠ ਇੰਚਾਰਜ ਸੀ.ਆਈ.ਏ. ਤੇ ਮੁੱਖ ਅਫ਼ਸਰ ਥਾਣਾ ਲਹਿਰਾ ਦੀਆਂ ਵੱਖ ਟੀਮਾਂ ਬਣਾ ਕੇ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਉਂਦੇ ਹੋਏ 6 ਜਨਵਰੀ 2026 ਨੂੰ ਸੁਲਝਾ ਕੇ ਮੁਲਜ਼ਮਾਂ ਅਕਾਸ਼ਦੀਪ ਸ਼ਰਮਾ (23) ਉਰਫ ਲੱਕੀ ਪੁੱਤਰ ਟਿੰਕੂ ਸ਼ਰਮਾ ਪੁੱਤਰ ਕੁਲਦੂ ਰਾਮ ਵਾਸੀ ਲਹਿਰਾ, ਮਨਪ੍ਰੀਤ ਸਿੰਘ (25) ਉਰਫ ਬੀਰੂ ਪੁੱਤਰ ਪੱਪੂ ਸਿੰਘ ਉਰਫ ਰਾਜੂ ਪੁੱਤਰ ਸੋਹਣ ਲਾਲ ਵਾਸੀ ਖਾਈ ਬਸਤੀ ਲਹਿਰਾ ਤੇ ਸਨੀ ਕੁਮਾਰ (21) ਉਰਫ ਮੰਗਲ ਪੁੱਤਰ ਰਾਜਿੰਦਰ ਕੁਮਾਰ ਪੁੱਤਰ ਰਾਮ ਕੁਮਾਰ ਵਾਸੀ ਲਹਿਰਾ ਨੂੰ ਗ੍ਰਿਫਤਾਰ ਕਰਕੇ ਜੁਰਮ 331(8), 309(4) ਭਾਰਤੀ ਨਿਆਂ ਸੰਹਿਤਾ (460, 392 ਆਈ ਪੀ ਸੀ) ਦਾ ਵਾਧਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਹਿਲੀ ਨਜ਼ਰੇ ਇਹ ਮਾਮਲਾ ਪੈਸਿਆਂ ਦੇ ਆਪਸੀ ਲੈਣ ਦੇਣ ਨਾਲ ਸਬੰਧਤ ਲੱਗਦਾ ਹੈ ਤੇ ਮਨਪ੍ਰੀਤ ਸਿੰਘ ਤੋਂ ਬਿਨਾਂ ਦੋਵੇਂ ਦੋਸ਼ੀ ਅਪਰਾਧੀ ਕਿਸਮ ਦੇ ਵਿਅਕਤੀ ਹਨ, ਜਿਨ੍ਹਾਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਕ੍ਰਿਸ਼ਨ ਕੁਮਾਰ ਦਾ ਕਤਲ ਕੀਤਾ ਗਿਆ।ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ ਤੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਮੋਦੀ ਸਰਕਾਰ ਮਨਰੇਗਾ ਨੂੰ ਖਤਮ ਕਰਕੇ ਪੂੰਜੀਪਤੀਆਂ ਨੂੰ ਖੁਸ਼ ਕਰ ਰਹੀ : ਐਡਵੋਕੇਟ ਦਲਿਓ/ਬੀਰੋਕੇ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਫੂਕਿਆ ਪੁਤਲਾ



**ਬੁਢਲਾਡਾ (ਅਸ਼ੋਕ ਲਾਕੜਾ)**-ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਵੱਲੋਂ ਇੱਥੋਂ ਨੇੜਲੇ ਬੀਰੋਕੇ ਕਲਾਂ ਵਿਖੇ ਮਨਰੇਗਾ ਕਾਨੂੰਨ ਵਿੱਚ ਸੋਧਾਂ ਕਰਨ ਵਿਰੁੱਧ ਤੇ ਇਸ ਕਾਨੂੰਨ ਦਾ ਨਾਮ ਬਦਲ ਕੇ ਵੀ. ਬੀ. ਜੀ ਰਾਮ ਜੀ ਰੱਖੇ ਜਾਣ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਮੌਕੇ ਮਜ਼ਦੂਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਵੀ ਫੂਕਿਆ।ਇਸ ਮੌਕੇ ਬੋਲਦਿਆਂ ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਤੇ ਮਨਰੇਗਾ ਮਜ਼ਦੂਰਾਂ ਦੇ ਆਗੂ ਸੰਦੀਪ ਸਿੰਘ ਬੀਰੋਕੇ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਚਹੇਤੇ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਮਜ਼ਦੂਰਾਂ ਦੇ ਹੱਕਾਂ ਉੱਤੇ ਡਾਕਾ ਮਾਰ ਰਹੀ ਹੈ ਤੇ ਇਸ ਨਵੇਂ ਐਕਟ ਨਾਲ ਕੇਂਦਰ ਸਰਕਾਰ ਦੁਆਰਾ ਰਾਜਾਂ ਦਾ ਹਿੱਸਾ 40 ਫੀਸਦੀ ਕਰਨ ਨਾਲ ਇਸ ਕਾਨੂੰਨ ਤਹਿਤ ਕੰਮ ਨਹੀਂ ਮਿਲ ਸਕੇਗਾ, ਕਿਉਂਕਿ ਦੇਸ਼ ਦੇ ਸੂਬੇ ਪਹਿਲਾਂ ਹੀ ਆਰਥਿਕ ਮੰਦਹਾਲੀ ਵਿੱਚੋਂ ਲੰਘ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਾਰ ਵਿੱਚ ਕੇਂਦਰ ਸਰਕਾਰ ਮਗਨਰੇਗਾ ਕਾਨੂੰਨ ਨੂੰ ਖਤਮ ਕਰਨਾ ਚਾਹੁੰਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਨੂੰ ਖਤਮ ਨਹੀਂ ਹੋਣ ਦਿੱਤਾ ਜਾਵੇਗਾ ਤੇ ਇਸ ਮੁੱਦੇ ਨੂੰ ਲੈ ਕੇ ਭਵਿੱਖ ਦੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ ਕਮਿਊਨਿਸਟ ਪਾਰਟੀਆਂ ਦੇ ਯਤਨਾਂ ਸਦਕਾ ਯੂ.ਪੀ.ਏ. 1 ਦੀ ਸਰਕਾਰ ਵਿੱਚ ਲਿਆਂਦਾ ਗਿਆ ਸੀ ਤੇ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਮਜ਼ਦੂਰਾਂ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।ਆਗੂਆਂ ਨੇ ਮਨਰੇਗਾ ਕਾਨੂੰਨ ਨੂੰ ਬਹਾਲ ਕਰਨ ਤੇ ਇਸ ਕਾਨੂੰਨ ਤਹਿਤ ਸਾਰੀ ਰਾਸ਼ੀ ਕੇਂਦਰ ਸਰਕਾਰ ਦੁਆਰਾ ਖਰਚ ਕਰਨ ਦੀ ਮੰਗ ਕੀਤੀ।ਇਸ ਮੌਕੇ ਪਰਮਜੀਤ ਕੌਰ ਮੈਂਬਰ ਪੰਚਾਇਤ, ਭੋਲਾ ਸਿੰਘ, ਜਗਤਾਰ ਸਿੰਘ, ਮਨਪ੍ਰੀਤ ਕੌਰ, ਸੰਦੀਪ ਸਿੰਘ, ਸਾਗਰ ਸਿੰਘ, ਮਨਜੀਤ ਕੌਰ, ਗੁਰਪਿਆਰ ਸਿੰਘ, ਰੋਹੀ ਸਿੰਘ, ਬਾਬੂ ਸਿੰਘ, ਬਲਦੇਵ ਸਿੰਘ, ਪਰਮਜੀਤ ਕੌਰ, ਮਨਪ੍ਰੀਤ ਕੌਰ, ਮਿੱਠੂ ਸਿੰਘ, ਨਛੱਤਰ ਸਿੰਘ ਆਦਿ ਹਾਜ਼ਰ ਸਨ।

# ਖੱਬੇ-ਪੱਖੀਆਂ ਪਾਰਟੀਆਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕਿਆ




**ਕੋਟ ਈਸੇ ਖਾਂ (ਅਰੋੜਾ)**-ਖੱਬੀਆਂ ਪਾਰਟੀਆ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਕੋਟ ਈਸੇ ਖਾਂ ਵਿਖੇ ਸੀਪੀਆਈ (ਐੱਮ) ਜ਼ਿਲ੍ਹਾ ਮੋਗਾ ਵੱਲੋਂ ਕਾਮਰੇਡ ਸੁਰਜੀਤ ਸਿੰਘ ਗਗੜਾ ਸੂਬਾ ਕਮੇਟੀ ਮੈਂਬਰ ਸੀਪੀਆਈ (ਐੱਮ) ਪੰਜਾਬ ਦੀ ਅਗਵਾਈ ਵਿੱਚ ਸ਼ਹਿਰ ਵਿੱਚ ਰੋਸ ਮਾਰਚ ਕਰਦੇ ਹੋਏ ਕੋਟ ਈਸੇ ਖਾਂ ਦੇ ਮੇਨ ਚੌਕ ਵਿੱਚ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਗਿਆ।ਇਸ ਸਮੇਂ ਗਗੜਾ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਸ ਦੀ ਪਤਨੀ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਅਮਰੀਕਾ ਦੀਆਂ ਫੌਜਾਂ ਵੱਲੋਂ ਚੁਣਿਆ ਹੋਇਆ ਰਾਸ਼ਟਰਪਤੀ ਹੈ। ਅਮਰੀਕਾ ਨੇ ਧੱਕੇ ਨਾਲ ਆਪਣੇ ਜ਼ੋਰ ਦੇ ਸਹਾਰੇ ਵੈਨੇਜ਼ੁਏਲਾ 'ਤੇ ਹਮਲਾ ਕਰਕੇ ਉੱਥੇ ਦੇ ਰਾਸ਼ਟਰਪਤੀ ਤੇ ਉਸ ਦੀ ਪਤਨੀ ਨੂੰ ਜਬਰਨ ਅਗਵਾ ਕਰਕੇ ਅਮਰੀਕਾ ਲਿਆਂਦਾ ਗਿਆ ਹੈ।ਉਸ ਉਪਰ ਅਮਰੀਕਾ ਦੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਅਮਰੀਕਾ ਵੱਲੋਂ ਕਿਊਬਾ, ਮੈਕਸੀਕੋ, ਡੈਨਮਾਰਕ, ਗਰੀਨਲੈਂਡ ਆਦਿ ਦੇਸ਼ਾਂ 'ਤੇ ਵੀ ਉਨ੍ਹਾਂ ਉਪਰ ਕਬਜ਼ਾ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ।ਅਮਰੀਕਾ ਅਜਿਹਾ ਕਰਕੇ ਉਨ੍ਹਾਂ ਦੇਸ਼ਾਂ ਦੇ ਤੇਲ ਤੇ ਗੈਸ ਦੇ ਭੰਡਾਰਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ।ਇਸ ਤੋਂ ਇਲਾਵਾ ਅਮਰੀਕਾ ਭਾਰਤ ਨੂੰ ਵੀ ਰੂਸ ਤੋਂ ਤੇਲ ਦੀ ਖਰੀਦ ਬੰਦ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ।ਭਾਰਤ ਵੱਲੋਂ ਰੂਸ ਤੋਂ ਤੇਲ ਦੀ ਖਰੀਦ ਬੰਦ ਨਾ ਕਰਨ ਦੀ ਸੂਰਤ ਵਿੱਚ ਅਮਰੀਕਾ ਵੱਲੋਂ ਭਾਰਤ ਉਪਰ 500% ਟੈਰਿਫ ਲਾਉਣ ਦੀ ਯੋਜਨਾ ਬਣਾਈ ਹੈ।ਇਸ ਸਮੇਂ ਕਾਮਰੇਡ ਰਾਮ ਕ੍ਰਿਸ਼ਨ ਧਰਮਕੋਟ ਤਹਿਸੀਲ ਸਕੱਤਰ ਸੀ.ਪੀ.ਆਈ (ਐੱਮ) ਤਹਿਸੀਲ ਧਰਮਕੋਟ ਨੇ ਕਿਹਾ ਕਿ ਦੁਨੀਆ ਦੇ ਦੇਸ਼ਾਂ ਨੂੰ ਇਕੱਠਿਆਂ ਹੋ ਕਿ ਅਮਰੀਕਾ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਕਿਹਾ ਗਿਆ ਕਿ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਡੀ ਸੀ ਦਫ਼ਤਰ ਮੋਗਾ ਵਿਖੇ ਲਗਾਏ ਜਾ ਰਹੇ ਧਰਨੇ ਵਿੱਚ ਕੁੱਲ ਹਿੰਦ ਕਿਸਾਨ ਸਭਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਸੀਟੂ ਤੇ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਮੋਗਾ ਦੇ ਜੁਝਾਰੂ ਸਾਥੀ ਵੱਡੀ ਪੱਧਰ 'ਤੇ ਸ਼ਾਮਲ ਹੋਣਗੇ।ਇਸ ਸਮੇਂ ਕਾਮਰੇਡ ਸੁਰਜੀਤ ਸਿੰਘ ਗਗੜਾ ਸੂਬਾ ਕਮੇਟੀ ਮੈਂਬਰ ਸੀਪੀਆਈ (ਐੱਮ), ਕਾਮਰੇਡ ਰਾਮ ਕ੍ਰਿਸ਼ਨ ਧਰਮਕੋਟ, ਕਾਮਰੇਡ ਰਣਜੀਤ ਸਿੰਘ ਮੰਘੇੜਾ, ਕਾਮਰੇਡ ਗਗਨਦੀਪ ਸਿੰਘ ਬਲਖੰਡੀ, ਕਾਮਰੇਡ ਬਲਜੀਤ ਸਿੰਘ ਸੋਹੀ, ਕਾਮਰੇਡ ਸੁਰਿੰਦਰ ਪਾਲ ਚੀਮਾ ਰੋਡ, ਕਾਮਰੇਡ ਗੁਰਿੰਦਰ ਸਿੰਘ ਵੈੜਣ, ਕਾਮਰੇਡ ਬਲਰਾਮ ਸਿੰਘ ਠਾਕੁਰ, ਕਾਮਰੇਡ ਬਲਦੇਵ ਸਿੰਘ ਚੱਕੀ ਵਾਲਾ, ਕਾਮਰੇਡ ਜੱਗਾ ਸਿੰਘ ਬੱਡੂਵਾਲ, ਕਾਮਰੇਡ ਗੁਰਦੇਵ ਸਿੰਘ ਬੱਡੂਵਾਲ, ਰੇਸ਼ਮ ਸਿੰਘ ਚੀਮਾ ਰੋਡ, ਕਾਮਰੇਡ ਹਰਜਿੰਦਰ ਪਾਲ ਪ੍ਰਧਾਨ ਟੈਂਪੂ ਯੂਨੀਅਨ, ਕਾਮਰੇਡ ਜਨਕ ਰਾਜ ਧਰਮਕੋਟ, ਕਾਮਰੇਡ ਨਕਰਾਜ, ਨਵਰਾਜ ਖੇਤੀ ਸੈਂਟਰ ਵਾਲੇ, ਕਾਮਰੇਡ ਹਰਭਜਨ ਸਿੰਘ ਮਹਿਲ, ਜਗਦੀਸ਼ ਸਿੰਘ ਕੋਟ ਈਸੇ ਖਾਂ, ਲਾਲੀ ਕਲਸੀ ਕੋਟ ਈਸੇ ਖਾਂ, ਕੁਲਵੰਤ ਸਿੰਘ ਕੋਟ ਈਸੇ ਖਾਂ, ਨਿਆਮਤ ਸਿੰਘ ਕੋਟ ਈਸੇ ਖਾਂ ਤੇ ਸੁਖਦੇਵ ਸਿੰਘ ਕੋਟ ਈਸੇ ਖਾਂ ਆਦਿ ਹਾਜ਼ਰ ਸਨ।

# ਠੰਢ 'ਚ ਅਣ-ਐਲਾਨੇ ਬਿਜਲੀ ਕੱਟਾਂ ਨੇ ਚਾਂਗਲੀ ਵਾਸੀ ਸਤਾਏ



**ਸ਼ੇਰਪੁਰ (ਰਵੀ ਟਿੱਬਾ)**-ਇੱਕ ਪਾਸੇ ਸੂਬਾ ਸਰਕਾਰ ਲੋਕਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਗੱਲ ਕਰ ਹੈ, ਦੂਜੇ ਪਾਸੇ ਠੰਡ ਦੇ ਦਿਨਾਂ ਵਿੱਚ ਵੀ ਪਾਵਰਕਾਮ ਮਹਿਕਮੇ ਵੱਲੋਂ ਲਗਾਏ ਜਾ ਰਹੇ ਅਣਐਲਾਨੇ ਕੱਟਾਂ ਨੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।ਉਪਰੋਕਤ ਵਿਸ਼ੇ 'ਤੇ ਤੰਜ ਕਸਦਿਆਂ ਸੀਨੀਅਰ ਕਾਂਗਰਸੀ ਆਗੂ ਨਸੀਬ ਸਿੰਘ ਚਾਂਗਲੀ, ਸੀਨੀਅਰ ਕਾਂਗਰਸੀ ਆਗੂ ਮਨਜੋਤ ਸਿੰਘ ਚਾਗਲੀ, ਸਰਬਜੀਤ ਸਿੰਘ ਜੌਹਲ, ਹਰਦੀਪ ਸਿੰਘ, ਨਿਰਮਲ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਸਥਾਨਕ ਪ੍ਰਤੀ ਨਿਧੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ 10 ਦਿਨਾਂ ਤੋਂ ਪਾਵਰਕਾਮ ਵੱਲੋਂ ਅਣਐਲਾਨੇ ਕੱਟ ਲਗਾਏ ਜਾ ਰਹੇ ਹਨ, ਜਿਸ ਨਾਲ ਹਰ ਪਿੰਡ ਵਾਸੀ ਪ੍ਰੇਸ਼ਾਨ ਹੈ।ਉਨ੍ਹਾਂ ਕਿਹਾ ਕਿ ਜਦੋਂ ਸਵੇਰੇ ਗੁਰੂ ਘਰ ਜਾਣ ਦਾ ਸਮਾਂ ਹੁੰਦਾ ਹੈ ਜਾਂ ਸ਼ਾਮ ਨੂੰ ਆਪਣੇ ਕੰਮਾਂ ਕਾਰਾਂ ਤੋਂ ਥੱਕੇ ਲੋਕ ਕੁਝ ਆਰਾਮ ਦੇ ਪਲ ਬਿਤਾਉਣਾ ਚਾਹੁੰਦੇ ਹਨ ਤਾਂ ਅਣਐਲਾਨੇ ਕੱਟ ਲਗਾਏ ਜਾਂਦੇ ਹਨ।ਉਨ੍ਹਾਂ ਵੱਲੋਂ ਇਸ ਸਬੰਧੀ ਸ੍ਰ. ਦਲਬੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਾਲ ਵੀ ਗੱਲ ਕਰਨੀ ਚਾਹੀ, ਪਰ ਅਸਫ਼ਲ ਰਹੇ।ਉਪਰੋਕਤ ਆਗੂਆਂ ਨੇ ਕਿਹਾ ਕਿ ਜੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਦੇ ਪਿੰਡਾਂ ਦਾ ਇਹ ਹਾਲ ਹੈ ਤਾਂ ਬਾਕੀ ਪਿੰਡਾਂ ਦਾ ਕੀ ਹੋਵੇਗਾ ? ਉਨ੍ਹਾਂ ਕਿਹਾ ਕਿ ਅਸੀਂ ਕਈ ਵਾਰ ਪਾਵਰਕਾਮ ਦੇ ਅਧਿਕਾਰੀਆਂ ਨਾਲ ਇਸ ਸਬੰਧੀ ਗੱਲ ਕੀਤੀ ਤਾਂ ਇਸ ਸਬੰਧੀ ਉਨ੍ਹਾਂ ਕੋਲ ਵੀ ਪੁਖਤਾ ਜਵਾਬ ਨਹੀਂ ਸਨ।ਉਪਰੋਕਤ ਆਗੂਆਂ ਨੇ ਮੰਗ ਕੀਤੀ ਕਿ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਜਾਵੇ ਤੇ ਜੇਕਰ ਕੋਈ ਕੱਟ ਲਗਾਉਣਾ ਹੈ ਤਾਂ ਇਸ ਸਬੰਧੀ ਪਹਿਲਾਂ ਸੋਸ਼ਲ ਮੀਡੀਆ/ਮੀਡੀਆ ਜਾਂ ਅਨਾਊਂਸਮੈਂਟ ਰਾਹੀਂ ਲੋਕਾਂ ਨੂੰ ਸੂਚਿਤ ਕੀਤਾ ਜਾਵੇ।ਇਸ ਸਬੰਧੀ ਫੋਨ 'ਤੇ ਗੱਲਬਾਤ ਕੀਤੇ ਜਾਣ 'ਤੇ ਪਾਵਰਕਾਮ ਐਕਸੀਅਨ ਧੂਰੀ ਨੇ ਦੱਸਿਆ ਕਿ ਇਹ ਕੱਟ ਪਾਵਰ ਕੰਟਰੋਲਰ ਪਟਿਆਲਾ ਵੱਲੋਂ ਲੋੜ ਅਨੁਸਾਰ ਰਾਤ ਨੂੰ ਲਗਾਏ ਜਾ ਰਹੇ ਹਨ, ਜੋ ਕਿ ਇਕੱਲੇ ਇੱਕ ਪਿੰਡ ਵਿੱਚ ਹੀ ਨਹੀਂ ਬਾਕੀ ਗਰਿੱਡਾਂ 'ਤੇ ਵੀ ਲਗਾਏ ਜਾਂਦੇ ਹਨ।ਦਿਨ ਜਾਂ ਸਵੇਰ ਦੇ ਕੱਟਾਂ ਬਾਰੇ ਮੈਂ ਚੈੱਕ ਕਰਦਾ ਹਾਂ, ਕਿਸੇ ਨੂੰ ਵੀ ਅਣਐਲਾਨੇ ਕੱਟਾਂ ਦੀ ਦਿੱਕਤ ਨਹੀਂ ਆਵੇਗੀ।

# ਗੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚਾ ਨੇ ਵਿਧਾਇਕਾ ਨੂੰ ਸੌਂਪਿਆ ਮੰਗ ਪੱਤਰ

## ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿਵਾਉਣ ਲਈ ਸਰਕਾਰ ਵਚਨਬੱਧ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮੋਰਚਾ (ਗੈਰ-ਸਿਆਸੀ) ਯੂਨੀਅਨ ਵੱਲੋਂ ਪੰਜਾਬ ਭਰ ਦੇ ਵਿਧਾਇਕਾਂ ਨੂੰ ਕਿਸਾਨੀ ਤੇ ਲੋਕ ਹਿੱਤਾਂ ਨਾਲ ਜੁੜੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਮੰਗ ਪੱਤਰ ਸਵੀਕਾਰ ਕਰਨਾ ਕਿਸਾਨਾਂ ਲਈ ਵੱਡੀ ਸਹੂਲਤ ਹੈ, ਪਰ ਹੁਣ ਲੋੜ ਮੰਗਾਂ 'ਤੇ ਅਮਲੀ ਕਾਰਵਾਈ ਕਰਨ ਦੀ ਹੈ।ਜਾਣਕਾਰੀ ਦਿੰਦਿਆਂ ਕਿਸਾਨ ਆਗੂ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ 2025 ਵਿੱਚ ਪਾਸ ਕੀਤਾ ਗਿਆ ਬਿਜਲੀ ਸੋਧ ਬਿਲ ਤੁਰੰਤ ਰੱਦ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਹ ਬਿੱਲ ਕੇਵਲ ਕਿਸਾਨਾਂ ਦਾ ਨਹੀਂ ਸਗੋਂ ਸਮੂਹ ਆਮ ਲੋਕਾਂ ਦਾ ਮੁੱਦਾ ਹੈ, ਜਿਸ ਨਾਲ ਦੁਕਾਨਦਾਰਾਂ, ਮਜ਼ਦੂਰਾਂ ਤੇ ਹਰ ਵਰਗ ਦੇ ਲੋਕ ਪ੍ਰਭਾਵਿਤ ਹੋਣਗੇ।ਜੇਕਰ ਸਰਕਾਰ ਨੇ ਇਸ ਬਿਲ ਨੂੰ ਰੱਦ ਨਾ ਕੀਤਾ ਤਾਂ ਕਿਸਾਨ ਵੱਡਾ ਸੰਘਰਸ਼ ਛੇੜਣ ਲਈ ਮਜਬੂਰ ਹੋਣਗੇ।ਇਸ ਤੋਂ ਇਲਾਵਾ ਕੋਆਪ੍ਰੇਟਿਵ ਸੁਸਾਇਟੀਆਂ ਤੇ ਲੈਂਡ ਮਾਰਟਗੇਜ ਬੈਂਕਾਂ ਵੱਲੋਂ ਕਿਸਾਨਾਂ 'ਤੇ ਚੜ੍ਹਾਏ ਜਾ ਰਹੇ ਭਾਰੀ ਕਰਜ਼ੇ ਦਾ ਮਸਲਾ ਵੀ ਉਠਾਇਆ ਗਿਆ।ਉਨ੍ਹਾਂ ਦੱਸਿਆ ਕਿ ਕਈ ਮਾਮਲਿਆਂ ਵਿੱਚ 60 ਹਜ਼ਾਰ ਰੁਪਏ ਦਾ ਟਿਊਬਵੈੱਲ ਕਰਜ਼ਾ ਵਧ ਕੇ ਲੱਖਾਂ ਰੁਪਏ ਤੱਕ ਪਹੁੰਚ ਗਿਆ ਹੈ, ਜਿਸ ਕਾਰਨ ਕਿਸਾਨ ਕਰਜ਼ਾ ਮੋੜਨ ਤੋਂ ਅਸਮਰੱਥ ਹਨ।ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਸਰਕਾਰ ਇਕ ਮਤਾ ਪਾਸ ਕਰਕੇ ਸੈਟਲਮੈਂਟ ਸਕੀਮ ਲਿਆਏ, ਜਿਸ ਤਹਿਤ ਕਿਸਾਨ ਕੇਵਲ ਮੂਲ ਰਕਮ ਅਦਾ ਕਰਨ ਤੇ ਸਾਰਾ ਵਿਆਜ਼ ਮਾਫ਼ ਕੀਤਾ ਜਾਵੇ।

ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਕਿਸਾਨ ਮੋਰਚਾ ਵੱਲੋਂ ਉਠਾਏ ਗਏ ਸਾਰੇ ਮੁੱਦੇ ਗੰਭੀਰ ਤੇ ਜਾਇਜ਼ ਹਨ, ਜਿਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਜ਼ਰੂਰ ਉਠਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੰਗ ਪੱਤਰ ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਐਕਟ 2025 ਦਾ ਮੁੱਖ ਤੌਰ 'ਤੇ ਵਿਰੋਧ ਕੀਤਾ ਗਿਆ ਹੈ।ਕਿਸਾਨਾਂ ਦੀ ਮੰਗ ਹੈ ਕਿ ਇਸ ਐਕਟ ਨੂੰ ਵਿਧਾਨ ਸਭਾ ਵਿੱਚ ਚਰਚਾ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ ਤੇ ਇਸ ਨੂੰ ਰੱਦ ਕਰਵਾਇਆ ਜਾਵੇ।ਇਸ ਦੇ ਨਾਲ ਹੀ ਚਿੱਪ ਵਾਲੇ (ਸਮਾਰਟ) ਮੀਟਰਾਂ ਦੇ ਲਾਗੂ ਕਰਨ 'ਤੇ ਵੀ ਕਿਸਾਨਾਂ ਨੇ ਨਿਰਾਸ਼ਾ ਪ੍ਰਗਟ ਕੀਤੀ।ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਪ੍ਰੀਪੇਡ ਸਿਸਟਮ ਲਾਗੂ ਹੋਣ ਦਾ ਖਤਰਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਤੇ ਕਿਸਾਨਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਲਈ ਪਹਿਲਾਂ ਤੋਂ ਲੱਗੇ ਮੀਟਰਾਂ ਨੂੰ ਬਦਲਿਆ ਨਾ ਜਾਵੇ।ਇਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਵੱਲੋਂ ਕੋਆਪ੍ਰੇਟਿਵ ਸੋਸਾਇਟੀਆਂ ਨਾਲ ਜੁੜੀ ਇੱਕ ਮਹੱਤਵਪੂਰਨ ਮੰਗ ਵੀ ਰੱਖੀ ਗਈ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਹਮੇਸ਼ਾ ਕਿਸਾਨਾਂ ਤੇ ਪੰਜਾਬ ਦੇ ਹਿੱਤਾਂ ਲਈ ਵਚਨਬੱਧ ਰਹੇ ਹਨ।ਉਨ੍ਹਾਂ ਭਰੋਸਾ ਦਿਵਾਇਆ ਕਿ ਕਿਸਾਨ ਮੋਰਚਾ ਵੱਲੋਂ ਰੱਖੀਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਮੁੱਖ ਮੰਤਰੀ ਤੱਕ ਪਹੁੰਚਾਈਆਂ ਜਾਣਗੀਆਂ ਤੇ ਪੰਜਾਬ ਸਰਕਾਰ ਹਰ ਮੋਰਚੇ 'ਤੇ ਕਿਸਾਨਾਂ ਦੇ ਨਾਲ ਖੜੀ ਹੈ।ਉਨ੍ਹਾਂ ਕਿਹਾ ਕਿ ਉਹ ਖੁਦ ਕਿਸਾਨੀ ਪਰਿਵਾਰ ਨਾਲ ਸਬੰਧਤ ਹਨ ਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿਵਾਉਣ ਲਈ ਸਰਕਾਰ ਵਚਨਬੱਧ ਹੈ।

# ਸਕੂਲ-ਕਾਲਜਾਂ 'ਚ ਟ੍ਰੈਫਿਕ ਨਿਯਮਾਂ ਲਈ ਜਾਗਰੂਕਤਾ ਕਲੱਬ ਬਣਾਏ ਜਾਣ : ਮੇਅਰ ਕੁੰਦਨ ਗੋਗੀਆ

## ਨਹਿਰੂ ਪਾਰਕ 'ਚ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਨਹਿਰੂ ਪਾਰਕ ਵਿੱਚ ਸੜਕ ਸੁਰੱਖਿਆ ਜਾਗਰੂਕਤਾ ਮਹੀਨਾ ਜਨਵਰੀ 2026 ਦੀ ਸ਼ੁਰੂਆਤ ਕੀਤੀ ਗਈ।ਇਸ ਸ਼ੁਰੂਆਤ ਮੌਕੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਦੱਸਿਆ ਕਿ ਪੂਰਾ ਮਹੀਨਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾਗਰੂਕਤਾ ਮੁਹਿੰਮਾਂ, ਪੋਸਟਰ ਮੁਕਾਬਲੇ ਤੇ ਵਰਕਸ਼ਾਪਾਂ ਰਾਹੀਂ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਵੇਗਾ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸੜਕ ਸੁਰੱਖਿਆ ਤੇ ਹਾਦਸਿਆਂ ਵਿੱਚ ਜ਼ਖ਼ਮੀਆਂ ਦੀ ਮਦਦ ਕਰਨਾ ਸਮਾਜ ਦੇ ਸਰਵੋਤਮ ਪਰਉਪਕਾਰੀ ਕਾਰਜ ਹਨ।ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫ਼ਰਜ਼ ਹੈ।ਉਨ੍ਹਾਂ ਦੱਸਿਆ ਕਿ ਲਾਲ ਬੱਤੀ ਦੀ ਉਲੰਘਣਾ, ਛੋਟੀ ਜਾਂ ਲਿੰਕ ਸੜਕ ਤੋਂ ਮੁੱਖ ਸੜਕ 'ਤੇ ਚੜ੍ਹਦੇ ਸਮੇਂ ਅੱਗੇ ਲੰਘਣ ਦੀ ਜਲਦੀ ਅਤੇ ਮੋੜ ਮੁੜਦੇ ਹੋਏ ਨਿਯਮਾਂ ਦੀ ਅਣਦੇਖੀ ਹਾਦਸਿਆਂ ਦੇ ਮੁੱਖ ਕਾਰਨ ਹਨ, ਜਿਨ੍ਹਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।ਇਸ ਮੌਕੇ ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਕਿਹਾ ਕਿ ਸੁਸਾਇਟੀ ਵੱਲੋਂ ਜਨਵਰੀ ਮਹੀਨੇ ਭਰ ਸਕੂਲਾਂ, ਕਾਲਜਾਂ ਤੇ ਜਨਤਕ ਥਾਵਾਂ 'ਤੇ ਜਾਗਰੂਕਤਾ ਕਾਰਜਕ੍ਰਮ ਲਗਾਤਾਰ ਜਾਰੀ ਰਹਿਣਗੇ।ਸਮਾਗਮ ਦੌਰਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਮੈਂਬਰ, ਮੋਰਨਿੰਗ ਕਲੱਬ, ਸੈਰ-ਪ੍ਰੇਮੀਆਂ ਨੇ ਭਰਪੂਰ ਭਾਗ ਲਿਆ।ਅੰਤ ਵਿੱਚ ਸਾਰਿਆਂ ਨੇ ਸਾਂਝੀ ਸਹੁੰ ਚੁੱਕੀ ਕਿ ਉਹ ਖੁਦ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਗੇ ਤੇ ਹੋਰਨਾਂ ਨੂੰ ਵੀ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਲਈ ਪ੍ਰੇਰਿਤ ਕਰਨਗੇ।

# ਈ ਟੀ ਟੀ ਟੀਚਰਜ਼ ਯੂਨੀਅਨ ਦਾ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਮਿਲਿਆ

## ਪੇ-ਅਨਾਮਲੀ ਲਗਾਉਣ ਦੇ ਮਸਲੇ ਦਾ ਹੱਲ ਕਰਨ ਦੀ ਮੰਗ



**ਜਲਾਲਾਬਾਦ (ਜੀਤ ਕੁਮਾਰ)**-ਅਧਿਆਪਕਾਂ ਨੂੰ ਪੇ-ਅਨਾਮਲੀ ਦੇਣ ਦਾ ਮਸਲਾ ਬੀਤੇ ਲੰਬੇ ਸਮੇਂ ਤੋਂ ਪੇ-ਅਨਾਮਲੀ ਲਟਕਿਆਂ ਹੋਇਆ ਹੈ, ਜਿਸ ਨੂੰ ਲੈ ਕੇ ਈ.ਟੀ.ਟੀ. ਟੀਚਰਜ਼ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ ਤੇ ਮਾਲਵਾ ਜ਼ੋਨ ਜਨਰਲ ਸਕੱਤਰ ਸੰਦੀਪ ਕਾਲੜਾ ਦੀ ਅਗਵਾਈ ਵਿੱਚ ਯੂਨੀਅਨ ਦਾ ਇਕ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਸਤੀਸ਼ ਕੁਮਾਰ ਨੂੰ ਮਿਲਿਆ। ਇਥੇ ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਆਗੂ ਗੁਰਮੀਤ ਸਿੰਘ ਢਾਬਾਂ ਨੇ ਦੱਸਿਆ ਕਿ ਬਹੁਤ ਲੰਬੇ ਸਮੇਂ ਤੋਂ ਪੇ-ਅਨਾਮਲੀ ਦਾ ਮੁੱਦਾ ਚੱਲ ਰਿਹਾ ਹੈ। ਇਸ ਮੁੱਦੇ 'ਤੇ ਈ.ਟੀ.ਟੀ. ਟੀਚਰਜ਼ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਤੇ ਪੰਜਾਬ ਲਗਾਤਾਰ ਕੰਮ ਕਰ ਰਹੀ ਹੈ, ਪਿਛਲੇ ਸਮੇਂ ਦੌਰਾਨ ਪੇ-ਅਨਾਮਲੀ ਦੇ ਬਿੱਲ ਬਣ ਕੇ ਖਜ਼ਾਨਾ ਦਫਤਰ ਵਿਖੇ ਵੀ ਚਲੇ ਗਏ ਸਨ, ਉਹ ਵੀ ਈ.ਟੀ.ਟੀ. ਟੀਚਰਜ਼ ਯੂਨੀਅਨ ਦੀ ਬਦੌਲਤ ਹੀ ਸੰਭਵ ਹੋਇਆ ਸੀ, ਪਰ ਹੁਣ ਸਿੱਖਿਆ ਵਿਭਾਗ ਦੇ ਡੀ.ਪੀ.ਆਈ. ਵੱਲੋਂ ਪੇ-ਅਨਾਮਲੀ ਲਗਾਉਣ ਸਬੰਧੀ ਸਪੱਸ਼ਟ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ, ਹੁਣ ਵੀ ਡੀ.ਡੀ.ਓਜ਼ ਵੱਲੋਂ ਪੇ-ਅਨਾਮਲੀ ਲਗਾਉਣ ਵਿੱਚ ਆਨਾਕਾਨੀ ਕੀਤੀ ਜਾ ਰਹੀ ਹੈ ਤੇ ਦਫਤਰੀ ਅਮਲੇ ਵੱਲੋਂ ਅਧਿਆਪਕਾਂ ਨੂੰ ਜਾਣ-ਬੁੱਝ ਕੇ ਉਲਝਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਯੂਨੀਅਨ ਦਾ ਇਕ ਵਫਦ ਵੀ ਜ਼ਿਲ੍ਹਾ ਸਿੱਖਿਆ ਅਫਸਰ ਮਿਲਿਆ ਹੈ। ਆਗੂਆਂ ਨੇ ਕਿਹਾ ਕਿ ਜਿਨ੍ਹਾਂ ਜ਼ਿਲ੍ਹਿਆਂ ਦੀ ਪੇ-ਅਨਾਮਲੀ ਲੱਗ ਚੁੱਕੀ ਹੈ, ਉਨ੍ਹਾਂ ਨਾਲ ਗੱਲਬਾਤ ਵੀ ਕਰਵਾਈ ਗਈ ਤੇ ਜ਼ਿਲ੍ਹੇ ਦੇ ਅੱਠ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਇੱਕ ਜ਼ਰੂਰੀ ਮੀਟਿੰਗ ਵੀ ਸੀ, ਜਿਸ ਵਿੱਚ ਪੇ-ਅਨਾਮਲੀ ਦਾ ਮੁੱਦਾ ਵੀ ਰੱਖਿਆ ਗਿਆ। ਇਸ ਦੌਰਾਨ ਦੋ-ਤਿੰਨ ਦਿਨ ਤੱਕ ਵੇਟ ਕਰਨ ਲਈ ਕਿਹਾ ਗਿਆ ਹੈ, ਜਿਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੇ-ਅਨਾਮਲੀ ਦੀ ਸਮੱਸਿਆ ਹੱਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਵੀਡੀਓਜ਼ ਵੱਲੋਂ ਫਿਰ ਵੀ ਕੋਈ ਦੇਰੀ ਜਾਂ ਅਣਗਹਿਲੀ ਵਰਤਦੇ ਹਨ ਤਾਂ ਅਗਲੇ ਹਫਤੇ ਬਲਾਕ ਪੱਧਰ 'ਤੇ ਇਕੱਠ ਕਰਨ ਉਪਰੰਤ ਅਧਿਆਪਕਾਂ ਵੱਲੋਂ ਬੀਪੀਈਓ ਜਾਂ ਵੀਡੀਓਜ਼ ਨੂੰ ਮਿਲ ਕੇ ਇੱਕ ਵਾਰ ਫਿਰ ਜਾਣਕਾਰੀ ਲਈ ਜਾਵੇਗੀ। ਜੇਕਰ ਫਿਰ ਵੀ ਮਸਲਾ ਹੱਲ ਨਹੀਂ ਹੁੰਦਾ ਤਾਂ ਯੂਨੀਅਨ ਵੱਲੋਂ ਮਜਬੂਰਨ ਬਲਾਕ ਪੱਧਰ 'ਤੇ ਧਰਨਿਆਂ-ਮੁਜ਼ਾਹਰਿਆਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਇਸ ਦੀ ਨਰੋਲ ਜ਼ਿੰਮੇਵਾਰੀ ਸੰਬੰਧਤ ਡੀਡੀਓਜ਼ ਦੀ ਹੋਵੇਗੀ।

# ਕਟੜਾ ਮੈਡੀਕਲ ਕਾਲਜ ਨੂੰ ਫ਼ਿਰਕੂ ਦਬਾਅ ਥੱਲੇ ਬੰਦ ਕਰਨਾ ਮੰਦਭਾਗਾ : ਆਈ ਡੀ ਪੀ ਡੀ

## ਮਾਣਯੋਗ ਰਾਸ਼ਟਰਪਤੀ ਦਖ਼ਲ ਦੇਣ ਤੇ ਇਸ ਫੈਸਲੇ ਨੂੰ ਰੱਦ ਕਰਵਾਉਣ

**ਲੁਧਿਆਣਾ (ਭਾਟੀਆ, ਕਥੂਰੀਆ)** ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਕਟੜਾ ਮੈਡੀਕਲ ਕਾਲਜ ਨੂੰ ਬੰਦ ਕਰਨ ਦੇ ਨੈਸ਼ਨਲ ਮੈਡੀਕਲ ਕਮਿਸ਼ਨ (ਐੱਨ ਐੱਮ ਸੀ) ਦੇ ਫ਼ੈਸਲੇ ਖ਼ਿਲਾਫ਼ ਆਪਣਾ ਤਿੱਖਾ ਵਿਰੋਧ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।ਇਹ ਫ਼ੈਸਲਾ ਮਨਮਾਨਾ, ਨਾਇਨਸਾਫ਼ੀਪੂਰਨ ਤੇ ਬਹੁਤ ਹੀ ਚਿੰਤਾਜਨਕ ਹੈ, ਜੋ ਮੈਰਿਟ, ਸੰਵਿਧਾਨਕ ਮੁੱਲਾਂ ਤੇ ਸੰਸਥਾਗਤ ਖ਼ੁਦ-ਮੁਖ਼ਤਿਆਰੀ ਦੀਆਂ ਬੁਨਿਆਦਾਂ 'ਤੇ ਸਿੱਧਾ ਹਮਲਾ ਕਰਦਾ ਹੈ। ਕਟੜਾ ਮੈਡੀਕਲ ਕਾਲਜ ਨੂੰ ਪਿਛਲੇ ਸਾਲ 50 ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦੀ ਮਨਜ਼ੂਰੀ ਦਿੱਤੀ ਗਈ ਸੀ ਤੇ ਦਾਖ਼ਲੇ ਮੌਜੂਦਾ ਸਾਰੇ ਨਿਯਮਾਂ ਤੇ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋਏ ਸਖ਼ਤੀ ਨਾਲ ਮੈਰਿਟ ਦੇ ਆਧਾਰ 'ਤੇ ਕੀਤੇ ਗਏ।ਇਨ੍ਹਾਂ 50 ਵਿਦਿਆਰਥੀਆਂ ਵਿੱਚੋਂ 42 ਵਿਦਿਆਰਥੀ, ਜੋ ਮੈਰਿਟ 'ਤੇ ਦਾਖ਼ਲ ਹੋਏ, ਮੁਸਲਿਮ ਸਮੂਦਾਏ ਨਾਲ ਸੰਬੰਧਤ ਸਨ।ਇਹ ਗੱਲ ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸਵੈਮਸੇਵਕ ਸੰਘ ਵੱਲੋਂ ਰਾਜਨੀਤਕ ਤੌਰ 'ਤੇ ਪ੍ਰੇਰਿਤ ਉਕਸਾਹਟ ਦਾ ਕਾਰਨ ਬਣੀ ਲੱਗਦੀ ਹੈ, ਜਿਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਦਲੀਲ ਦਿੱਤੀ ਕਿ ਕਿਉਂਕਿ ਇਹ ਕਾਲਜ ਮਾਤਾ ਵੈਸ਼ਨੋ ਦੇਵੀ ਟਰੱਸਟ ਦੁਆਰਾ ਚਲਾਇਆ ਜਾਂਦਾ ਹੈ, ਇਸ ਲਈ ਦਾਖ਼ਲੇ ਸਿਰਫ਼ ਹਿੰਦੂ ਸਮੂਦਾਏ ਦੇ ਵਿਦਿਆਰਥੀਆਂ ਤੱਕ ਸੀਮਿਤ ਹੋਣੇ ਚਾਹੀਦੇ ਹਨ।ਆਈਡੀਪੀਡੀ ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਇਹ ਦਲੀਲ ਅਸੰਵਿਧਾਨਕ, ਭੇਦਭਾਵਪੂਰਨ ਤੇ ਕਾਨੂੰਨੀ ਤੌਰ 'ਤੇ ਟਿਕਣਯੋਗ ਨਹੀਂ ਹੈ।ਕਟੜਾ ਮੈਡੀਕਲ ਕਾਲਜ ਨੂੰ ਘੱਟ ਗਿਣਤੀ ਸੰਸਥਾ ਦਾ ਦਰਜਾ ਪ੍ਰਾਪਤ ਨਹੀਂ ਹੈ, ਇਸ ਲਈ ਧਾਰਮਿਕ ਆਧਾਰ 'ਤੇ ਵਿਦਿਆਰਥੀਆਂ ਨੂੰ ਦਰ ਕਿਨਾਰ ਕਰਨ ਦੀ ਕੋਈ ਵੀ ਉਕਸਾਹਟ ਜਾਂ ਮੰਗ ਗੈਰ-ਕਾਨੂੰਨੀ ਹੈ ਅਤੇ ਭਾਰਤ ਦੇ ਸੰਵਿਧਾਨ ਦੀ ਉਲੰਘਣਾ ਹੈ। ਨੈਸ਼ਨਲ ਮੈਡੀਕਲ ਕਮਿਸ਼ਨ ਇੱਕ ਸੰਵਿਧਾਨਕ ਤੇ ਖ਼ੁਦ-ਮੁਖ਼ਤਿਆਰ ਨਿਯਾਮਕ ਸੰਸਥਾ ਹੈ, ਜਿਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਾਨੂੰਨ, ਨੈਤਿਕਤਾ ਤੇ ਜਨਹਿੱਤ ਦੇ ਮਾਰਗਦਰਸ਼ਨ ਹੇਠ ਸੁਤੰਤਰ ਤੌਰ 'ਤੇ ਕੰਮ ਕਰੇ।ਇਸ ਮਾਮਲੇ ਵਿੱਚ ਫ਼ਿਰਕੂ ਤੇ ਰਾਜਨੀਤਕ ਦਬਾਅ ਅੱਗੇ ਇਸ ਦਾ ਝੁੱਕਣਾ ਬਹੁਤ ਹੀ ਦੁੱਖਦਾਈ ਹੈ ਤੇ ਸੰਸਥਾਗਤ ਖ਼ੁਦ-ਮੁਖ਼ਤਿਆਰੀ ਦੇ ਖ਼ਾਤਮੇ ਬਾਰੇ ਗੰਭੀਰ ਸਵਾਲ ਖੜੇ ਕਰਦਾ ਹੈ। ਮੈਡੀਕਲ ਕਾਲਜ ਨੂੰ ਬੰਦ ਕਰਕੇ ਐੱਨ ਐੱਮ ਸੀ ਨੇ ਨਾ ਸਿਰਫ਼ ਉਨ੍ਹਾਂ ਵਿਦਿਆਰਥੀਆਂ ਨੂੰ ਸਜ਼ਾ ਦਿੱਤੀ ਹੈ ਜੋ ਨਿਆਂਪੂਰਕ ਤੇ ਕਾਨੂੰਨੀ ਤੌਰ 'ਤੇ ਦਾਖ਼ਲ ਹੋਏ ਸਨ, ਸਗੋਂ ਇਹ ਡਰਾਉਣਾ ਸੰਦੇਸ਼ ਵੀ ਦਿੱਤਾ ਹੈ ਕਿ ਮੈਰਿਟ ਨੂੰ ਫ਼ਿਰਕੂ ਵਿਚਾਰਧਾਰਾ ਨਾਲ ਰੌਂਦਿਆ ਜਾ ਸਕਦਾ ਹੈ।ਇੱਕ ਸੰਵਿਧਾਨਕ ਲੋਕਤੰਤਰ ਵਿੱਚ ਇਹ ਬਿਲਕੁਲ ਕਬੂਲਣਯੋਗ ਨਹੀਂ ਹੈ। ਆਈ ਡੀ ਪੀ ਡੀ ਦੇ ਆਗੂਆਂ ਡਾ. ਐੱਸ. ਐੱਸ. ਸੂਦਾਨ ਪੈਟਰਨ, ਡਾ. ਅਰੁਣ ਮਿੱਤਰਾ ਪ੍ਰਧਾਨ, ਡਾ. ਸ਼ਕੀਲ ਉਰ ਰਹਮਾਨ ਜਨਰਲ ਸਕੱਤਰ, ਡਾ. ਜੀ. ਐੱਮ. ਮਲਿਕ ਸੀਨੀਅਰ ਵਾਈਸ ਪ੍ਰਧਾਨ ਤੇ ਸਾਬਕਾ ਪ੍ਰਧਾਨ ਜੰਮੂ ਐਂਡ ਕਸ਼ਮੀਰ, ਡਾ. ਮੁਹੰਮਦ ਲਤੀਫ਼ ਪ੍ਰਧਾਨ ਜੰਮੂ ਤੇ ਕਸ਼ਮੀਰ ਨੇ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਕਟੜਾ ਮੈਡੀਕਲ ਕਾਲਜ ਨੂੰ ਬੰਦ ਕਰਨ ਦਾ ਫ਼ੈਸਲਾ ਤੁਰੰਤ ਰੱਦ ਕੀਤਾ ਜਾਵੇ ਤੇ ਕਾਲਜ ਨੂੰ ਬਿਨਾਂ ਕਿਸੇ ਭੇਦਭਾਵ ਜਾਂ ਰਾਜਨੀਤਕ ਦਖ਼ਲ ਅੰਦਾਜ਼ੀ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਆਈ ਡੀ ਪੀ ਡੀ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਜੀ ਨੂੰ ਤੁਰੰਤ ਦਖ਼ਲ ਦੇਣ, ਸੰਵਿਧਾਨਕ ਨੈਤਿਕਤਾ ਦੀ ਰੱਖਿਆ ਕਰਨ, ਵਿਦਿਆਰਥੀਆਂ ਦੇ ਅਧਿਕਾਰਾਂ ਦੀ ਹਿਫ਼ਾਜ਼ਤ ਕਰਨ ਤੇ ਕਟੜਾ ਮੈਡੀਕਲ ਕਾਲਜ ਨੂੰ ਮੁੜ ਖੋਲ੍ਹ ਕੇ ਕਾਨੂੰਨ ਅਨੁਸਾਰ ਚਲਾਉਣ ਨੂੰ ਯਕੀਨੀ ਬਣਾਉਣ ਦੀ ਸੱਚੀ ਤੇ ਤੁਰੰਤ ਅਪੀਲ ਕਰਦਾ ਹੈ।

# ਡਕੌਂਦਾ ਵੱਲੋਂ 16 ਦੇ ਬਠਿੰਡਾ ਧਰਨੇ ਸੰਬੰਧੀ ਬਲਾਕ ਪੱਧਰੀ ਮੀਟਿੰਗ

## ਪੱਤਰਕਾਰਾਂ ਦੇ ਹੱਕ 'ਚ 24 ਦੇ ਬਠਿੰਡਾ ਧਰਨੇ 'ਚ ਹੋਵਾਂਗੇ ਸ਼ਾਮਲ : ਡਕੌਂਦਾ ਆਗੂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਨਥਾਣਾ ਬਲਾਕ ਪੱਧਰ ਦੀ ਮੀਟਿੰਗ ਭੁੱਚੋ ਵਿਖੇ ਪ੍ਰਧਾਨ ਪਾਲਾ ਸਿੰਘ ਦੀ ਅਗਵਾਈ ਹੇਠ ਹੋਈ। ਜਰਨਲ ਸਕੱਤਰ ਜਗਦੇਵ ਸਿੰਘ ਨੇ ਮੀਟਿੰਗ ਦੀ ਕਾਰਵਾਈ ਚਲਾਈ। ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰਾਨ ਪਿਛਲੇ ਸਮੇਂ 'ਚ ਪਿੰਡਾਂ ਵਿੱਚ ਲੋਕਾਂ ਨੂੰ ਚੇਤਨ ਕਰਨ ਲਈ ਕੀਤੇ ਗਏ ਝੰਡਾ ਮਾਰਚ, ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025, ਚਾਰ ਕੋਡ ਲੇਬਰ ਬਿੱਲ ਤੇ ਟੈਕਸ ਮੁਕਤ ਵਪਾਰ ਸਮਝੌਤੇ ਨੂੰ ਰੱਦ ਕਰਾਉਣ ਤੇ ਸਰਕਾਰੀ ਜਾਇਦਾਦਾਂ ਵੇਚਣ ਖਿਲਾਫ ਵਿਚਾਰਾਂ ਕਰਦਿਆਂ ਦੱਸਿਆ ਕਿ ਇਹ ਬਿੱਲ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿੱਚ ਹਨ, ਲੋਕਾਂ ਦੀ ਅੰਨ੍ਹੀ ਲੁੱਟ ਕਰਨ ਦਾ ਰਾਹ ਪੱਧਰਾ ਕਰਨ ਵਾਲੇ ਹਨ। ਲੋਕਾਂ ਨੂੰ ਮਿਲਦੀ ਕਰਾਸ ਸਬਸਿਡੀ ਖਤਮ ਕਰਕੇ ਮਹਿੰਗੀ ਹੋਈ ਬਿਜਲੀ ਲੋਕਾਂ ਦੀ ਸਮਰੱਥਾ ਤੋਂ ਬਾਹਰ ਹੋ ਜਾਵੇਗੀ। ਇਸ ਨੂੰ ਰੱਦ ਕਰਾਉਣ ਲਈ ਸੰਯੁਕਤ ਮੋਰਚੇ ਦੇ ਸੱਦੇ 'ਤੇ 16 ਜਨਵਰੀ ਨੂੰ ਡੀ ਸੀ ਦਫਤਰਾਂ ਅੱਗੇ ਵਿਸ਼ਾਲ ਧਰਨੇ ਦੀ ਤਿਆਰੀ ਕਰਨ ਦਾ ਫੈਸਲਾ ਕਰਦਿਆਂ ਕਿਹਾ ਗਿਆ ਕਿ ਵੱਧ ਤੋਂ ਵੱਧ ਲਾਮਬੰਦੀ ਕਰਕੇ ਬਠਿੰਡਾ ਧਰਨੇ ਵਿੱਚ ਪਹੁੰਚਿਆ ਜਾਵੇਗਾ। ਇਸ ਦੇ ਨਾਲ ਹੀ ਲੋਕਾਂ ਦੀ ਤੇ ਪੱਤਰਕਾਰਾਂ ਦੀ ਜ਼ੁਬਾਨ-ਬੰਦੀ ਕਰਨ ਲਈ ਝੂਠੇ ਕੇਸ ਬਣਾਉਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ। ਭਾਕਿਯੂ ਡਕੌਂਦਾ ਵੱਲੋਂ ਪੱਤਰਕਾਰ ਭਾਈਚਾਰੇ ਦਾ ਡੱਟ ਕੇ ਸਾਥ ਦੇਣ ਦਾ ਐਲਾਨ ਕਰਦਿਆਂ ਪੱਤਰਕਾਰਾਂ 'ਤੇ ਸਰਕਾਰ ਵੱਲੋਂ ਬਣਾਏ ਝੂਠੇ ਕੇਸਾਂ ਨੂੰ ਵਾਪਸ ਕਰਵਾਉਣ ਲਈ 24 ਜਨਵਰੀ ਨੂੰ ਡੀ ਸੀ ਦਫ਼ਤਰ ਬਠਿੰਡਾ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਦਿਆਂ ਦਰਜ ਕੀਤੇ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ ਦੀ ਮੰਗ ਕੀਤੀ।

# ਹੱਡ-ਚੀਰਵੀਂ ਠੰਢ 'ਚ ਮਜ਼ਦੂਰਾਂ ਨੂੰ ਰੋਟੀ ਦੇ ਲਾਲੇ ਪਏ



**ਮੱਖੂ (ਰਛਪਾਲ ਸਿੰਘ ਸੰਧੂ)** ਹੱਡ ਚੀਰਵੀਂ ਠੰਢ 'ਚ ਮਜ਼ਦੂਰਾਂ ਨੂੰ ਆਪਣੇ ਚੁੱਲ੍ਹੇ ਤਪਦੇ ਰੱਖਣ ਖ਼ਾਤਰ ਮੌਸਮ ਦੀ ਕਰੋਪੀ ਦਾ ਹਰ ਹਾਲ 'ਚ ਸਾਹਮਣਾ ਕਰਨਾ ਪੈਂਦਾ ਹੈ।ਪੰਜਾਬ 'ਚ ਚੱਲ ਰਹੀ ਸੀਤ ਲਹਿਰ, ਕੜਾਕੇ ਦੀ ਠੰਡ ਕਾਰਨ ਤੇ ਧੁੰਦ ਕਾਰਨ ਸੂਰਜ ਦੇਵਤਾ ਦੇ ਕਈ ਦਿਨਾਂ ਤੋਂ ਦਰਸ਼ਨ ਵੀ ਨਹੀਂ ਹੋਏ। ਇਸ ਦੌਰਾਨ ਅਨਾਜ ਗੁਦਾਮਾਂ ਵਿੱਚ ਕੰਮ ਕਰ ਰਹੇ ਅਨੇਕਾਂ ਮਜ਼ਦੂਰਾਂ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਸਰਦੀ ਉਨ੍ਹਾਂ ਲਈ ਮੁਸ਼ਕਲ ਨਹੀਂ ਸਗੋਂ ਰੋਜ਼ੀ ਰੋਟੀ ਚੱਲਦੀ ਰੱਖਣਾ ਉਨ੍ਹਾਂ ਦੀ ਮੁੱਖ ਮਜਬੂਰੀ ਹੈ, ਕਿਉਂਕਿ ਜੇਕਰ ਉਨ੍ਹਾਂ ਇਕ ਦਿਨ ਵੀ ਕੰਮ ਬੰਦ ਕਰ ਦਿੱਤਾ ਤਾਂ ਘਰ ਦੇ ਚੁੱਲ੍ਹੇ ਦੀ ਅੱਗ ਠੰਢੀ ਪੈ ਜਾਵੇਗੀ।ਇਨ੍ਹਾਂ ਮਜ਼ਦੂਰਾਂ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਕਮਾਈ ਨਾਲ ਹੀ ਰਾਸ਼ਨ ਪਾਣੀ ਖ਼ਰੀਦ ਕੇ ਆਪਣੇ ਬੱਚਿਆਂ ਦਾ ਢਿੱਡ ਭਰਦੇ ਹਨ।ਇਨ੍ਹਾਂ ਦਿਨਾਂ 'ਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਸਵੇਰ ਦੇ ਸਮੇਂ ਜਦੋਂ ਤਾਪਮਾਨ ਬਹੁਤ ਹੇਠਾਂ ਡਿੱਗ ਜਾਂਦਾ ਹੈ ਤੇ ਚਾਰੋਂ ਪਾਸੇ ਧੁੰਦ ਦੀ ਮੋਟੀ ਚਾਦਰ ਪਸਰੀ ਹੁੰਦੀ ਹੈ, ਉਸ ਸਮੇਂ ਵੀ ਇਨ੍ਹਾਂ ਮਜ਼ਦੂਰਾਂ ਨੂੰ ਸਵੇਰੇ 7 ਵਜੇ ਹੀ ਅਨਾਜ ਗੁਦਾਮਾਂ ਤੇ ਰੇਲ ਹੈੱਡ 'ਤੇ ਪਹੁੰਚ ਕੇ ਮਜਬੂਰਨ ਕੰਮ ਸ਼ੁਰੂ ਕਰਨਾ ਪੈਂਦਾ ਹੈ।ਇਸ ਮੌਕੇ ਫੂਡ ਗਰੇਨ ਐਂਡ ਅਲਾਇੰਡ ਵਰਕਰ ਯੂਨੀਅਨ ਦੇ ਸੂਬਾਈ ਆਗੂ ਬਲਵੀਰ ਲਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਅਨਾਜ ਗੁਦਾਮਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਸਾਡੇ ਹੀ ਭਰਾ ਐੱਫਸੀਆਈ ਵਿੱਚ ਲੋਡਿੰਗ ਅਨ-ਲੋਡਿੰਗ ਦਾ ਕੰਮ ਕਰਦੇ ਹਨ, ਪਰ ਭਾਰਤ ਸਰਕਾਰ ਉਨ੍ਹਾਂ ਨੂੰ ਤਨਖਾਹ ਦੇ ਰਹੀ ਹੈ, ਪਰ ਪੰਜਾਬ ਸਰਕਾਰ ਮਜ਼ਦੂਰਾਂ ਨਾਲ ਵਿਤਕਰਾ ਕਰ ਰਹੀ ਹੈ ਅਤੇ ਪੰਜਾਬ ਏਜੰਸੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਠੇਕੇਦਾਰੀ ਪ੍ਰਥਾ ਅਧੀਨ ਬਹੁਤ ਘੱਟ ਰੇਟ ਦੇ ਦਿੱਤੇ ਜਾ ਰਹੇ ਹਨ, ਜਿਸ ਕਾਰਨ ਇਨ੍ਹਾਂ ਮਜ਼ਦੂਰਾਂ ਦਾ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਠੇਕੇਦਾਰੀ ਸਿਸਟਮ ਨੂੰ ਬੰਦ ਕਰਕੇ ਮਜ਼ਦੂਰਾਂ ਨੂੰ ਸਿੱਧੀ ਮਜ਼ਦੂਰੀ ਦਿੱਤੀ ਜਾਵੇ।

# ਸਾਬਕਾ ਮੰਤਰੀ ਮਲਕੀਤ ਸਿੰਘ ਸਿੱਧੂ ਦੀ ਯਾਦ 'ਚ ਹਾਕੀ ਟੂਰਨਾਮੈਂਟ ਸ਼ੁਰੂ

## ਅਰੁਨ ਸੇਖਰੀ ਡਵੀਜ਼ਨਲ ਕਮਿਸ਼ਨਰ ਫਿਰੋਜ਼ਪੁਰ ਤੇ ਡੀ ਸੀ ਸਾਗਰ ਸੇਤੀਆ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ



**ਮੋਗਾ (ਇਕਬਾਲ ਸਿੰਘ ਖਹਿਰਾ)** ਭੂਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੋਗਾ ਦੀ ਗਰਾਊਂਡ ਵਿਚ ਸਪੋਰਟਸ ਤੇ ਸ਼ੋਸਲ ਵੈੱਲਫੇਅਰ ਸੁਸਾਇਟੀ ਵੱਲੋਂ ਸਾਬਕਾ ਮੰਤਰੀ ਪੰਜਾਬ ਮਲਕੀਤ ਸਿੰਘ ਸਿੱਧੂ ਦੀ ਯਾਦ ਵਿੱਚ ਤਿੰਨ ਰੋਜ਼ਾ 26ਵਾਂ ਚੈਂਪੀਅਨ ਟਰਾਫੀ ਹਾਕੀ ਟੂਰਨਾਮੈਂਟ ਕੀਤਾ ਗਿਆ।ਇਸ ਟੂਰਨਾਮੈਂਟ ਵਿੱਚ ਸ਼੍ਰੀ ਅਰੁਨ ਸੇਖਰੀ ਡਵੀਜ਼ਨਲ ਕਮਿਸ਼ਨਰ ਫਿਰੋਜ਼ਪੁਰ, ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ, ਜਸਪਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਰ (ਜ) ਮੋਗਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਸਵਰਗੀ ਮਲਕੀਤ ਸਿੰਘ ਸਿੱਧੂ ਦੀ ਫੋਟੋ ਤੇ ਫੁੱਲ ਅਰਪਤ ਕਰਕੇ ਸ਼ਰਧਾਂਜਲੀ ਭੇਟ ਕੀਤੀ।ਉਨ੍ਹਾਂ ਹਾਕੀ ਗਰਾਊਂਡ ਵਿੱਚ ਟੀਮਾਂ ਨਾਲ ਜਾਣ ਪਹਿਚਾਣ ਕਰਨ ਉਪਰੰਤ ਮੈਚ ਅਰੰਭ ਕਰਨ ਲਈ ਅਸ਼ੀਰਵਾਦ ਦਿੱਤਾ।ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਧਰਮਕੋਟ ਹਿਤੇਸ਼ਵੀਰ ਗੁਪਤਾ, ਐੱਸ.ਡੀ.ਐੱਮ. ਬਾਘਾ ਪੁਰਾਣਾ ਸਾਰੰਗਪ੍ਰੀਤ ਸਿੰਘ ਔਜਲਾ, ਮੁੱਖ ਮੰਤਰੀ ਫੀਲਡ ਅਫ਼ਸਰ ਗਗਨਦੀਪ ਸਿੰਘ ਵੀ ਹਾਜ਼ਰ ਸਨ। ਅਰੁਨ ਸੇਖਰੀ ਡਵੀਜ਼ਨਲ ਕਮਿਸ਼ਨਰ ਫਿਰੋਜ਼ਪੁਰ ਨੇ ਸੁਸਾਇਟੀ ਦੇ ਇਸ ਵੱਡੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਨਾ ਦਿੱਤੀ।ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕਰਦਿਆਂ ਕਿਹਾ ਕਿ ਖੇਡਾਂ ਲਈ ਵਧੇਰੇ ਉਪਰਾਲੇ ਕਰਨੇ ਜ਼ਰੂਰੀ ਹਨ। ਉਨ੍ਹਾਂ ਖਿਡਾਰੀਆਂ ਨੂੰ ਕਿਹਾ ਕਿ ਖੇਡਾਂ ਨਾਲ ਜੁੜੇ ਰਹਿਣ, ਕਿਉਂਕਿ ਖੇਡਾਂ ਨਾਲ ਮਨੁੱਖ ਦਾ ਸਰੀਰਕ ਤੇ ਮਾਨਸਿਕ ਵਿਕਾਸ ਹੁੰਦਾ ਹੈ।ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਇਸ ਟੂਰਨਾਮੈਂਟ ਵਿੱਚ ਸ਼ਾਮਲ ਹੋ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਸ੍ਰ. ਮਲਕੀਤ ਸਿੰਘ ਸਿੱਧੂ ਅਗਾਂਹਵਧੂ ਸੋਚ ਮਾਲਕ ਸਨ। ਐੱਸ. ਡੀ. ਐੱਮ. ਬੇਅੰਤ ਸਿੰਘ ਸਿੱਧੂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਹੀ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਖਿਡਾਰੀ ਖੇਡ ਭਾਵਨਾ ਨਾਲ ਖੇਡ ਵਿੱਚ ਹਿੱਸਾ ਲੈਣ ਤੇ ਦ੍ਰਿੜ੍ਹ ਮਿਹਨਤ ਨਾਲ ਆਪਣੇ ਮਾਤਾ ਪਿਤਾ, ਆਪਣੇ ਪਿੰਡ ਤੇ ਪੰਜਾਬ ਦਾ ਨਾਮ ਰੌਸ਼ਨ ਕਰਨ।ਚੇਅਰਮੈਨ ਤੇ ਨੈਸਲੇ ਐਡਵਾਈਜ਼ਰ ਜਸਪਾਲ ਸਿੰਘ ਸਿੱਧੂ ਨੇ ਗੱਲਬਾਤ ਕਰਦੇ ਦੱਸਿਆ ਕਿ ਹਾਕੀ ਟੂਰਨਾਮੈਂਟ ਵਿੱਚ ਪੰਜਾਬ ਵਿੱਚੋਂ ਲੜਕਿਆਂ ਦੀਆਂ 10 ਤੇ ਲੜਕੀਆਂ ਦੀਆਂ 6 ਟੀਮਾਂ ਭਾਗ ਲੈ ਰਹੀਆਂ ਹਨ।ਅੱਜ ਦੇ ਮੈਚਾਂ ਵਿੱਚ ਮੋਗਾ ਤੇ ਲੁਧਿਆਣਾ ਦੀਆਂ ਟੀਮਾਂ ਵਿੱਚੋਂ 01 ਗੋਲ ਤੇ ਮੋਗਾ ਟੀਮ ਜੇਤੂ ਰਹੀ।ਫਰੀਦਕੋਟ ਤੇ ਸ਼੍ਰੀ ਮੁਕਤਸਰ ਸਾਹਿਬ ਦੇ ਮੈਚ ਵਿੱਚ 5-1 ਤੇ ਸ਼੍ਰੀ ਮੁਕਤਸਰ ਸਾਹਿਬ ਦੀ ਟੀਮ ਜੇਤੂ ਰਹੀ।ਇਸ ਤੋਂ ਇਲਾਵਾ ਫਿਰੋਜ਼ਪੁਰ ਤੇ ਸੰਗਰੂਰ, ਰਾਮਪੁਰ ਅਕੈਡਮੀ ਤੇ ਬਠਿੰਡਾ ਦੀਆਂ ਟੀਮਾਂ ਦਾ ਵੀ ਮੈਚ ਕਰਵਾਇਆ ਗਿਆ।ਖਿਡਾਰੀਆਂ ਵਿੱਚ ਟੂਰਨਾਮੈਂਟ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਇਸ ਮੌਕੇ ਚੀਫ ਗੁਰਚਰਨ ਸਿੰਘ ਗਿੱਲ ਐਡਵਾਈਜਰ, ਪਰਮਜੀਤ ਸਿੰਘ ਸੰਧੂ ਪ੍ਰਧਾਨ, ਇੰਜੀਨੀਅਰ ਵਿਕਰਮਜੀਤ ਸਿੰਘ ਸਿੱਧੂ (ਐੱਮ.ਬੀ.ਏ.) ਔਰਗੇਨਾਈਜ਼ਰ, ਓਮ ਪ੍ਰਕਾਸ਼ ਸ਼ਰਮਾ ਜਨਰਲ ਸੈਕਟਰੀ, ਪ੍ਰਿੰਸੀਪਲ ਕੁਲਵੰਤ ਸਿੰਘ ਕਲਸੀ, ਜੇ ਪੀ ਸਿੰਘ ਖੰਨਾ, ਖੁਸ਼ਵਿੰਦਰਪਾਲ ਸਿੰਘ ਗਿੱਲ ਐਡਵੋਕੇਟ, ਬਰਿੰਦਰ ਤੂਰ, ਭੁਪਿੰਦਰ ਬਰਾੜ, ਡਾ. ਹਰਤੇਜ ਬਰਾੜ, ਅਵਤਾਰ ਸਿੰਘ ਹੇਅਰ (ਰਿਟਾ. ਡੀ. ਏ.), ਰਵੀ ਨੈਸਲੇ, ਪਰਮਜੀਤ ਸਿੰਘ ਡਾਲਾ, ਬਲਬੀਰ ਸਿੰਘ ਤੂਰ, ਜਸਬੀਰ ਸਿੰਘ ਤੂਰ, ਜਸਕਰਨ ਸਿੰਘ ਭੋਡੀਪੁਰਾ ਆਦਿ ਹਾਜ਼ਰ ਸਨ।

# ਕੋਆਪ੍ਰੇਟਿਵ ਸੋਸਾਇਟੀਆਂ 'ਚ ਧੱਕੇਸ਼ਾਹੀ ਦੀ ਰਵਾਇਤ ਖਤਮ ਹੋਵੇਗੀ : ਸਰਪੰਚ ਲੱਖਾ

## ਆਪ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਥੋਂ ਨੇੜਲੇ ਪਿੰਡ ਚੰਨੂਵਾਲਾ ਦੇ ਸਰਪੰਚ ਕੁਲਜੀਤ ਸਿੰਘ ਲੱਖਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਕੋਆਪ੍ਰੇਟਿਵ ਸੋਸਾਇਟੀਆਂ ਵਿੱਚ ਧੱਕੇਸ਼ਾਹੀ ਆਮ ਗੱਲ ਬਣੀ ਹੋਈ ਸੀ।ਉਨ੍ਹਾਂ ਦੋਸ਼ ਲਗਾਇਆ ਕਿ ਜਦੋਂ ਸੂਬੇ ਅੰਦਰ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਹੁੰਦੀਆਂ ਸਨ, ਤਾਂ ਉਹ ਆਪਣੇ ਸਿਆਸੀ ਪ੍ਰਭਾਵ ਦੇ ਜ਼ੋਰ 'ਤੇ ਕੋਆਪ੍ਰੇਟਿਵ ਸੋਸਾਇਟੀ ਦਾ ਪ੍ਰਧਾਨ ਤੇ ਬਾਕੀ ਮੈਂਬਰ ਧੱਕੇ ਨਾਲ ਆਪਣੇ ਬਣਵਾ ਲੈਂਦੇ ਸਨ।ਇਸ ਕਾਰਨ ਪਿੰਡਾਂ ਵਿੱਚ ਵੰਡ-ਵਿਖੰਡ ਪੈਦਾ ਹੁੰਦੀ ਸੀ ਅਤੇ ਆਮ ਲੋਕਾਂ ਨਾਲ ਨਿਆਂ ਨਹੀਂ ਹੋ ਸਕਦਾ ਸੀ। ਸਰਪੰਚ ਕੁਲਜੀਤ ਸਿੰਘ ਲੱਖਾ ਨੇ ਕਿਹਾ ਕਿ ਹੁਣ ਸਮਾਂ ਬਦਲ ਗਿਆ ਹੈ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਤੰਤਰਕ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।ਉਨ੍ਹਾਂ ਆਖਿਆ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਪਿੰਡ ਚੰਨੂਵਾਲਾ ਵਿੱਚ ਕੋਆਪ੍ਰੇਟਿਵ ਸੋਸਾਇਟੀ ਦੀ ਚੋਣ ਪੂਰੀ ਪਾਰਦਰਸ਼ਤਾ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਈ ਜਾਵੇਗੀ।ਇਹ ਚੋਣ ਸਰਬਸੰਮਤੀ ਨਾਲ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਵਰਗ ਨੂੰ ਇਸ ਦਾ ਬਰਾਬਰ ਲਾਭ ਮਿਲ ਸਕੇ।ਉਨ੍ਹਾਂ ਕਿਹਾ ਕਿ ਸੋਸਾਇਟੀ ਦੀ ਚੋਣ ਦੌਰਾਨ ਕਿਸੇ ਵੀ ਤਰ੍ਹਾਂ ਦੀ ਪਾਰਟੀਬਾਜ਼ੀ ਜਾਂ ਭੇਦਭਾਵ ਨਹੀਂ ਹੋਣ ਦਿੱਤਾ ਜਾਵੇਗਾ।ਪਿੰਡ ਦਾ ਹਰ ਨਿਵਾਸੀ, ਭਾਵੇਂ ਉਹ ਕਿਸੇ ਵੀ ਸਿਆਸੀ ਵਿਚਾਰਧਾਰਾ ਨਾਲ ਸੰਬੰਧਤ ਹੋਵੇ, ਉਸ ਦੇ ਹੱਕਾਂ ਦੀ ਰੱਖਿਆ ਕੀਤੀ ਜਾਵੇਗੀ।ਸਰਪੰਚ ਨੇ ਜ਼ੋਰ ਦੇ ਕੇ ਕਿਹਾ ਕਿ ਕੋਆਪ੍ਰੇਟਿਵ ਸੋਸਾਇਟੀ ਦਾ ਮਕਸਦ ਪਿੰਡ ਦੇ ਹਰ ਵਰਗ ਦੀ ਆਰਥਿਕ ਮਜ਼ਬੂਤੀ ਤੇ ਸਾਂਝੇ ਵਿਕਾਸ ਨੂੰ ਯਕੀਨੀ ਬਣਾਉਣਾ ਹੈ, ਨਾ ਕਿ ਕਿਸੇ ਇੱਕ ਪਾਰਟੀ ਜਾਂ ਗਰੁੱਪ ਦੇ ਹਿੱਤਾਂ ਦੀ ਪੂਰਤੀ ਕਰਨਾ। ਸਰਪੰਚ ਲੱਖਾ ਨੇ ਕਿਹਾ ਕਿ ਜੋ ਗਲਤ ਰਵਾਇਤ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਤੋਰੀ ਸੀ, ਉਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਪੂਰੀ ਤਰ੍ਹਾਂ ਖਤਮ ਕੀਤਾ ਜਾਵੇਗਾ।ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਲੋਕਾਂ ਦੀ ਭਾਗੀਦਾਰੀ ਨਾਲ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨਾ ਚਾਹੁੰਦੀ ਹੈ।ਪਿੰਡ ਚੰਨੂਵਾਲਾ ਵਿੱਚ ਕੀਤੇ ਜਾ ਰਹੇ ਇਹ ਉਪਰਾਲੇ ਹੋਰ ਪਿੰਡਾਂ ਲਈ ਵੀ ਇੱਕ ਮਿਸਾਲ ਬਣਨਗੇ।

## ਮਿਸ ਲਿਟਲ ਪੰਜਾਬਣ ਸੀਜ਼ਨ-9 ਦਾ ਬਠਿੰਡਾ 'ਚ ਕਰਾਇਆ ਸੈਮੀਫਾਈਨਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਾਈਨ ਡਾਂਸ ਪਲੈਨੇਟ ਦੇ ਡਾਇਰੈਕਟਰ ਪੰਕਜ ਕੱਕੜ ਵੱਲੋਂ ਬਠਿੰਡਾ ਵਿਖੇ ਮਿਸ ਲਿਟਲ ਪੰਜਾਬਣ ਸੀਜ਼ਨ-9 ਦਾ ਸੈਮੀਫਾਈਨਲ ਬੜੀ ਧੂਮਧਾਮ ਨਾਲ ਕਰਵਾਇਆ ਗਿਆ, ਜਿਸ ਵਿੱਚ 100 ਦੇ ਕਰੀਬ ਲੜਕੀਆਂ ਨੇ ਪਟਿਆਲਾ, ਅਬੋਹਰ, ਬਠਿੰਡਾ, ਮੁਕਤਸਰ, ਲੁਧਿਆਣਾ, ਮਲੋਟ ਤੋਂ ਭਾਗ ਲਿਆ।ਸੈਮੀਫਾਈਨਲ ਮੁਕਾਬਲੇ ਵਿੱਚ ਹਿੱਸਾ ਲੈਣ ਆਈਆਂ ਕੁੜੀਆਂ ਨੇ ਬਹੁਤ ਉਤਸ਼ਾਹ ਦਿਖਾਇਆ।ਉਨ੍ਹਾਂ ਨੇ ਇਸ ਦੌਰਾਨ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕੀਤੀ।ਅਸਲ ਵਿੱਚ ਪੰਕਜ ਕੱਕੜ ਦਾ ਮੁੱਖ ਮੰਤਵ ਪੰਜਾਬ ਦੀਆਂ ਬੱਚੀਆਂ ਨੂੰ ਪੰਜਾਬ ਦੇ ਅਲੋਪ ਹੋ ਰਹੇ ਸੱਭਿਆਚਾਰ ਨਾਲ ਜੋੜਨ ਦਾ ਇੱਕ ਛੋਟਾ ਜਿਹਾ ਉਪਰਾਲਾ ਹੈ, ਜਿਸ ਦੇ ਨਤੀਜੇ ਵਜੋਂ ਹਰ ਸਾਲ ਸੌ, ਸਵਾ ਸੌ ਕੁੜੀਆਂ ਮਿਸ ਲਿਟਲ ਪੰਜਾਬਣ ਦੇ ਸੈਮੀ ਫਾਈਨਲ ਵਿੱਚ ਪਹੁੰਚ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਕਰੀਬ 50 ਕੁੜੀਆਂ ਅੱਗੇ ਫਾਈਨਲ ਵਿੱਚ ਪਹੁੰਚਦੀਆਂ ਹਨ।ਜਿੱਤਣ ਵਾਲੀਆਂ ਕੁੜੀਆਂ ਨੂੰ ਬਹੁਤ ਹੀ ਵਧੀਆ ਤੇ ਕੈਸ਼ ਇਨਾਮ ਦਿੱਤੇ ਜਾਣਗੇ।ਮਿਸ ਲਿਟਲ ਪੰਜਾਬਣ ਦਾ ਫਾਈਨਲ 18 ਜਨਵਰੀ ਨੂੰ ਬਠਿੰਡਾ ਵਿਖੇ ਹੀ ਹੋਣ ਜਾ ਰਿਹਾ ਹੈ।ਸੈਮੀ ਫਾਈਨਲ ਮੁਕਾਬਲਿਆਂ ਦੌਰਾਨ ਪੰਕਜ ਦੀ ਸਾਰੀ ਟੀਮ ਮੌਕੇ 'ਤੇ ਹਾਜ਼ਰ ਰਹੀ।ਇਸਦੇ ਨਾਲ ਪ੍ਰੋਗਰਾਮ ਵਿੱਚ ਸ਼੍ਰੀਮਤੀ ਗੀਮਾ ਕੱਕੜ, ਸ਼੍ਰੀਮਾਨ ਰਾਜੀਵ ਅਰੋੜਾ, ਹਰਵਿੰਦਰ ਸਿੰਘ ਬਿੱਟੂ, ਰੁਪਿੰਦਰ ਸਿੰਘ, ਸ਼੍ਰੀਮਾਨ ਇੰਦਰਜੀਤ ਸਿੰਘ ਸਾਥੀਆਂ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ।ਬਠਿੰਡਾ ਦੀ ਹੀ ਸਹਿਜਪ੍ਰੀਤ ਕੌਰ ਮੰਨਤ ਨੇ ਇਸ ਸਾਰੇ ਪ੍ਰੋਗਰਾਮ ਵਿੱਚ ਐਂਕਰ ਦੀ ਭੂਮਿਕਾ ਨਿਭਾਈ।ਸ਼੍ਰੀਮਤੀ ਬਲਵਿੰਦਰ ਕੌਰ ਤੇ ਸ਼੍ਰੀਮਤੀ ਜਸਵਿੰਦਰ ਕੌਰ ਦੁਆਰਾ ਜੱਜਮੈਂਟ ਦੀ ਨਿਰਪੱਖ ਭੂਮਿਕਾ ਨਿਭਾਈ ਗਈ।

# ਸਰਕਾਰ ਵੱਲੋਂ ਸਰਕਾਰੀ ਹਸਪਤਾਲ ਲਈ 10 ਕਰੋੜ 20 ਲੱਖ ਦੀ ਰਾਸ਼ੀ ਜਾਰੀ

### ਹਸਪਤਾਲ ਆਧੁਨਿਕ ਮਸ਼ੀਨਾਂ ਨਾਲ ਲੈਸ ਤੇ ਇਮਾਰਤ 'ਚ ਹੋਵੇਗਾ ਸੁਧਾਰ : ਵਿਧਾਇਕ ਗੋਲਡੀ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਪੱਖੋਂ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ।ਇਸੇ ਤਹਿਤ ਹੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਤਹਿਤ ਸਿਹਤ ਮੰਤਰੀ ਪੰਜਾਬ ਸ੍ਰ. ਬਲਬੀਰ ਸਿੰਘ ਵੱਲੋਂ 10 ਕਰੋੜ 20 ਲੱਖ ਨਾਲ ਜਲਾਲਾਬਾਦ ਦੇ ਸਰਕਾਰੀ ਸੀ.ਐੱਚ.ਸੀ. ਹਸਪਤਾਲ ਦੀ ਕਾਇਆ ਕਲਪ ਕਰਨ ਤੇ ਆਧੁਨਿਕ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸਾਰੇ ਕਾਰਜ ਆਉਣ ਵਾਲੇ ਦੋ-ਤਿੰਨ ਮਹੀਨਿਆਂ ਵਿੱਚ ਮੁਕੰਮਲ ਹੋ ਜਾਣਗੇ। ਇਹ ਪ੍ਰਗਟਾਵਾ ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਸੀ.ਐੱਚ.ਸੀ. ਸਰਕਾਰੀ ਹਸਪਤਾਲ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਵਿਧਾਇਕ ਗੋਲਡੀ ਨੇ ਦੱਸਿਆ ਕਿ ਡੇਢ ਕਰੋੜ ਰੁਪਏ ਦੀ ਰਾਸ਼ੀ ਨਾਲ ਜਲਾਲਾਬਾਦ ਦੇ ਸਰਕਾਰੀ ਸੀ.ਐੱਚ.ਸੀ. ਹਸਪਤਾਲ ਦੀ ਇਮਾਰਤ ਦੀ ਮੁਰੰਮਤ ਤੇ ਹੋਰ ਬਿਹਤਰ ਸੁਧਾਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਇੱਕ ਸਿਟੀ ਸਕੈਨ ਮਸ਼ੀਨ ਜੋ ਕਿ 5 ਕਰੋੜ ਦੀ ਲਾਗਤ ਨਾਲ ਤੇ ਇੱਕ ਅਪ੍ਰੇਸ਼ਨ ਕਰਨ ਵਾਲੀ ਲੇਜ਼ਰ ਮਸ਼ੀਨ ਜੋ ਕਿ 90 ਲੱਖ ਦੀ ਲਾਗਤ ਨਾਲ ਮੁਹੱਈਆ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ 1 ਕਰੋੜ 90 ਲੱਖ ਦੀ ਲਾਗਤ ਨਾਲ ਇੱਕ ਬਲੱਡ ਬੈਂਕ ਬਣਾਇਆ ਜਾਵੇਗਾ, ਜਿਸ ਨਾਲ ਸਾਡੇ ਸਮਾਜ ਸੇਵੀਆਂ ਤੇ ਲੋਕਾਂ ਦੀ ਮੰਗ ਪੂਰੀ ਹੋ ਜਾਵੇਗੀ। ਇਸ ਤੋਂ ਇਲਾਵਾ ਸਵਾ ਕਰੋੜ ਵਿੱਚ ਟਰੋਮਾ ਸੈਂਟਰ ਤੇ ਆਈਸੀਯੂ ਬਣੇਗਾ। ਇਹ ਸਾਰੇ ਕਾਰਜ 10 ਕਰੋੜ 20 ਲੱਖ ਦੀ ਲਾਗਤ ਨਾਲ ਹਸਪਤਾਲ ਵਿੱਚ ਆਉਣ ਵਾਲੇ ਦੋ ਤਿੰਨ ਮਹੀਨਿਆਂ ਵਿੱਚ ਮੁਕੰਮਲ ਕਰ ਦਿੱਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ 2022 ਤੱਕ ਇਸ ਹਸਪਤਾਲ ਵਿੱਚ ਕੇਵਲ ਪੰਜ ਹੀ ਡਾਕਟਰ ਮੌਜੂਦ ਸਨ ਤੇ ਹੁਣ ਇਸ ਹਸਪਤਾਲ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ 24 ਸਪੈਸ਼ਲਿਸਟ ਡਾਕਟਰ ਮੌਜੂਦ ਹਨ।

# ਪ੍ਰਮੋਸ਼ਨਾਂ 'ਚ ਗੜਬੜੀ ਦੇ ਮਸਲੇ 'ਤੇ ਡੀ ਟੀ ਐੱਫ਼ ਦਾ ਵਫ਼ਦ ਡੀ ਐੱਸ ਈ ਨੂੰ ਮਿਲਿਆ

### ਪ੍ਰਮੋਸ਼ਨ ਤੋਂ ਟੀ ਈ ਟੀ ਦੀ ਬੇਲੋੜੀ ਸ਼ਰਤ ਹਟਾਈ ਜਾਵੇ : ਡੀ ਟੀ ਐੱਫ਼



**ਮਾਨਸਾ (ਆਤਮਾ ਸਿੰਘ ਪਮਾਰ)**-ਈਟੀਟੀ ਕੇਡਰ/ਐੱਚ. ਟੀ., ਸੀ ਐੱਚ ਟੀ ਤੇ ਅਧਿਆਪਕਾਂ ਤੋਂ ਮਾਸਟਰ ਕਾਡਰ ਦੀ ਪ੍ਰਮੋਸ਼ਨ ਲਈ ਜਾਰੀ ਹੋਈਆਂ ਸੂਚੀਆਂ 'ਚ ਭਾਰੀ ਤਰੁੱਟੀਆਂ ਹੋਣ ਕਾਰਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦਾ ਇੱਕ ਵਫ਼ਦ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਦੀ ਅਗਵਾਈ ਵਿੱਚ ਡੀ. ਐੱਸ. ਈ. (ਸੈਕੰਡਰੀ) ਨੂੰ ਮਿਲਿਆ। ਜਾਣਕਾਰੀ ਦਿੰਦਿਆਂ ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਸਕੱਤਰ ਹਰਜਿੰਦਰ ਸਿੰਘ ਅਨੂਪਗੜ੍ਹ ਨੇ ਦੱਸਿਆ ਕਿ ਭਰਤੀ ਸਮੇਂ ਲਾਗੂ ਸ਼ਰਤਾਂ ਤੇ ਯੋਗਤਾਵਾਂ ਪੂਰੀਆਂ ਕਰਕੇ ਨੌਕਰੀ 'ਚ ਆਏ ਅਧਿਆਪਕਾਂ, ਜੋ ਕਿ ਪ੍ਰਮੋਸ਼ਨ ਤੋਂ ਬਾਅਦ ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰ ਵੀ ਬਣ ਗਏ ਸਨ, ਉਨ੍ਹਾਂ ਨੂੰ ਟੀ ਈ ਟੀ ਟੈਸਟ ਕੁਆਲੀਫਾਈ ਨਾ ਹੋਣ ਦੀ ਬੇਤੁਕੀ ਸ਼ਰਤ ਲ਼ਾ ਕੇ ਮਾਸਟਰ ਕਾਡਰ ਪ੍ਰਮੋਸ਼ਨ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਈ ਟੀ ਟੀ ਅਧਿਆਪਕਾਂ ਉੱਪਰ ਵੀ ਪ੍ਰਮੋਸ਼ਨ ਤੋਂ ਦੋ ਸਾਲ ਦੇ ਅੰਦਰ ਅੰਦਰ ਟੀ ਈ ਟੀ ਟੈਸਟ ਪਾਸ ਕਰਨ ਦੀ ਸ਼ਰਤ ਲਗਾ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਸ਼ੁਰੂ ਤੋਂ ਹੀ ਅਧਿਆਪਕਾਂ ਉੱਪਰ ਅਜਿਹੇ ਬੇਲੋੜੇ ਟੈਸਟ ਥੋਪਣ ਦਾ ਵਿਰੋਧ ਕਰਦੀ ਆਈ ਹੈ।ਆਗੂਆਂ ਨੇ ਕਿਹਾ ਕਿ 25-25 ਸਾਲ ਪੜ੍ਹਾਉਣ ਦਾ ਤਜਰਬਾ ਰੱਖਣ ਵਾਲੇ ਅਧਿਆਪਕਾਂ ਦੀ ਯੋਗਤਾ ਪਰਖਣ ਦੀ ਹੁਣ ਕੀ ਲੋੜ ਹੈ? ਇਸ ਮੌਕੇ ਡੀ ਟੀ ਐੱਫ਼ ਦੇ ਜਾਇੰਟ ਸਕੱਤਰ ਦਿਲਜੀਤ ਸਿੰਘ ਸਮਰਾਲਾ, ਗੁਰਪ੍ਰੀਤ ਖੇਮੂਆਣਾ, ਤਲਵਿੰਦਰ ਖਰੌੜ, ਹੁਸ਼ਿਆਰ ਸਿੰਘ ਤੇ ਜਸਵੀਰ ਸਿੰਘ ਨੇ ਦੱਸਿਆ ਕਿ ਡੀ ਐੱਸ ਈ ਨੇ ਉਨ੍ਹਾਂ ਦੇ ਇਤਰਾਜ਼ਾਂ ਨਾਲ ਸਹਿਮਤ ਹੁੰਦਿਆਂ ਜਿਨ੍ਹਾਂ ਪ੍ਰਮੋਸ਼ਨਾਂ ਉੱਪਰ ਰੋਕ ਲਗਾ ਦਿੱਤੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਇਨ੍ਹਾਂ ਪ੍ਰਮੋਸ਼ਨਾਂ ਵਿੱਚ ਰਹਿ ਗਈਆਂ ਹਰ ਕਿਸਮ ਦੀਆਂ ਤਰੁੱਟੀਆਂ ਨੂੰ ਦੂਰ ਕਰਕੇ ਜਲਦੀ ਹੀ ਇਹ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਟੀ ਈ ਟੀ ਦੀ ਸ਼ਰਤ ਰੱਖਣ ਬਾਰੇ ਉਹ ਸਿੱਖਿਆ ਸਕੱਤਰ ਨਾਲ ਮੀਟਿੰਗ ਕਰ ਰਹੇ ਹਨ ਅਤੇ ਕਾਨੂੰਨੀ ਰਾਇ ਲੈਣ ਤੋਂ ਬਾਅਦ ਕੋਈ ਹਾਂ-ਪੱਖੀ ਫ਼ੈਸਲਾ ਲੈਣਗੇ।

## ਫਰਦ ਕੇਂਦਰ ਕੰਪਿਊਟਰ ਅਪ੍ਰੇਟਰ ਐਸੋਸੀਏਸ਼ਨ ਨੇ ਮੰਗ ਪੱਤਰ ਸੌਂਪਿਆ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਫਰਦ ਕੇਂਦਰ ਕੰਪਿਊਟਰ ਆਪ੍ਰੇਟਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਪੰਜਾਬ ਦੇ ਫਰਦ ਕੇਂਦਰ ਕੰਪਿਊਟਰ ਆਪ੍ਰੇਟਰਾਂ ਦੀ ਦਸੰਬਰ 2025 ਦੀ ਬਕਾਇਆ ਤਨਖ਼ਾਹ ਤੇ ਈਐੱਸਆਈਸੀ/ਈਪੀਐੱਫ ਦੀ ਸਹੂਲਤ ਸਮੇਤ ਹੋਰ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਡਾਇਰੈਕਟਰ ਆਫ਼ ਲੈਂਡ ਰਿਕਾਰਡ ਪੰਜਾਬ ਦੇ ਨਾਂ 'ਤੇ ਇਕ ਮੰਗ ਪੱਤਰ ਸੌਂਪਿਆ।ਇਸ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਸਮੁੱਚੇ ਪੰਜਾਬ ਵਿੱਚ ਡਾਟਾ ਐਂਟਰੀ ਕੰਪਿਊਟਰ ਆਪ੍ਰੇਟਰ ਪਿਛਲੇ 17-18 ਸਾਲਾਂ ਤੋਂ ਲਗਾਤਾਰ ਫਰਦ ਕੇਂਦਰਾਂ ਵਿੱਚ ਆਪਣੀਆਂ ਸੇਵਾਵਾਂ ਇਮਾਨਦਾਰੀ ਨਾਲ ਦੇ ਰਹੇ ਹਨ।ਇੰਨੀ ਲੰਬੀ ਸੇਵਾ ਦੇ ਬਾਵਜੂਦ ਇਸ ਮਹਿੰਗਾਈ ਵਾਲੇ ਸਮੇਂ ਵਿੱਚ ਵੀ ਸਾਡੀਆਂ ਤਨਖ਼ਾਹਾਂ 'ਚ ਕੋਈ ਵਾਧਾ ਨਹੀਂ ਕੀਤਾ ਗਿਆ ਤੇ ਨਾ ਹੀ ਸਾਨੂੰ ਕੋਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਇੱਥੋਂ ਤੱਕ ਕਿ ਸਾਨੂੰ ਕਿਰਤ ਕਾਨੂੰਨ ਅਨੁਸਾਰ ਡੀ ਸੀ ਰੇਟ 'ਤੇ ਵੀ ਤਨਖ਼ਾਹ ਨਹੀਂ ਮਿਲ ਰਹੀ ਹੈ।ਇਸ ਤੋਂ ਇਲਾਵਾ ਦਸੰਬਰ 2025 ਦੀ ਤਨਖ਼ਾਹ ਅਜੇ ਤੱਕ ਨਹੀਂ ਦਿੱਤੀ ਗਈ, ਜਿਸ ਕਾਰਨ ਉਨ੍ਹਾਂ ਨੂੰ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਕਈ ਆਪ੍ਰੇਟਰਾਂ ਦੇ ਅਜੇ ਤੱਕ ਕੰਪਨੀ ਨੇ ਈਐੱਸਆਈਸੀ ਕਾਰਡ ਤੇ ਈਪੀਐੱਫ ਖਾਤੇ ਨਹੀਂ ਬਣਾਏ ਹਨ ਅਤੇ ਨਾ ਹੀ ਉਨ੍ਹਾਂ ਨੂੰ ਈਐੱਸਆਈਸੀ ਦਾ ਆਈਪੀਐੱਫ ਨੰਬਰ ਮੁਹੱਈਆ ਕਰਵਾਇਆ ਹੈ, ਜੋ ਕਿ ਕਿਰਤ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ।ਉਨ੍ਹਾਂ ਕਿਹਾ ਕਿ ਅਸੀਂ ਪ੍ਰੇਸ਼ਾਨ ਹੋ ਕੇ ਕੰਮ ਬੰਦ ਨਹੀਂ ਕਰਨਾ ਚਾਹੁੰਦੇ, ਇਸ ਲਈ ਮੰਗ ਕਰਦੇ ਹਾਂ ਕਿ ਸਾਡੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇ।ਐਸੋਸੀਏਸ਼ਨ ਅਹੁਦੇਦਾਰਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਯੂਨੀਅਨ ਦੇ ਬੈਨਰ ਹੇਠ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਸਬੰਧਤ ਕੰਪਨੀ ਦੀ ਹੋਵੇਗੀ।

# ਧਰਨੇ ਲਾਉਣ ਵਾਲੇ ਲੀਡਰ ਕੂੜੇ ਦੇ ਪੱਕੇ ਹੱਲ ਲਈ ਸਾਥ ਦੇਣ : ਅਰੁਣ ਗਿੱਲ

### ਕੂੜੇ ਦੇ ਮੁੱਦੇ 'ਤੇ ਵੋਟਾਂ ਲਈ ਰਾਜਨੀਤੀ ਕਰਨ ਵਾਲੇ ਆਗੂ ਹੋ ਜਾਣ ਸਾਵਧਾਨ



**ਜਗਰਾਉਂ (ਸੰਜੀਵ ਅਰੋੜਾ)**-ਪਿਛਲੇ ਦਿਨੀਂ ਜਗਰਾਉਂ ਅੰਦਰ ਕੂੜੇ ਲਈ ਜਗ੍ਹਾ ਦਾ ਪੱਕਾ ਹੱਲ ਕਰਨ ਦੀ ਬਜਾਏ ਰਾਜਨੀਤਕ ਲੋਕਾਂ ਵੱਲੋਂ ਮੂਹਰਲੀ ਕਤਾਰ ਵਿੱਚ ਹੋ ਕੇ ਜ਼ੋਰਦਾਰ ਸੰਘਰਸ਼ ਕੀਤਾ ਗਿਆ।ਸ਼ਹਿਰ ਅੰਦਰ ਜਾਮ ਲਗਾ ਕੇ ਸੱਚੇ ਹਤੈਸ਼ੀ ਹੋਣ ਦਾ ਨਾਟਕ ਕੀਤਾ ਗਿਆ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਕੀਤਾ।ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜਨੀਤਕ ਆਗੂ ਵੱਲੋਂ ਕੂੜੇ ਦੇ ਪੱਕੇ ਹੱਲ ਲਈ ਕੋਈ ਵੀ ਠੋਸ ਉਪਰਾਲੇ ਨਹੀਂ ਕੀਤੇ ਗਏ, ਸਿਰਫ ਕੂੜੇ ਉੱਪਰ ਰਾਜਨੀਤੀ ਕਰਕੇ ਸਫਾਈ ਸੇਵਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।ਜਦ ਕਿ ਕੂੜੇ ਲਈ ਜਗ੍ਹਾ ਦਾ ਹੱਲ ਚੁਣੇ ਹੋਏ ਨੁਮਾਇੰਦਿਆਂ ਤੇ ਰਾਜਨੀਤਕ ਆਗੂਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕੀਤਾ ਜਾਣਾ ਬਣਦਾ ਹੈ, ਨਾ ਕਿ ਸਫਾਈ ਸੇਵਕਾਂ ਦੁਆਰਾ। ਕੂੜੇ ਲਈ ਜਗ੍ਹਾ ਦਾ ਪੱਕਾ ਹੱਲ ਨਾ ਹੋਣ ਕਰਕੇ ਨਗਰ ਕੌਂਸਲ ਜਗਰਾਉਂ ਦੇ ਸਫਾਈ ਸੇਵਕਾਂ ਵੱਲੋਂ ਮੁਕੰਮਲ ਹੜਤਾਲ ਕੀਤੀ ਗਈ ਹੈ, ਜਿਸ ਕਰਕੇ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੰਘਰਸ਼ ਕੂੜੇ ਲਈ ਪੱਕੇ ਤੌਰ 'ਤੇ ਜਗ੍ਹਾ ਦਾ ਹੱਲ ਨਾ ਹੋਣ ਤੱਕ ਜਾਰੀ ਰਹੇਗਾ।ਅਰੁਣ ਗਿੱਲ ਨੇ ਦੱਸਿਆ ਕਿ ਬਹੁਤ ਸਾਰੇ ਕੌਂਸਲਰ ਤੇ ਕੌਂਸਲਰ ਚੋਣਾਂ ਲਈ ਚਾਹਵਾਨ ਉਮੀਦਵਾਰ ਕੂੜੇ ਉੱਪਰ ਸ਼ਹਿਰ ਨਿਵਾਸੀਆਂ ਨੂੰ ਗੁੰਮਰਾਹ ਕਰਕੇ ਰਾਜਨੀਤੀ ਕਰ ਰਹੇ ਹਨ।ਕੂੜੇ ਉੱਪਰ ਰਾਜਨੀਤੀ ਕਰਨ ਵਾਲੇ ਰਾਜਨੀਤਕ ਲੋਕਾਂ ਨੂੰ ਸਖ਼ਤ ਤਾੜਨਾ ਕਰਦੇ ਹੋਏ ਦੱਸਿਆ ਜਾਂਦਾ ਹੈ ਕਿ ਜਿਸ ਵੀ ਕਿਸੇ ਨੇ ਕੂੜੇ ਉੱਪਰ ਰਾਜਨੀਤੀ ਕੀਤੀ, ਸਫਾਈ ਯੂਨੀਅਨ ਉਨ੍ਹਾਂ ਲੋਕਾਂ ਦੇ ਘਰਾਂ ਬਾਹਰ ਕੂੜਾ ਸੁੱਟਣ ਲਈ ਮਜਬੂਰ ਹੋਵੇਗੀ। ਇਸ ਲਈ ਉਨ੍ਹਾਂ ਵੱਲੋਂ ਬੇਨਤੀ ਹੈ ਕਿ ਕੂੜੇ ਉੱਪਰ ਰਾਜਨੀਤੀ ਕਰਨ ਦੀ ਬਜਾਏ ਕੂੜੇ ਦੇ ਪੱਕੇ ਹੱਲ ਲਈ ਰਾਜਨੀਤਕ ਤੇ ਆਮ ਲੋਕਾਂ ਨੂੰ ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਜਗਰਾਉਂ ਨਾਲ ਸੰਘਰਸ਼ ਵਿੱਚ ਸ਼ਾਮਲ ਹੋ ਕੇ ਕੂੜੇ ਲਈ ਜਗ੍ਹਾ ਦੇ ਪੱਕੇ ਹੱਲ ਲਈ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ ਸਫਾਈ ਯੂਨੀਅਨ ਦੇ ਸੈਕਟਰੀ ਰਜਿੰਦਰ ਕੁਮਾਰ, ਸਰਪ੍ਰਸਤ ਪ੍ਰਦੀਪ ਕੁਮਾਰ, ਪ੍ਰਧਾਨ ਸਨੀ ਸੁੰਦਰ, ਸੀਵਰੇਜ ਯੂਨੀਅਨ ਪ੍ਰਧਾਨ ਰਾਜ ਕੁਮਾਰ, ਸਰਪ੍ਰਸਤ ਸ਼ਾਮ ਲਾਲ ਤੇ ਸਮੂਹ ਸਫਾਈ ਸੇਵਕ ਸੀਵਰਮੈਨ ਹਾਜ਼ਰ ਸਨ।

## ਕੈਂਟਰ ਦੇ ਕੈਬਿਨ 'ਚ ਬਾਲੀ ਅੰਗੀਠੀ ਕਾਰਨ ਦੋ ਦੀ ਮੌਤ

**ਮਾਛੀਵਾੜਾ ਸਾਹਿਬ** : ਕੁਹਾੜਾ ਰੋਡ 'ਤੇ ਪੈਂਦੇ ਪਿੰਡ ਭੱਟੀਆਂ ਵਿਖੇ ਇਕ ਫੈਕਟਰੀ 'ਚ 2 ਨੌਜਵਾਨਾਂ ਦੀਆਂ ਸ਼ੱਕੀ ਹਾਲਾਤ ਵਿਚ ਲਾਸ਼ਾਂ ਮਿਲੀਆਂ।

ਫੈਕਟਰੀ ਦੇ ਸਕਿਉਰਿਟੀ ਸੁਪਰਵਾਈਜ਼ਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਕ ਕੈਂਟਰ ਰਿਫਾਇੰਡ ਤੇਲ ਲੈਣ ਲਈ ਫੈਕਟਰੀ ਵਿਚ ਆਇਆ ਸੀ, ਜਿਸ ਦੇ ਚਾਲਕ ਦਾ ਨਾਂਅ ਛੋਟੂ ਵਾਸੀ ਪਿੰਡ ਡੂੰਗਰਾਂਵਾਲਾ, ਤਹਿਸੀਲ ਖੇਰਾਗੜ੍ਹ (ਯੂ ਪੀ) ਹੈ, ਜਦ ਕਿ ਉਸ ਦੇ ਸਾਥੀ ਦਾ ਨਾਂਅ ਸ੍ਰੀ ਭਗਵਾਨ ਵਾਸੀ ਪਿੰਡ ਮਹਿਤਾ, ਜ਼ਿਲਾ ਭਰਤਪੁਰ (ਰਾਜਸਥਾਨ) ਹੈ, ਜੋ ਕਿ ਰਿਸ਼ਤੇ ਵਿਚ ਫੁੱਫੜ ਤੇ ਭਤੀਜਾ ਲੱਗਦੇ ਹਨ। ਜਦੋਂ ਇਹ ਦੋਵੇਂ ਸ਼ੁੱਕਰਵਾਰ ਕੈਬਿਨ ਵਿਚ ਮ੍ਰਿਤਕ ਪਾਏ ਗਏ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਮੌਕੇ 'ਤੇ ਪੁੱਜੇ ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਫੈਕਟਰੀ ਦੇ ਪ੍ਰਬੰਧਕਾਂ ਅਨੁਸਾਰ ਇਹ ਦੋਵੇਂ ਨੌਜਵਾਨ ਰਾਤ ਖਾਣਾ ਖਾ ਕੇ ਕੈਂਟਰ ਦੇ ਕੈਬਿਨ ਵਿਚ ਸੌਂ ਗਏ ਅਤੇ ਇਨ੍ਹਾਂ ਠੰਢ ਤੋਂ ਬਚਾਅ ਲਈ ਕੋਲਿਆਂ ਵਾਲੀ ਅੰਗੀਠੀ ਬਾਲੀ ਹੋਈ ਸੀ। ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆ ਰਿਹਾ ਹੈ ਕਿ ਕੋਲਿਆਂ ਵਾਲੀ ਅੰਗੀਠੀ ਤੋਂ ਗੈਸ ਚੜ੍ਹਨ ਕਾਰਨ ਇਨ੍ਹਾਂ ਦਾ ਦਮ ਘੁੱਟਣ ਕਾਰਨ ਮੌਤ ਹੋਈ ਹੈ। ਥਾਣਾ ਮੁਖੀ ਅਨੁਸਾਰ ਫੈਰੋਂਸਿਕ ਟੀਮ ਬੁਲਾਈ ਗਈ ਹੈ, ਜੋ ਸਾਰੇ ਮਾਮਲੇ ਦੀ ਜਾਂਚ ਕਰੇਗੀ।

## ਆਤਿਸ਼ੀ ਮਾਮਲੇ 'ਚ ਜਲੰਧਰ 'ਚ ਐੱਫ ਆਈ ਆਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਜਲੰਧਰ ਪੁਲਸ ਕਮਿਸ਼ਨਰੇਟ ਦੇ ਬੁਲਾਰੇ ਨੇ ਸ਼ੁੱਕਰਵਾਰ ਦੱਸਿਆ ਕਿ ਇਕਬਾਲ ਸਿੰਘ ਦੀ ਸ਼ਿਕਾਇਤ 'ਤੇ ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਦੀ ਇੱਕ ਵੀਡੀਓ ਨੂੰ ਤੋੜ-ਮਰੋੜ ਕੇ ਅਤੇ ਤਕਨਾਲੋਜੀ ਨਾਲ ਬਦਲ ਕੇ ਗਲਤ ਢੰਗ ਨਾਲ ਅਪਲੋਡ ਅਤੇ ਪ੍ਰਸਾਰਤ ਕਰਨ ਨਾਲ ਸੰਬੰਧਤ ਮਾਮਲੇ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ਹੈ। ਆਤਿਸ਼ੀ ਨੂੰ ਗੁਰੂਆਂ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਅਤੇ ਨਿੰਦਿਆ ਭਰੀਆਂ ਟਿੱਪਣੀਆਂ ਕਰਦੇ ਹੋਏ ਦਿਖਾਉਂਦਿਆਂ ਭੜਕਾਊ ਸੁਰਖੀਆਂ ਦੇ ਨਾਲ ਇੱਕ ਛੋਟੀ ਵੀਡੀਓ ਕਲਿੱਪ ਵਾਲੀਆਂ ਕਈ ਪੋਸਟਾਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਲੋਡ/ਪ੍ਰਸਾਰਤ ਕੀਤੀਆਂ ਗਈਆਂ ਹਨ।

ਬੁਲਾਰੇ ਨੇ ਕਿਹਾ ਕਿ ਇਸ ਵੀਡੀਓ ਕਲਿੱਪ ਦੀ ਜਾਂਚ ਵਿਗਿਆਨਕ ਢੰਗ ਨਾਲ ਕੀਤੀ ਗਈ ਹੈ ਅਤੇ ਆਤਿਸ਼ੀ ਦੀ ਆਡੀਓ ਵਾਲੀ ਇਹ

ਵੀਡੀਓ ਕਲਿੱਪ ਕਪਿਲ ਮਿਸ਼ਰਾ ਦੇ ਸੋਸ਼ਲ ਮੀਡੀਆ ਪਲੇਟਫਾਰਮ (https://x.com/kapilmishra_ind/status/200881101915-8847790? s=48) ਤੋਂ ਡਾਊਨਲੋਡ ਕਰਕੇ ਫੋਰੈਂਸਿਕ ਜਾਂਚ ਲਈ ਡਾਇਰੈਕਟਰ, ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ, ਐੱਸ ਏ ਐੱਸ ਨਗਰ ਨੂੰ ਭੇਜੀ ਗਈ ਸੀ। ਦੱਸਣਯੋਗ ਹੈ ਕਿ ਇਸ ਵੀਡੀਓ ਦੀ ਫੋਰੈਂਸਿਕ ਰਿਪੋਰਟ 9 ਜਨਵਰੀ ਦੇ ਅਨੁਸਾਰ ਇਹ ਸਾਹਮਣੇ ਆਇਆ ਹੈ ਕਿ ਆਤਿਸ਼ੀ ਦੁਆਰਾ ਆਪਣੀ ਆਡੀਓ ਵਿੱਚ ਕਿਤੇ ਵੀ 'ਗੁਰੂ' ਸ਼ਬਦ ਨਹੀਂ ਬੋਲਿਆ ਗਿਆ, ਜਿਵੇਂ ਕਿ ਸੋਸ਼ਲ ਮੀਡੀਆ 'ਤੇ ਪ੍ਰਸਾਰਤ ਕੀਤੇ ਜਾ ਰਹੇ ਵੀਡੀਓ ਕਲਿੱਪਾਂ ਵਿੱਚ ਦਿਖਾਇਆ ਜਾ ਰਿਹਾ ਹੈ।ਅਸਲ ਵਿੱਚ ਇਸ ਵੀਡੀਓ ਨਾਲ ਛੇੜ-ਛਾੜ ਕਰਕੇ ਇਸ ਨੂੰ ਤਕਨਾਲੋਜੀ ਨਾਲ ਤੋੜ ਮਰੋੜ ਕੇ ਅਪਲੋਡ ਕੀਤਾ ਗਿਆ ਹੈ, ਜਿਸ ਵਿੱਚ ਅਜਿਹੇ ਕੁਝ ਸ਼ਬਦ ਸ਼ਾਮਲ ਕੀਤੇ ਗਏ ਹਨ, ਜੋ ਆਤਿਸ਼ੀ ਦੁਆਰਾ ਬੋਲੇ ਹੀ ਨਹੀਂ ਗਏ।

## ਅਕਾਲੀ ਸਰਕਾਰ ਦੀ ਲੋਕਾਂ ਨੂੰ ਬੇਸਬਰੀ ਨਾਲ ਉਡੀਕ : ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਲੋਕ ਬੇਸਬਰੀ ਨਾਲ ਉਡੀਕ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੇਅਰਮੈਨ ਅਮਰਜੀਤ ਸਿੰਘ ਮਾਣੂਕੇ, ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਅਕਾਲੀ ਆਗੂ ਤਰਲੋਚਨ ਸਿੰਘ ਕਾਲੇਕੇ, ਐੱਸਓਆਈ ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਅਕਾਲੀ ਆਗੂ ਵਿੱਕੀ ਫੂਲੇਵਾਲਾ ਤੇ ਅਕਾਲੀ ਆਗੂ ਗੋਰਾ ਸੰਗਤਪੁਰਾ ਨੇ ਸਾਂਝੇ ਬਿਆਨ ਵਿੱਚ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੇ ਕਾਰਗੁਜ਼ਾਰੀ ਤੋਂ ਨਿਰਾਸ਼ ਹਨ ਅਤੇ ਹੁਣ ਇੱਕ ਮਜ਼ਬੂਤ, ਤਜਰਬੇਕਾਰ ਤੇ ਲੋਕ-ਹਿਤੈਸ਼ੀ ਸਰਕਾਰ ਦੀ ਲੋੜ ਮਹਿਸੂਸ ਕਰ ਰਹੇ ਹਨ, ਜੋ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਦੇ ਸਕਦਾ ਹੈ।ਅਕਾਲੀ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਲੋਕਾਂ ਦੀ ਪਾਰਟੀ ਰਹੀ ਹੈ, ਜਿਸ ਨੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਤੇ ਨੌਜਵਾਨਾਂ ਦੀ ਆਵਾਜ਼ ਨੂੰ ਬੁਲੰਦ ਕੀਤਾ ਹੈ।ਉਨ੍ਹਾਂ ਕਿਹਾ ਕਿ ਅੱਜ ਲੋਕ ਖੁਸ਼ਹਾਲੀ ਦੀਆਂ ਗੱਲਾਂ ਕਰਦੇ ਬਾਦਲ ਸਰਦਾਰ ਦੀਆਂ ਨੀਤੀਆਂ ਨੂੰ ਯਾਦ ਕਰ ਰਹੇ ਹਨ ਤੇ ਹੁਣ ਅਕਾਲੀ ਸਰਕਾਰ ਦੀ ਉਡੀਕ ਕਰ ਰਹੇ ਹਨ।ਆਗੂਆਂ ਨੇ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਾਰਨ ਹਰ ਵਰਗ ਵਿੱਚ ਨਿਰਾਸ਼ਾ ਹੈ।ਕਿਸਾਨਾਂ ਨੂੰ ਫਸਲਾਂ ਦੇ ਢੁਕਵੇਂ ਭਾਅ ਨਹੀਂ ਮਿਲ ਰਹੇ, ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਘੱਟ ਹਨ ਤੇ ਕਾਨੂੰਨ-ਵਿਵਸਥਾ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ।ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ ਇਕ ਐਸੀ ਪਾਰਟੀ ਹੈ, ਜੋ ਪੰਜਾਬ ਦੀ ਸੰਸਕ੍ਰਿਤੀ, ਰਿਵਾਇਤਾਂ ਤੇ ਕਿਸਾਨੀ ਅਧਾਰਤ ਅਰਥਵਿਵਸਥਾ ਨੂੰ ਸਮਝਦੀ ਹੈ।ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ ਨੂੰ ਮੁੜ ਖੁਸ਼ਹਾਲੀ ਤੇ ਤਰੱਕੀ ਦੇ ਰਾਹ 'ਤੇ ਲਿਆਂਦਾ ਜਾਵੇਗਾ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਜਿੱਤ ਦੇਣ ਲਈ ਤਿਆਰ ਹਨ ਤੇ ਪੰਜਾਬ ਵਿੱਚ ਇੱਕ ਮਜ਼ਬੂਤ ਅਕਾਲੀ ਸਰਕਾਰ ਬਣਨਾ ਤੈਅ ਹੈ।

# ਸਰਹਿੰਦ ਸ਼ਹਿਰ ਦੀ ਵਿਕਾਸ ਪੱਖੋਂ ਬਦਲੀ ਜਾ ਰਹੀ ਹੈ ਨੁਹਾਰ : ਰਾਏ

### 31 ਲੱਖ ਦੀ ਲਾਗਤ ਨਾਲ ਵਿਕਾਸ ਕਾਰਜ ਸ਼ੁਰੂ ਕਰਵਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਸਰਹਿੰਦ ਸ਼ਹਿਰ ਵਿਖੇ ਕਰੀਬ 31 ਲੱਖ ਰੁਪਏ ਦੀ ਲਾਗਤ ਦੇ ਨਾਲ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਯੋਗ ਅਗਵਾਈ ਦੇ ਵਿੱਚ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ।ਵਿਕਾਸ ਪੱਖੋਂ ਸਰਹਿੰਦ ਸ਼ਹਿਰ ਦੀ ਨੁਹਾਰ ਬਦਲੀ ਜਾ ਰਹੀ ਹੈ।ਸਰਹਿੰਦ ਸ਼ਹਿਰ 'ਚ ਖਾਨਪੁਰ ਚੁੰਗੀ ਤੋਂ ਲੈ ਕੇ ਸਦਨੇ ਕਸਾਈ ਦੀ ਮਸੀਤ ਤੱਕ ਬਰਮ ਸਮੇਤ ਇੰਟਰਲੌਕ ਟਾਈਲਾਂ ਦਾ ਕੰਮ ਕਰੀਬ 21 ਲੱਖ ਰੁਪਏ ਦੀ ਲਾਗਤ ਨਾਲ ਕਰਵਾਇਆ ਜਾ ਰਿਹਾ ਹੈ।ਇਸੇ ਤਰ੍ਹਾਂ ਸਰਹਿੰਦ ਸ਼ਹਿਰ ਦੇ ਹਰਨਾਮ ਨਗਰ ਵਿਖੇ 9.98 ਲੱਖ ਰੁਪਏ ਦੀ ਲਾਗਤ ਦੇ ਨਾਲ ਗਲੀਆਂ ਬਣਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।ਉਸੇ ਤਹਿਤ ਵਿਕਾਸ ਕਾਰਜ ਨਿਰੰਤਰ ਜਾਰੀ ਹਨ।

ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਸ਼ੁਰੂ ਤੋਂ ਹੀ ਇਹ ਰਾਗ ਅਲਾਪ ਦੀਆਂ ਆ ਰਹੀਆਂ ਸਨ ਕਿ ਖਜ਼ਾਨਾ ਖਾਲੀ ਹੈ।ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਕਿਸੇ ਤਰ੍ਹਾਂ ਦੀ ਸਹੂਲਤ ਨਹੀਂ ਦੇ ਸਕੇਗੀ, ਪ੍ਰੰਤੂ ਪਿਛਲੇ ਚਾਰ ਸਾਲਾਂ ਤੋਂ ਭਗਵੰਤ ਮਾਨ ਸਰਕਾਰ ਨਿਰੰਤਰ ਆਮ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਂਦੀ ਆ ਰਹੀ ਹੈ।ਇਸੇ ਤਰ੍ਹਾਂ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਵੀ ਆਮ ਲੋਕਾਂ ਦੀ ਸਹੂਲਤ ਵਿੱਚ ਲਿਆਂਦਾ ਗਿਆ ਹੈ।ਬੁਖਲਾਹਟ ਵਿੱਚ ਆਏ ਵਿਰੋਧੀ ਪੁੱਠੇ ਸਿੱਧੇ ਬਿਆਨ ਦੇ ਕੇ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਸੋਨੂੰ, ਮੱਖਣ ਸਹੋਤਾ, ਐਡਵੋਕੇਟ ਗੁਰਪ੍ਰੀਤ ਸਿੰਘ ਕੈੜੇ, ਗੁਰਮੀਤ ਬਾਜਵਾ, ਏਐੱਸਆਈ ਬਲਜਿੰਦਰ ਸਿੰਘ, ਰਜੇਸ਼ ਕੁਮਾਰ, ਸੰਦੀਪ ਵਾਲਮੀਕੀ, ਰਜਿੰਦਰ ਕੁਮਾਰ ਰੇਲਵੇ, ਐਡਵੋਕੇਟ ਹਰਕੰਵਲ ਸਿੰਘ, ਬਿੱਟੂ ਸੂਦ, ਜੋਨੀ ਤਲਾਣੀਆਂ, ਸਰਪੰਚ ਗੁਰਦੀਪ ਸਿੰਘ, ਰਜੇਸ਼ ਉੱਪਲ, ਅਸੀਸ ਅੱਤਰੀ ਆਦਿ ਹਾਜ਼ਰ ਸਨ।


## ਉੱਤਰ ਰੇਲਵੇ

### ਖੁਲੀ ਟੈਂਡਰ ਸੂਚਨਾ

ਸੀਨੀ. ਮੰਡਲ ਵਿਦੁਤ ਇੰਜੀਨੀਅਰ/ਟੀ.ਆਰ., ਉ.ਰੇ. ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਈ-ਟੈਂਡਰ ਆਖਰੀ ਮਿਤੀ 02.02.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 02.02.2026 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|---|
| 730-ਟੀ.ਆਰ.ਡੀ. ਫ਼ਿਰੋਜ਼ਪੁਰ 2025-26 | ਫਿਰੋਜ਼ਪੁਰ ਡਵੀਜਨ ਵਿਚ ਐਨਐਚਏਆਈ ਪਰਿਯੋਜਨਾ ਦੇ ਲਈ ਜਮਾਂ ਆਧਾਰ ਉਤੇ 03 ਆਰਓਬੀ, MLX ਦੇ ਕੋਲ KM 17/7-8 ਉਤੇ LDH-FZR ਸੈਕਸ਼ਨ ਉਤੇ ਕੇਐਮ 23/1-2 ਉਤੇ PHR-LNK ਸੈਕਸ਼ਨ ਉਤੇ ਅਤੇ JUC-NRO ਸੈਕਸ਼ਨ ਉਤੇ KM 24/3-5 ਉਤੇ ਇਕ-ਇਕ ਆਰਓਬੀ ਉਤੇ ਟੀਆਰਡੀ ਦਾ ਕੰਮ। | ₹ 32,60,836.67 | 02.02.2026 15:00 ਵਜੇ ਤਕ | 65,200/- | (06 ਮਹੀਨੇ) | 02.02.2026 15:00 ਵਜੇ ਦੇ ਬਾਦ | www.ireps.gov.in |

ਉਪਰੋਕਤ ਟੈਂਡਰ ਦੇ ਲਈ ਕੰਮ ਦੀ ਸਮਾਨ ਪ੍ਰਕ੍ਰਿਤੀ : ਟੈਂਡਰ ਦਾ ਮੁਲ 50.00 ਲੱਖ ਤੋਂ ਘੱਟ ਹੋਣ ਦੇ ਕਾਰਣ ਇਹ ਲਾਗੂ ਨਹੀਂ ਹੈ।

ਨੰ: 730- ਟੀ.ਆਰ.ਡੀ.-ਫ਼ਿਰੋਜ਼ਪੁਰ-2025-26 ਮਿਤੀ : 09.01.2026 101/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਫ਼ਰੀਦਕੋਟ 'ਚ ਪਾਣੀ ਦਾ ਗੰਭੀਰ ਸੰਕਟ : ਅਰਸ਼ ਸੱਚਰ

### ਭਾਰੀ ਧਾਤਾਂ ਕਾਰਨ ਕੈਂਸਰ ਤੇ ਗੁਰਦਿਆਂ ਦੀਆਂ ਬਿਮਾਰੀਆਂ ਫੈਲਣ ਦਾ ਖ਼ਦਸ਼ਾ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਫ਼ਰੀਦਕੋਟ ਜ਼ਿਲ੍ਹੇ ਵਿੱਚ ਪੀਣ ਵਾਲੇ ਪਾਣੀ ਦੀ ਲਗਾਤਾਰ ਵਿਗੜ ਰਹੀ ਹਾਲਤ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਮਾਜਸੇਵੀ ਅਰਸ਼ ਸੱਚਰ ਨੇ ਪੰਜਾਬ ਸਰਕਾਰ ਵਿਰੁੱਧ ਤਿੱਖਾ ਮੋਰਚਾ ਖੋਲ੍ਹਿਆ ਹੈ।ਸੱਚਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਵਿਸਥਾਰਤ ਪੱਤਰ ਲਿਖ ਕੇ ਫ਼ਰੀਦਕੋਟ ਵਿੱਚ ਤੁਰੰਤ 'ਪਬਲਿਕ ਹੈਲਥ ਐਮਰਜੈਂਸੀ' ਘੋਸ਼ਿਤ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਮਾਂ ਰਹਿੰਦੇ ਸਖ਼ਤ ਕਦਮ ਨਾ ਚੁੱਕੇ ਗਏ ਤਾਂ ਇਹ ਸੰਕਟ ਆਉਣ ਵਾਲੀਆਂ ਪੀੜ੍ਹੀਆਂ ਲਈ ਜਾਨਲੇਵਾ ਸਾਬਿਤ ਹੋਵੇਗਾ।



ਅਰਸ਼ ਸੱਚਰ ਨੇ ਆਪਣੀ ਅਰਜ਼ੀ ਵਿੱਚ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਪਿੰਡਾਂ ਤੇ ਸ਼ਹਿਰਾਂ ਦੇ ਦੌਰੇ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਧਰਤੀ ਹੇਠਲਾ ਪਾਣੀ ਬਦਬੂਦਾਰ, ਖਾਰਾ ਤੇ ਜ਼ਹਿਰੀਲਾ ਹੋ ਚੁੱਕਾ ਹੈ।ਉਨ੍ਹਾਂ ਕਿਹਾ ਕਿ ਜਦੋਂ ਇੱਕ ਮਾਂ ਆਪਣੇ ਬੱਚੇ ਨੂੰ ਪਾਣੀ ਪਿਲਾਉਣ ਤੋਂ ਪਹਿਲਾਂ ਡਰਦੀ ਹੈ, ਤਾਂ ਇਹ ਸਿਸਟਮ ਦੀ ਨਾਕਾਮੀ ਦੀ ਸਭ ਤੋਂ ਵੱਡੀ ਗਵਾਹੀ ਹੈ।ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਪਾਣੀ ਵਿੱਚ ਯੂਰੇਨੀਅਮ, ਆਰਸੈਨਿਕ, ਲੀਡ ਤੇ ਫਲੋਰਾਈਡ ਵਰਗੇ ਘਾਤਕ ਤੱਤ ਮੌਜੂਦ ਹਨ, ਜੋ ਕੈਂਸਰ ਤੇ ਕਿਡਨੀ ਫੇਲ੍ਹ ਹੋਣ ਵਰਗੀਆਂ ਬਿਮਾਰੀਆਂ ਦਾ ਮੁੱਖ ਕਾਰਨ ਬਣ ਰਹੇ ਹਨ।ਸੱਚਰ ਨੇ ਸਿਰਫ਼ ਮੰਗ ਹੀ ਨਹੀਂ ਕੀਤੀ, ਸਗੋਂ ਪੂਰੀ ਮੈਪਿੰਗ ਦੇ ਕੇ ਸਰਕਾਰ ਨੂੰ ਘੇਰਿਆ ਹੈ।ਉਨ੍ਹਾਂ ਨੇ ਫ਼ਰੀਦਕੋਟ ਸ਼ਹਿਰ ਦੇ 22 ਅਹਿਮ ਸਥਾਨਾਂ (ਜਿਵੇਂ ਕਿ ਸਿਵਲ ਹਸਪਤਾਲ, ਮੈਡੀਕਲ ਕਾਲਜ, ਨਹਿਰੂ ਸਟੇਡੀਅਮ) ਤੇ ਹਲਕੇ ਦੇ 80 ਤੋਂ ਵੱਧ ਪਿੰਡਾਂ (ਕਾਬਲਵਾਲਾ, ਹੱਸਣਭੱਟੀ, ਸਾਦਿਕ, ਗੋਲੇਵਾਲਾ ਆਦਿ) ਦੀ ਸੂਚੀ ਸੌਂਪੀ ਹੈ।ਉਨ੍ਹਾਂ ਮੰਗ ਕੀਤੀ ਕਿ ਹਰੇਕ ਸਰਕਾਰੀ ਜਲ ਸਰੋਤ ਦੀ ਜੀ ਪੀ ਐੱਸ ਤੇ ਵੀਡੀਓਗ੍ਰਾਫੀ ਰਾਹੀਂ ਸੈਂਪਲਿੰਗ ਕੀਤੀ ਜਾਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਵਿਸ਼ੇਸ਼ ਟਾਸਕ ਫੋਰਸ ਟੀਮ ਬਣਾਈ ਜਾਵੇ।ਹਰ ਪਿੰਡ ਤੇ ਵਾਰਡ ਦੀ ਅਟੈਸਟਡ ਰਿਪੋਰਟ ਜਨਤਕ ਕੀਤੀ ਜਾਵੇ।ਜਿੱਥੇ ਪਾਣੀ ਅਸੁਰੱਖਿਅਤ ਹੈ, ਉੱਥੇ ਸਰਕਾਰ ਤੁਰੰਤ ਸਾਫ਼ ਪਾਣੀ ਦੇ ਟੈਂਕਰਾਂ ਜਾਂ ਹੋਰ ਸਾਧਨਾਂ ਦਾ ਪ੍ਰਬੰਧ ਕਰੇ।ਸਰਫੇਸ ਵਾਟਰ (ਨਹਿਰੀ ਪਾਣੀ) ਰਾਹੀਂ ਪੱਕਾ ਹੱਲ ਲੱਭਿਆ ਜਾਵੇ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕੋਈ ਰਾਜਨੀਤਕ ਮੁੱਦਾ ਨਹੀਂ ਹੈ, ਸਗੋਂ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ।ਸੱਚਰ ਮੁਤਾਬਕ ਉਹ ਪਹਿਲਾਂ ਹੀ ਪੰਜਾਬ ਗ੍ਰੀਵੈਂਸ ਪੋਰਟਲ ਤੇ ਕੇਂਦਰੀ ਪੋਰਟਲ 'ਤੇ ਸ਼ਿਕਾਇਤਾਂ ਦਰਜ ਕਰਵਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਜੇਕਰ ਫ਼ਰੀਦਕੋਟ ਵਿੱਚ ਇਹ ਮਾਡਲ ਸਫਲ ਹੁੰਦਾ ਹੈ, ਤਾਂ ਇਹ ਪੂਰੇ ਪੰਜਾਬ ਲਈ ਇੱਕ ਮਿਸਾਲ ਬਣੇਗਾ।

## ਬਿਜਲੀ ਘਰਾਂ ਦੀਆਂ ਜਾਇਦਾਦਾਂ ਵੇਚਣ ਤੇ ਨਿੱਜੀਕਰਨ ਵਿਰੁੱਧ ਪਿੰਡਾਂ 'ਚ ਮੀਟਿੰਗਾਂ



**ਲੁਧਿਆਣਾ (ਸਤੀਸ਼ ਸਚਦੇਵਾ)**-ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ ਦੀ ਸਾਂਝੀ ਅਗਵਾਈ ਹੇਠ ਕੇਂਦਰੀ ਹਕੂਮਤ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਦੇ ਨਿੱਜੀਕਰਨ ਵਾਲੇ ਬਿਜਲੀ ਐਕਟ (ਸੋਧ) ਬਿੱਲ 2025 ਨੂੰ ਰੱਦ ਕਰਵਾਉਣ ਲਈ ਅਤੇ ਪੰਜਾਬ ਸਰਕਾਰ ਵੱਲੋਂ ਉਪਰੋਕਤ ਦਿਸ਼ਾ ਵਿੱਚ ਬਿਜਲੀ ਘਰਾਂ ਦੀਆਂ ਜਾਇਦਾਦਾਂ ਵੇਚਣ ਦੀਆਂ ਯੋਜਨਾਵਾਂ ਨੂੰ ਵਾਪਸ ਕਰਵਾਉਣ ਲਈ 'ਬਿਜਲੀ ਬਚਾਓ ਲੋਕ ਲਹਿਰ' ਦੀ ਉਸਾਰੀ ਵਾਸਤੇ ਪਿੰਡ-ਪਿੰਡ ਜਨਤਕ ਮੀਟਿੰਗਾਂ ਦਾ ਸਿਲਸਿਲਾ ਜ਼ੋਰਦਾਰ ਢੰਗ ਨਾਲ ਚਲਾਇਆ ਜਾ ਰਿਹਾ ਹੈ।ਇਸੇ ਲੜੀ ਦੀ ਕੜੀ ਅਧੀਨ ਅੱਜ ਮੁੱਲਾਂਪੁਰ ਇਲਾਕੇ ਦੇ ਪਿੰਡਾਂ ਪੰਡੋਰੀ, ਮੰਡਿਆਣੀ, ਖੰਜਰਵਾਲ, ਤਲਵੰਡੀ ਕਲਾਂ ਤੇ ਪਿੰਡ ਮੁੱਲਾਂਪੁਰ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਦੀ ਸ਼ਮੂਲੀਅਤ ਵਾਲੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।ਤਲਵੰਡੀ ਕਲਾਂ ਤੇ ਪਿੰਡ ਮੁੱਲਾਂਪੁਰ ਸਮੇਤ ਉਪਰੋਕਤ ਪਿੰਡਾਂ ਵਿਖੇ ਕੀਤੀਆਂ ਵਿਸ਼ਾਲ ਮੀਟਿੰਗਾਂ ਨੂੰ ਜਥੇਬੰਦੀ ਦੇ ਵੱਖ-ਵੱਖ ਆਗੂਆਂ ਗੁਰਦਿਆਲ ਸਿੰਘ ਤਲਵੰਡੀ, ਜਸਦੇਵ ਸਿੰਘ ਲਲਤੋਂ, ਅਮਰੀਕ ਸਿੰਘ ਤਲਵੰਡੀ, ਰਣਜੀਤ ਸਿੰਘ ਗੁੜੇ, ਚਰਨਜੀਤ ਸਿੰਘ ਤਲਵੰਡੀ, ਬਲਵੰਤ ਸਿੰਘ ਤਲਵੰਡੀ, ਜਸਵੰਤ ਸਿੰਘ ਮਾਨ ਤੇ ਪੰਚ ਜਰਨੈਲ ਸਿੰਘ ਮੁੱਲਾਂਪੁਰ ਨੇ ਉਚੇਚੇ ਤੌਰ 'ਤੇ ਸੰਬੋਧਨ ਕੀਤਾ।

# ਐੱਨ ਜੀ ਟੀ ਦੇ ਹੁਕਮਾਂ ਨੂੰ ਲਾਗੂ ਕਰੋ : ਕਾਲੇ ਪਾਣੀ ਦਾ ਮੋਰਚਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਇੱਕ ਸਾਲ ਤੋਂ ਵੱਧ ਸਮੇਂ ਤੋਂ ਪੰਜਾਬ ਦੇ ਲੋਕ ਐਨ ਜੀ ਟੀ ਦੇ ਹੁਕਮਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਹਨ, ਜਿਸ ਨਾਲ ਬੁੱਢੇ ਦਰਿਆ ਦੇ ਪ੍ਰਦੂਸ਼ਣ ਦੇ ਮਸਲੇ 'ਤੇ ਕਨੂੰਨ ਦਾ ਰਾਜ ਬਹਾਲ ਹੋ ਸਕੇ, ਜਿਸ ਤੋਂ ਲਗਾਤਾਰ ਪੰਜਾਬ ਸਰਕਾਰ ਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਭੱਜਦੇ ਹੋਏ ਨਜ਼ਰ ਆ ਰਹੇ ਹਨ।ਬੀਤੇ 3 ਦਸੰਬਰ ਨੂੰ ਸ਼ਾਂਤਮਈ ਜਨਤਕ ਲਾਮਬੰਦੀ ਤੋਂ ਬਾਅਦ ਕਾਲੇ ਪਾਣੀ ਦਾ ਮੋਰਚਾ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਇੱਕ ਵਿਸਤ੍ਰਿਤ ਮੰਗ ਪੱਤਰ ਸੌਂਪਿਆ ਸੀ।ਉਸ ਮੈਮੋਰੰਡਮ ਵਿੱਚ ਨਿਰੀਖਣਾਂ, ਉਲੰਘਣਾਵਾਂ, ਸੀਪੀਸੀਬੀ ਦੇ ਨਿਰਦੇਸ਼ਾਂ, ਪੀਪੀਸੀਬੀ ਦੇ ਆਪਣੇ ਸੈਕਸ਼ਨ 33-ਏ ਦੇ ਆਦੇਸ਼ਾਂ ਤੇ ਐੱਨਜੀਟੀ ਦੇ ਵਾਰ-ਵਾਰ ਨਿਰਦੇਸ਼ਾਂ, ਜਿਸ ਵਿੱਚ ਅਦਾਲਤ ਦੀ ਹੁਕਮ ਅਦੂਲੀ ਨੋਟਿਸ ਵੀ ਸ਼ਾਮਲ ਹਨ, ਦੀ ਪੂਰੀ ਘਟਨਾਕ੍ਰਮ ਨੂੰ ਰਿਕਾਰਡ 'ਤੇ ਰੱਖਿਆ ਗਿਆ ਹੈ।ਸਰਕਾਰ ਨੇ ਭਰੋਸਾ ਦਿੱਤਾ ਕਿ ਇਨ੍ਹਾਂ ਹੁਕਮਾਂ ਨੂੰ ਸਮਝ ਕੇ ਇਸ ਬਾਰੇ 8 ਜਨਵਰੀ ਨੂੰ ਜਵਾਬ ਦਿੱਤਾ ਜਾਵੇਗਾ, ਜਿਸ ਲਈ ਕਾਰਕੁੰਨ ਅੱਜ ਦੁਬਾਰਾ ਆਏ ਸਨ।ਅੱਜ ਦੀ ਮੀਟਿੰਗ ਭਾਰੀ ਪੁਲਸ ਤਾਇਨਾਤੀ ਹੇਠ ਪੀਪੀਸੀਬੀ ਮੁੱਖ ਦਫਤਰ ਤੋਂ 100 ਮੀਟਰ ਦੂਰ ਲੱਗੀ ਭਾਰੀ ਬੈਰੀਕੇਡਿੰਗ ਤੋਂ ਬਾਹਰ ਹੋਈ ਤੇ ਪੁਲਸ ਨੇ ਕਾਰਕੁੰਨਾਂ ਨੂੰ ਨੇੜੇ ਨਹੀਂ ਜਾਣ ਦਿੱਤਾ।ਪੀਪੀਸੀਬੀ ਦੇ ਸੀਨੀਅਰ ਇੰਜੀਨੀਅਰ ਕੁਲਦੀਪ ਸਿੰਘ ਨੇ ਬੁੱਢਾ ਦਰਿਆ ਵਿੱਚ ਡਾਇਗ ਦਾ ਪਾਣੀ ਨਾ ਰੋਕਣ ਲਈ ਤੇ 9 ਦਸੰਬਰ 2024 ਦੇ ਐੱਨਜੀਟੀ ਦੇ ਹੁਕਮ ਨੂੰ ਲਾਗੂ ਨਾ ਕਰਨ ਦੇ ਕਾਰਨ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਅਜਿਹਾ ਇਸ ਲਈ ਕੀਤਾ, ਕਿਉਂਕਿ ਪੀਏਸੀ ਦੁਆਰਾ ਕੁਝ ਅਰਜ਼ੀਆਂ ਦਾਇਰ ਕਰਨ ਕਾਰਨ ਮਾਮਲਾ ਵਿਚਾਰ ਅਧੀਨ ਹੈ।ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਅਰਜ਼ੀਆਂ ਤਾਂ ਐੱਨਜੀਟੀ ਦੇ ਆਰਡਰ ਲਾਗੂ ਕਰਵਾਉਣ ਦੀਆਂ ਸਨ, ਜਿਨ੍ਹਾਂ ਦਾ ਇੱਕੋ ਇੱਕ ਉਦੇਸ਼ ਪੀਪੀਸੀਬੀ ਵਿੱਚ ਦਾਇਰ ਕੀਤੇ ਗਏ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਮਜਬੂਰ ਕਰਨਾ ਸੀ। ਜਦੋਂ ਪੀਪੀਸੀਬੀ ਨੇ ਪਹਿਲਾਂ ਐੱਨਜੀਟੀ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਕੁਝ ਨਹੀਂ ਕੀਤਾ ਸੀ, ਤਾਂ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ ਤੇ ਕਿਹਾ ਕਿ ਉਹ ਇਸ ਬਾਰੇ ਐੱਨਜੀਟੀ ਦੇ ਨਿਰਦੇਸ਼ਾਂ ਦੀ ਉਡੀਕ ਕਰ ਰਹੇ ਹਨ। ਕਾਰਕੁੰਨਾਂ ਨੇ ਇਸ ਜਵਾਬ ਨੂੰ ਹੈਰਾਨੀ ਭਰਪੂਰ, ਅੰਤਰਿਮ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਵਾਲਾ ਤੇ ਇਸ ਲਈ ਅਜਿਹੇ ਕਾਰਨ ਦੇਣ ਨੂੰ ਕਾਨੂੰਨੀ ਤੌਰ 'ਤੇ ਅਯੋਗ ਕਰਾਰ ਦਿੱਤਾ। ਲੁਧਿਆਣਾ ਵਿੱਚ ਤਿੰਨ ਸੀਈਟੀਪੀ-15, 40 ਤੇ 50 ਐਮਐਲਡੀ-ਪੀਪੀਸੀਬੀ, ਸੀਪੀਸੀਬੀ, ਕੇਂਦਰੀ ਵਾਤਾਵਰਣ ਮੰਤਰਾਲੇ ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਵਾਰ-ਵਾਰ ਵਾਤਾਵਰਣ ਕਲੀਅਰੈਂਸ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਤੇ ਬੁੱਢਾ ਦਰਿਆ ਵਿੱਚ ਗੈਰ-ਕਾਨੂੰਨੀ ਤੌਰ 'ਤੇ ਡਿਸਚਾਰਜ ਕਰਦੇ ਪਾਏ ਗਏ ਹਨ।ਇਸ ਡਿਸਚਾਰਜ ਨੂੰ ਰੋਕਣ ਲਈ ਇਨ੍ਹਾਂ ਵੱਡੀਆਂ ਕਨੂੰਨੀ ਸੰਸਥਾਵਾਂ ਦੇ ਸਪੱਸ਼ਟ ਨਿਰਦੇਸ਼ ਮੌਜੂਦ ਹਨ।ਵਾਤਾਵਰਣ ਮੰਤਰਾਲੇ ਵਿੱਚ ਹਾਲ ਹੀ ਵਿੱਚ ਹੋਈ ਮੀਟਿੰਗ ਦੇ ਮਿਨਟ ਸਥਿਤੀ ਦੀ ਪੁਸ਼ਟੀ ਕਰਦੇ ਹਨ।ਮੰਤਰਾਲੇ ਨੇ ਸਵੀਕਾਰ ਕੀਤਾ ਹੈ ਕਿ ਵਾਤਾਵਰਣ ਕਲੀਅਰੈਂਸ ਮੌਜੂਦ ਹਨ ਤੇ ਉਨ੍ਹਾਂ ਦੀਆਂ ਗੰਭੀਰ ਉਲੰਘਣਾਵਾਂ ਨੋਟ ਕੀਤੀਆਂ ਗਈਆਂ ਹਨ। ਪਰ ਉਨ੍ਹਾਂ ਵੱਲੋਂ ਵੀ ਕਨੂੰਨ ਦੀ ਪਾਲਣਾ ਨਿਰਦੇਸ਼ਤ ਕਰਨ ਦੀ ਬਜਾਏ, ਨਿਪਟਾਏ ਗਏ ਸਵਾਲਾਂ ਨੂੰ ਦੁਬਾਰਾ ਖੋਲ੍ਹਣ ਤੇ ਪ੍ਰਕਿਰਿਆ ਨੂੰ ਵਧਾਉਣ ਵੱਲ ਧਿਆਨ ਦਿੱਤਾ ਗਿਆ ਹੈ।ਕੋਈ ਅੰਤਰਿਮ ਰੋਕ ਨਹੀਂ ਲਗਾਈ ਗਈ ਹੈ ਅਤੇ ਨਾ ਹੀ ਕੋਈ ਸਮਾਂ-ਸੀਮਾ ਤੈਅ ਕੀਤੀ ਗਈ ਹੈ।

ਇਸ ਤਰ੍ਹਾਂ ਇਹ ਬਾਰ ਬਾਰ ਸਵੀਕਾਰ ਕੀਤਾ ਜਾਂਦਾ ਹੈ ਕਿ ਕਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਜਿਸ ਕਰਕੇ ਲੋਕਾਂ ਵਿੱਚ ਇਸ ਬਾਰੇ ਨਿਰਾਸ਼ਾ ਤੇ ਰੋਸ ਹੈ।ਇਸ ਲਈ ਕਾਲੇ ਪਾਣੀ ਦਾ ਮੋਰਚਾ ਆਪਣੀ ਮੰਗ ਦੁਹਰਾਉਂਦਾ ਹੈ ਕਿ ਐੱਨ.ਜੀ.ਟੀ ਤੇ ਪੀ.ਪੀ.ਸੀ.ਬੀ. ਆਦੇਸ਼ਾਂ ਨੂੰ ਤੁਰੰਤ ਲਾਗੂ ਕਰੋ।ਕਾਲੇ ਪਾਣੀ ਦਾ ਮੋਰਚਾ ਤੋਂ ਇਲਾਵਾ ਇਸ ਵਿੱਚ ਜ਼ੀਰਾ ਸਾਂਝਾ ਮੋਰਚਾ, ਸ੍ਰੀ ਚਮਕੌਰ ਸਾਹਿਬ ਮੋਰਚਾ, ਤਲਵੰਡੀ ਸਾਬੋ ਤੇ ਕਮਾਲੂ ਮੋਰਚਾ, ਦੌਣ ਕਲਾਂ ਮੋਰਚਾ, ਬੀਕੇਯੂ ਖੋਸਾ ਸਮੇਤ ਹੋਰ ਵਾਤਾਵਰਣ ਅੰਦੋਲਨਾਂ ਨੇ ਭਾਗ ਲਿਆ।

## ਪਤੀ-ਪਤਨੀ ਇੱਕੋ ਵੇਲ਼ੇ ਦੁਨੀਆ ਤੋਂ ਰੁਖਸਤ



**ਮਲੋਟ (ਓਮ ਪ੍ਰਕਾਸ਼ ਸੇਖੂ)**-ਸ਼ਹਿਰ ਦੇ 18 ਨੰਬਰ ਵਾਰਡ ਖਾਲੇਵਾਲੀ ਗਲੀ ਦੇ ਵਸਨੀਕ ਡੋਡਾ ਰਾਮ ਚਾਦੋਲੀਆ (90 ਸਾਲ) ਤੇ ਉਨ੍ਹਾਂ ਦੀ ਪਤਨੀ ਬੀਤੀ ਰਾਤ ਨੂੰ ਥੋੜ੍ਹੇ-ਥੋੜ੍ਹੇ ਸਮੇਂ ਦੇ ਨਾਲ ਇਸ ਦੁਨੀਆ ਤੋਂ ਰੁਖਸਤ ਹੋ ਗਏ। ਦੋਨਾਂ ਪਤੀ-ਪਤਨੀ ਦਾ ਇੱਕ ਸਾਥ ਚਲੇ ਜਾਣਾ ਸ਼ਹਿਰ 'ਚ ਚਰਚਾ ਦਾ ਵਿਸ਼ਾ ਬਣਾਇਆ ਹੋਇਆ ਹੈ। ਬਜ਼ੁਰਗ ਲੋਕਾਂ ਦਾ ਕਹਿਣਾ ਹੈ ਕਿ ਬੜੇ ਭਾਗਾਂ ਵਾਲੇ ਹੁੰਦੇ ਨੇ ਉਹ, ਜਿਨ੍ਹਾਂ ਦਾ ਅੰਤਮ ਸਸਕਾਰ ਇੱਕੋ ਟਾਈਮ 'ਤੇ ਹੁੰਦਾ ਹੈ ਤੇ ਇਸ ਦੁਨੀਆ ਤੇ ਆਪਣੇ ਸਾਥ ਨੂੰ ਬਾਖੂਬੀ ਨਿਭਾਉਂਦੇ ਹੋਏ ਦੂਜੇ ਜਹਾਨ ਵਿੱਚ ਵੀ ਇਕੱਠੇ ਚਲੇ ਜਾਂਦੇ ਹਨ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਡੋਡਾ ਰਾਮ ਚਾਦੋਲੀਆ ਤੇ ਉਨ੍ਹਾਂ ਦੀ ਪਤਨੀ ਪ੍ਰੇਮਾ ਦੇਵੀ ਦੀ ਮੌਤ ਪ੍ਰਮਾਤਮਾ ਨੇ ਅਮਰ ਕਰ ਦਿੱਤੀ ਤੇ ਦੁਆ ਕਰਦੇ ਹਾਂ ਕਿ ਇਨ੍ਹਾਂ ਦੋਹਾਂ ਦੀ ਰੂਹਾਂ ਨੂੰ ਪਿਤਾ ਪ੍ਰਮੇਸ਼ਰ ਆਪਣੇ ਚਰਨਾਂ ਵਿੱਚ ਸਥਾਨ ਬਖਸ਼ੇ ਖ਼ਬਰ ਲਿਖੇ ਜਾਣ ਤੱਕ ਉਨ੍ਹਾਂ ਦੇ ਅੰਤਿਮ ਸਸਕਾਰ ਦੀਆਂ ਤਿਆਰੀਆਂ ਰਾਮ ਬਾਗ ਪਟੇਲ ਨਗਰ ਵਿੱਚ ਹੋ ਰਹੀਆਂ ਸਨ ਤੇ ਭਾਰੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਰਹੇ ਸਨ ਅਤੇ ਕੁਦਰਤ ਦੇ ਵਰਤਾਰੇ ਨੂੰ ਲੈ ਕੇ ਜਿੱਥੇ ਗੱਲਾਂ ਕਰ ਰਹੇ ਸਨ, ਉੱਥੇ ਪ੍ਰਮਾਤਮਾ ਦੀ ਇਸ ਮਰਜ਼ੀ ਨੂੰ ਬੜੇ ਹੀ ਸਕੂਨ ਦੇ ਨਾਲ ਇੱਕ-ਦੂਜੇ ਨਾਲ ਸਾਂਝੀ ਕਰ ਰਹੇ ਸਨ।


## ਪਬਲਿਕ ਨੋਟਿਸ

ICICI Bank Registered Office: ICICI Bank Tower, Near Chakli Circle, Old Padra Road, Vadodara- 390007 Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ, ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 21 ਜਨਵਰੀ 2026 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਸ਼ਾਮ3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189462003585 | ਰਾਜੂ ਰਾਜੂ |
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096857000031 | ਜਗਤਾਰ ਸਿੰਘ |
| 096857000088 | ਜਗਤਾਰ ਸਿੰਘ |
| ਬਰਾਂਚ ਦਾ ਨਾਂਅ : ਅਜਨਾਲਾ | |
| 108362005105 | ਗੁਰਵਿੰਦਰ ਸਿੰਘ |
| 108362007602 | ਸੁਖਮਨਪ੍ਰੀਤ ਸਿੰਘ |
| 108362008483 | ਗੁਰਨਾਮ ਸਿੰਘ |
| ਬਰਾਂਚ ਦਾ ਨਾਂਅ : ਅਮਰਗੜ੍ਹ | |
| 381162001148 | ਗੁਰਭੇਜ ਸਿੰਘ |
| 381162001476 | ਗੁਰਜੰਟ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਬਟਾਲਾ ਰੋਡ | |
| 231557000032 | ਕੁਨਾਲ ਬਜਾਜ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਛੇਹਰਟਾ | |
| 357862000944 | ਗੁਰਮੀਤ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਹਾਲ ਬਜ਼ਾਰ | |
| 023862004601 | ਇਮਰਾਨ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਲਾਰੈਂਸ ਰੋਡ | |
| 006662010311 | ਰਾਜ ਕੁਮਾਰ ਲਦਰਾਮ ਸਾਹਨੀ |
| ਬਰਾਂਚ ਦਾ ਨਾਂਅ : ਬੰਗਾ | |
| 152062001579 | ਗੁਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ | |
| 016362005560 | ਵਿਸ਼ਵ ਪ੍ਰਤਾਪ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਤਿਕੋਣੀ ਚੌਕ | |
| 367057000011 | ਗੁਰਚਰਨ ਸਿੰਘ |
| ਬਰਾਂਚ ਦਾ ਨਾਂਅ : ਬਿਆਸ | |
| 162857000097 | ਲਖਵਿੰਦਰ ਸਿੰਘ |
| 162857000109 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152262001696 | ਮਨਜਿੰਦਰ ਕੌਰ |
| ਬਰਾਂਚ ਦਾ ਨਾਂਅ : ਭਦੌੜ, ਪੰਜਾਬ | |
| 356462001764 | ਚਰਨਜੀਤ ਕੌਰ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟਰੀਟ | |
| 659062601098 | ਮਨਦੀਪ ਕੁਮਾਰ |
| ਬਰਾਂਚ ਦਾ ਨਾਂਅ : ਭੀਖੀ | |
| 381962002643 | ਰਾਜਵਿੰਦਰ ਸਿੰਘ |
| 381962002892 | ਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਭੁੱਚੋ ਮੰਡੀ, ਪੰਜਾਬ | |
| 357962001808 | ਮਹਿੰਦਰੋ ਦੇਵੀ |
| 357962001813 | ਹਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-10 | |
| 360762000364 | ਅੰਮ੍ਰਿਤਰਾਜ ਸਿੰਘ ਸਿੱਧੂ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਮਨੀਮਾਜਰਾ | |
| 036262004596 | ਦੀਪਕ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 28 ਡੀ | |
| 096462001658 | ਇਮਰਾਨ ਅਹਿਮਦ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 36 ਡੀ | |
| 341757000006 | ਅਲੋਕ ਦੂਬੇ |
| ਬਰਾਂਚ ਦਾ ਨਾਂਅ : ਦਸੂਹਾ, ਪੰਜਾਬ | |
| 357562001518 | ਕੁਲਵਿੰਦਰ ਰਾਮ |
| ਬਰਾਂਚ ਦਾ ਨਾਂਅ : ਡੇਰਾਬਸੀ | |
| 096762003607 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਧਰਮਕੋਟ, ਪੰਜਾਬ | |
| 356262000744 | ਕਰਮਜੀਤ ਸਿੰਘ |
| ਬਰਾਂਚ ਦਾ ਨਾਂਅ : ਦੀਨਾ ਨਗਰ, ਪੰਜਾਬ | |
| 355962001155 | ਸਰਵਣ ਸਿੰਘ |
| 355962002105 | ਅਸ਼ੀਸ਼ ਮਹਾਜਨ |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| 355962002137 | ਵਿਲੀਅਮ ਵਿਲੀਅਮ |
| 355962002492 | ਪ੍ਰਵੇਸ਼ ਚੰਦਰ ਚੱਢਾ |
| ਬਰਾਂਚ ਦਾ ਨਾਂਅ : ਫਰੀਦਕੋਟ | |
| 078362003733 | ਅੰਮ੍ਰਿਤਪਾਲ ਸਿੰਘ |
| ਬਰਾਂਚ ਦਾ ਨਾਂਅ : ਫਤਿਹਗੜ੍ਹ ਚੂੜੀਆਂ | |
| 283062002046 | ਐਮਨੂਅਲ ਮਸੀਹ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150962001898 | ਬਲਵਿੰਦਰ ਕੁਮਾਰ |
| 150962001900 | ਨਿਖਿਲ ਹੀਰ |
| ਬਰਾਂਚ ਦਾ ਨਾਂਅ : ਜੈਤੋਂ, ਪੰਜਾਬ | |
| 355862002761 | ਗੁਰਮੀਤ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008062003515 | ਰੰਜਨਾ |
| 008062003518 | ਮੇਘ ਲਾਲ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007962002229 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357462002335 | ਜੰਗ ਬਹਾਦਰ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189562001557 | ਮਨਜੀਤ ਕੌਰ |
| ਬਰਾਂਚ ਦਾ ਨਾਂਅ : ਖਮਾਣੋਂ | |
| 199462002186 | ਬਬਨਦੀਪ ਕੌਰ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356162002795 | ਭਗਵਾਨ ਦਾਸ |
| ਬਰਾਂਚ ਦਾ ਨਾਂਅ : ਖੰਨਾ | |
| 040262002904 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਖੰਨਾ-ਜੀ ਟੀ ਰੋਡ | |
| 659662602227 | ਕਰਮਜੀਤ ਸਿੰਘ ਪੁਰੀ |
| ਬਰਾਂਚ ਦਾ ਨਾਂਅ : ਖਰੜ | |
| 079162003542 | ਹਿਨਾ ਹਿਨਾ |
| ਬਰਾਂਚ ਦਾ ਨਾਂਅ : ਕੁਰਾਲੀ | |
| 152462003376 | ਸਤਨਾਮ ਸਿੰਘ |
| ਬਰਾਂਚ ਦਾ ਨਾਂਅ :ਲਹਿਰਾਗਾਗਾ, ਪੰਜਾਬ | |
| 358462002719 | ਗਗਨਦੀਪ ਕੌਰ |
| ਬਰਾਂਚ ਦਾ ਨਾਂਅ : ਲੋਹੀਆਂ ਖਾਸ | |
| 374862000432 | ਅਵਤਾਰ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ, ਸਿਵਲ ਲਾਈਨਜ਼ | |
| 237762001382 | ਅਤੁਲ ਸਰੀਨ |
| ਬਰਾਂਚ ਦਾ ਨਾਂਅ : ਲੁਧਿਆਣਾ-ਢੰਡਾਰੀ ਕਲਾਂ | |
| 366362000651 | ਪਰਤੋਸ਼ ਕੁਮਾਰ ਝਾਅ |
| ਬਰਾਂਚ ਦਾ ਨਾਂਅ :ਲੁਧਿਆਣਾ-ਬਾਈਪਾਸ | |
| 096657000024 | ਜੇ. ਐੱਸ. ਨੈੱਟਵੀਅਰ |
| ਬਰਾਂਚ ਦਾ ਨਾਂਅ : ਲੁਧਿਆਣਾ, ਜਮਾਲਪੁਰ | |
| 057862003671 | ਅੰਮ੍ਰਿਤਪਾਲ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178262003256 | ਪਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357062002235 | ਪਰਮਜੀਤ ਕੌਰ |
| 357062002519 | ਕੁਲਜੀਤ ਕੌਰ |
| ਬਰਾਂਚ ਦਾ ਨਾਂਅ : ਮਲੌਦ | |
| 397962000726 | ਗੁਰਮੀਤ ਸਿੰਘ |
| 397962001125 | ਹਰਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਾਨਸਾ | |
| 044662005346 | ਸੁਖਵਿੰਦਰ ਸਿੰਘ |
| 044662005799 | ਲਾਭ ਸਿੰਘ |
| ਬਰਾਂਚ ਦਾ ਨਾਂਅ : ਮੌੜ ਮੰਡੀ, ਪੰਜਾਬ | |
| 355662003376 | ਡੀ ਸੀ ਸਿੰਘ |
| ਬਰਾਂਚ ਦਾ ਨਾਂਅ : ਮੋਹਾਲੀ-ਫੇਜ਼-5 | |
| 189657000024 | ਮੋਨੀਕਾ ਕੁਮਾਰੀ |
| ਬਰਾਂਚ ਦਾ ਨਾਂਅ : ਮੁਕੇਰੀਆਂ | |
| 087762002926 | ਗੁਰਸੇਵਕ ਸਿੰਘ |
| ਬਰਾਂਚ ਦਾ ਨਾਂਅ : ਮੁਕਤਸਰ | |
| 078862005732 | ਸੁਰਜੀਤ ਸਿੰਘ |
| ਬਰਾਂਚ ਦਾ ਨਾਂਅ : ਨਡਾਲਾ | |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਅ |
|---|---|
| 374762000382 | ਸਰਬਜੀਤ ਸਿੰਘ |
| ਬਰਾਂਚ ਦਾ ਨਾਂਅ : ਨਵਾਂ ਸ਼ਹਿਰ | |
| 008162001339 | ਭਾਰਤ ਭੂਸ਼ਣ ਸ਼ਰਮਾ |
| 008162001340 | ਚੰਦਰ ਪ੍ਰਭਾ |
| ਬਰਾਂਚ ਦਾ ਨਾਂਅ : ਨਿਹਾਲ ਸਿੰਘ ਵਾਲਾ, ਪੰਜਾਬ | |
| 357362001845 | ਪਰਮਜੀਤ ਸਿੰਘ |
| 357362001299 | ਜਗਜੀਤ ਸਿੰਘ |
| 357357000034 | ਹਰਦੀਪ ਸਿੰਘ |
| ਬਰਾਂਚ ਦਾ ਨਾਂਅ :ਪਠਾਨਕੋਟ, ਡਲਹੌਜ਼ੀ ਰੋਡ | |
| 393062000692 | ਰਕੇਸ਼ ਕੁਮਾਰ |
| 393062000793 | ਵਿਨੋਦ ਕੁਮਾਰ |
| ਬਰਾਂਚ ਦਾ ਨਾਂਅ : ਪਟਿਆਲਾ, ਲੀਲਾ ਭਵਨ | |
| 016262007291 | ਦੀਪਕ ਗੌਤਮ |
| ਬਰਾਂਚ ਦਾ ਨਾਂਅ : ਪਟਿਆਲਾ, ਅਰਬਨ ਅਸਟੇਟ | |
| 079062002036 | ਅਸ਼ੀਸ਼ ਅਸ਼ੀਸ਼ |
| ਬਰਾਂਚ ਦਾ ਨਾਂਅ : ਪਾਤੜਾਂ | |
| 283157000304 | ਰਾਜੇਸ਼ ਜੈਨ |
| ਬਰਾਂਚ ਦਾ ਨਾਂਅ : ਪੱਟੀ | |
| 150562004236 | ਬਖਸ਼ੀਸ਼ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ-ਮਾਡਲ ਟਾਊਨ | |
| 367362000319 | ਨਰੇਸ਼ ਕੁਮਾਰ |
| ਬਰਾਂਚ ਦਾ ਨਾਂਅ : ਰਈਆ | |
| 214362003834 | ਅਮਨਦੀਪ ਸਿੰਘ |
| 214362003831 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002964 | ਗੁਰਚਰਨ ਸਿੰਘ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357162007321 | ਵੀਰਪਾਲ ਕੌਰ |
| 357162007011 | ਕਰਮਜੀਤ ਕੌਰ |
| ਬਰਾਂਚ ਦਾ ਨਾਂਅ : ਸਮਾਣਾ | |
| 152162007017 | ਰਿੰਪੀ ਕੌਰ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356762003563 | ਸ਼ਿੰਦਾ ਸਿੰਘ |
| ਬਰਾਂਚ ਦਾ ਨਾਂਅ : ਸਿੱਧਵਾਂ ਬੇਟ | |
| 398062001058 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਸੁਲਾਰ ਘਰਾਟ, ਪੰਜਾਬ | |
| 356362002130 | ਸਰਬਜੀਤ ਕੌਰ |
| 356362002277 | ਕੌਰ ਮਨਪ੍ਰੀਤ |
| 356362002279 | ਕੁਲਦੀਪ ਸਿੰਘ ਸਰਾਓਂ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272462001687 | ਤਰਨਜੋਤ ਕੌਰ ਸੇਖੋਂ |
| ਬਰਾਂਚ ਦਾ ਨਾਂਅ : ਸੁਨਾਮ | |
| 152662002924 | ਤਰਸੇਮ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862002786 | ਵਿਜੇ ਕੁਮਾਰ |
| 087862003204 | ਰਘੂ |
| 087862003202 | ਲਖਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਜ਼ੀਰਕਪੁਰ, ਢਕੋਲੀ | |
| 775862000157 | ਵਿਨੋਦ ਕੁਮਾਰ ਸ਼ਰਮਾ |
| ਬਰਾਂਚ ਦਾ ਨਾਂਅ : ਜ਼ੀਰਕਪੁਰ, ਵੀ ਆਈ ਪੀ ਰੋਡ | |
| 548457000008 | ਬਬੀਤਾ ਬਬੀਤਾ |
| ਬਰਾਂਚ ਦਾ ਨਾਂਅ : ਜਾਖਲ-ਹਰਿਆਣਾ | |
| 356562002122 | ਪਰਗਟ ਸਿੰਘ |
| ਬਰਾਂਚ ਦਾ ਨਾਂਅ : ਪੰਚਕੂਲਾ-ਸੈਕਟਰ-5 | |
| 341162000579 | ਸੰਜੈ ਕੁਮਾਰ ਦੂਬੇ |
| ਬਰਾਂਚ ਦਾ ਨਾਂਅ : ਪੰਚਕੂਲਾ-ਅਰਬਨ ਅਸਟੇਟ | |
| 093557000038 | ਚੇਤ ਰਾਮ |
| 093562001761 | ਚੇਤ ਰਾਮ |
| ਬਰਾਂਚ ਦਾ ਨਾਂਅ : ਪਾਣੀਪਤ-ਮਾਡਲ ਟਾਊਨ | |
| 661957015183 | ਅਮਿਤ ਸਿੰਘ |

ਮਿਤੀ : 10.01.2026

ਸਥਾਨ : ਚੰਡੀਗੜ੍ਹ, ਲੁਧਿਆਣਾ, ਮਾਨਸਾ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੁਕਤਸਰ, ਤਰਨ ਤਾਰਨ, ਰੂਪਨਗਰ, ਬਰਨਾਲਾ, ਪਠਾਨਕੋਟ, ਫਰੀਦਕੋਟ, ਮੋਗਾ, ਮਾਲੇਰਕੋਟਲਾ, ਮੋਹਾਲੀ।

ਸਹੀ/- ਅਧਿਕਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ

# ਕਲਾਸੀਫਾਈਡ ਇਸ਼ਤਿਹਾਰ

## Change of Name

I, Sonu S/o Kulwant Singh R/o Patti Akal Pur, Malsian, Tehsil Shahkot, Distt. Jalandhar declare that I have changed my name to Sonu Verma. Note Please.

I, Inderjit W/o Harvinder Singh R/o H.No. 339/13 Street No. 06, Labh Nagar, Hoshiarpur Punjab have changed my name from Inderjit to Inderjeet. Concerned note.

I, Baljit Jaur W/o Harpal Singh R/o VPO Tarsikka Tehsil Baba Bakala Amritsar Punjab India have changed my name from Baljit Jaur to Baljeet Kaur.

I, Nisha D/o Ghansham, R/o Sufipind, Jalandhar have changed my name from Toofa To Nisha for all purposes in future. All concerned may note.

I Harnoor Singh S/o Sukhdev Singh R/o H.No.21 Dashmesh Nagar PO.Dakoha Jalandhar 144023 Have Changed My First Name to Harnoor and Singh as a Surname.

I, Chander Pal S/o Sat Pal R/o H.No. 98, Sat Kartar Enclave, Basti Sheikh, Jalandhar, Pin Code 144002, Punjab, have changed my name from Chander Pal to Chander Pal Mitra Given Name as Chander Pal and Surname as Mitra.

I, Babita alias Ritu Kalra D/o Gian Chand W/o Raj Kumar R/o H.No.B1/414, Mohalla Shah Khani Near P.O. Nurmahal, Tehsil Phillaur, Jalandhar, Punjab-144039 changed my name to Ritu Kalra.

I, Madhu Bala W/o Madan Gopal R/o Prem Nagar, Hardochannia Road Gurdaspur, Tehsil and Distt. Gurdaspur, Punjab hereby declare that I have Changed my Daughter's Name from Ananya to Ananya Kashyap. Henceforth, she shall be known as Ananya Kashyap for all purposes.

I, Madhu Bala W/o Madan Gopal R/o Prem Nagar, Hardochannia Road Gurdaspur, Tehsil and Distt. Gurdaspur, Punjab hereby declare that I have Changed My Son's name from Ayaan to Ayaan Kashyap. Henceforth, he shall be known as Ayaan Kashyap for all purposes.

I, Rani Sidhu W/O Roop Chand R/O VPO Kahlwan, Distt. Jalandhar - 144805, Punjab have changed my name from Rani Sidhu to Rani. All concerned please note.

I, Sarbjit Kumar S/o Sh Gian Chand R/o VPO Randhawa Masandan, Distt. Jalandhar, Punjab, have changed my name from Sarbjit Kumar to SARABJIT as Given name and KUMAR as surname. Please note.

I, Harman S/o Harmesh Lal R/o V. Fatehpur, Po. Jamsher, Distt. Jalandhar, Punjab have changed my name from Harman to Harman Singh. (Singh as Surname). All please note.

I, Sarbjit Kaur W/o Gurdev Singh resident of VPO. Gazikot Distt. Gurdaspur have changed my name from Sarbjit Kaur to Simranjit Kaur concerned note please.

I, Anmoldeep Singh S/O Gurmukh Singh Resident Of Village Nano Harni, PO. Hakimpur, Tehsil Kalanaur, Distt. Gurdaspur State Punjab Pin Code 143511 Have Change my name Anmoldeep Singh to Singh Anmoldeep surname as Singh. and given name as Anmoldeep.

I, Kashmir Kaur alias Jasbir Kaur W/o Pargat Singh R/o VPO Pandori Warraich Majitha Road, Amritsar have changed my name from Kashmir Kaur alias Jasbir Kaur to Jasbir Kaur.

I, Neetu Bala W/o Charanjit Singh R/o 10-B, Gali No.6, Shaheed Udham Singh Nagar, Amritsar-1, Gandhi, Amritsar have changed my name from Neetu Bala to Neetu After Marriage

I, Gurpreet Kaur W/o Inderjit Singh R/o Village Nikki Nikko Sarai PO Talwandi Rama, Tehsil Dera Baba Nanak District Gurdaspur have changed the name of my minor son Gurnoor Singh. Gurnoor is his Given name and Singh is his Surname

I, Gurinder Kaur W/o Tarsem Singh R/o Vill. Jahangir Tehsil Khadur Sahib and Distt. Tarn Taran, Punjab-143401 India have changed my name from Gurinder Kaur to Gurwinder Kaur.

I, Shefali Verma w/o Anurag Kapur r/o H.No. 20, National Park, ADJ. Shanti Vihar, Maqsudan, Jalandhar have changed my name to Shefali Verma Kapur, After Marriage. All Please Note.

I, Manjit Kaur w/o Sukhwinder Singh r/o VPO. Jamsher Khas, Distt. Jalandhar, Punjab have changed my given name as Manjit and Surname as Kaur. All Please Note.

I, Nirmal Singh s/o Harbhajan Singh r/o Vill. Raihan, Po. Khudda, Tehsil Dasuya, Distt.Hoshiarpur-144305, Punjab have changed my name to Singh Nirmal. All Please Note.

I, Dinesh Deepak s/o Krishan Chander r/o H.No.184, Model Town, Jalandhar-144003, Punjab employed as Lecturer Vocational (Electrical) at Education Department have changed my name from Dinesh Deepak to Dinesh Deepak Chaudhary. All Please Note.

I, Charanjit Kaur W/o Sukhdev Singh R/o VPO. Ahmedpur, Distt. Kapurthala, Punjab have changed my name from Charanjit Kaur to Charanjeet Kaur. All Please Note.

I, Aatish Kumar S/o Darshan Lal R/o H.No.37, Tagore Nagar, Back Side T.V. Center, Jalandhar, Punjab have changed the name of my minor son from Aayansh to Kumar Aayansh (Kumar as Surname.) All Please Note.

I, Aatish Kumar S/o Darshan Lal R/o H.No.37, Tagore Nagar, Back Side T.V. Centre, Jalandhar, Punjab have changed the name of my minor son from Vihaan to Kumar Vihaan (Kumar as Surname.) All Please Note.

I, Sarbjit Layal S/o Ganga Singh R/o 262, Bombay Nagar Near Wadala Chowk, Jalandhar, Punjab have changed my name from Sarbjit Layal to Sarabjit Singh. All concerned please note.

I hitherto known as Sunpreet Singh S/o Jasbir Singh Puri residing at H.No. 7 B/S, Canal Colony, Kapurthala Chowk, Opposite N.H.S Hospital, Jalandhar-I, PO. Basti Guzan, Distt. Jalandhar, Punjab-144002, have changed my name to and shall hereafter be known as Sunpreet Singh Puri.

## Change of Name

I, Karamjit Singh S/o Late Gulzar Singh R/o H.No.355, Street No.3, Guru Nanak Pura East, Jalandhar have changed my name from Karamjeet Singh to Karamjit Singh. All concerned please note.

I, Nanko Devi W/O Inder Singh, R/o Dhabur, Raupnagar, Punjab-140115. have changed my name and shall hereafter be Known as Himmat Kaur.

I, Sapna, D/O Sanjeevan Rawat R/o House No-B10-0562, Ward No-05, Sheikha Mohalla, Dasuya, Hoshiarpur, Punjab-144205, have changed my name and shall hereafter be Known as Sapna Rawat.

I, Sukhmani Kaur W/O Gurdip Singh, R/o Dealwal, University (Patiala), Punjab-147002. have changed my name and shall hereafter be Known as Amandeep Kaur.

I, Prabha Kural W/O Narinder Pal Kural, R/o House No-124, Mohala Kailash Parbat, Near Peer, Ward No-15, Sunam, Sangrur, Punjab-148028. have changed my name and shall hereafter be Known as Chander Prabha.

I, Jawahar Singh S/O Gurdip Singh, R/o House No-185, Rama Mandi Ward No-13 Khanna Road, Samrala, Ludhiana Punjab-141114, have changed my name and shall hereafter be Known as Jawahar Singh Dhillon.

I, Surinder Jit Kaur W/O Balwinder Singh, R/o House No-10, New Officer Enclave Phase-2, Teh Patiala, Punjab-147001. have changed my name and shall hereafter be Known as Surinder Jit Kaur Jhajj.

I, Sneeta Ayoti Sarkar Bammaa W/O Ashish Bamba, R/o Flat No-29B, Friends Enclave Society, Near Devaji Society, Kishanpura Zirakpur, Dhakauli, SAS Nagar, Punjab-160104. have changed my name and shall hereafter be Known as Sneetaa Ayoti Sarkar Bammbaa.

I, Pardeep Kumar Singh S/O Tarsem Lal, R/o VTC: Kotla, PO: Kotla, Sub Dist: Jalandhar-II, Dist: Jalandhar, Punjab-144106. Declare that Name of Mine has been wrongly written as Pardeep Kumar in my 10th class and 12th class certificate. The actual name of Mine is Pardeep Kumar Singh, which may be amended accordingly.

I, Gurdeep Singh S/O Ranjit Singh, R/o Gondpur, PO: Garhdiwala, Dist: Hoshiarpur, Punjab-144207, have changed my name and shall hereafter be Known as Gurdip Singh.

I, Poonam Preet Kaur W/O Lakhbir Singh, R/o New Colony, VTC: Hardothala, PO: Dasuya, Sub Dist: Dasuya, Dist: Hoshiarpur, Punjab-144205. have changed my name and shall hereafter be Known as Poonam Preet Kaur Cheema.

I, Sahil S/O Sukhdev Singh, R/o Village Dallewal, Jahan Khelan, PO:Hoshiarpur, Dist: Hoshiarpur, Punjab-146001, have changed my name and shall hereafter be Known as Sahil Singh.

I, Gagandeep Singh S/O Gurmeet Singh, R/o PO. And Teh Dasuya, VTC: Usman Shahid, Dist: Hoshiarpur, Punjab-144205, have changed my name and shall hereafter be Known as Sonu.

I, Prem Pal S/O Darshan Lal, R/o House No 261, Ward No 11 Kainthan, VTC: Dasuya, Dist: Hoshiarpur, Punjab-144205, I have changed the name of my minor daughter Jivika aged about 14 years and She shall hereafter be known as Jivika Kumari.

I, Singh Harwinder S/O Pritam Singh, R/o Vill Domana, VTC: Nathupur, PO: Nathupur, Sub Dist: Dasuya, Dist: Hoshiarpur, Punjab-144202, have changed my name and shall hereafter be Known as Harwinder Singh.

I, Rohit S/O Mangat Ram, R/o P.O Chhangla And The Dasuya, VTC: Budhu Barkat, Dist: Hoshiarpur, Punjab-144205, have changed my name and shall hereafter be Known as Rohit Cheeda.

I, Jasmeen Singh S/O Bhupinder Singh, R/o VTC: Bisrampur, PO: Pattar Kalan, Sub Dist: Jalandhar-II, Dist: Jalandhar, Punjab-144806, have changed my name and shall hereafter be Known as Joban Singh.

I, Sahil S/O Naresh Kumar, R/o House No-32, Tribune Complex Society, Raipur Khurd, Chandigarh-160003, have changed my name and shall hereafter be Known as Sahil Kumar Kaila.

I, Komalpreet D/o Jatinder Pal R/o Village Jaitewali, District Jalandhar, Punjab-144025 have changed my name from Komalpreet to Komalpreet Kaur. All concerned please note.

I, Arzanda D Souza W/o Jaskaran Singh R/o Hotel Plaza, Old Court Road, Jalandhar-144001, Punjab have changed my name from Arzanda D Souza to Arzanda Singh after marriage. All concerned please note.

## ਨਾਂਅ ਦੀ ਬਦਲੀ

[illegible]

## ਬੇਦਖਲੀ ਨੋਟਿਸ

ਅਸੀਂ ਜਸਬੀਰ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਗੁਰਦੀਪ ਕੌਰ ਪਤਨੀ ਜਸਬੀਰ ਸਿੰਘ ਮਕਾਨ ਨੰਬਰ 08/398 ਦਰਦੀ ਕਲੋਨੀ ਸਮਾਣਾ ਤਹਿਸੀਲ ਸਮਾਣਾ ਜਿਲਾ ਪਟਿਆਲਾ, ਪੰਜਾਬ, ਇੰਡੀਆ ਹਾਲ ਆਬਾਦ Avenida Vicente Blasco Ibanez Numero 18 Puerta 08 Cadigo 46920 Mislata Valencia Spain ਆਪਣੇ ਲੜਕੇ ਮਹਿਕਦੀਪ ਸਿੰਘ ਉਸਦੀ ਪਤਨੀ (ਨੂੰਹ) ਕਰਨਦੀਪ ਕੌਰ ਅਤੇ ਉਹਨਾਂ ਦੇ ਲੜਕੇ (ਪੋਤਰੇ) ਜੋਰਾਵਰ ਸਿੰਘ ਨੂੰ ਆਪਣੀ ਇੰਡੀਆ ਅਤੇ ਸਪੇਨ ਵਾਲੀ ਤਮਾਮ ਚੱਲ - ਅਚੱਲ ਤੋਂ ਬੇਦਖ਼ਲ ਕਰਦੇ ਹਾਂ, ਉਹ ਆਪਣੇ ਚੰਗੇ ਮਾੜੇ ਦੇ ਉਹ ਖੁੱਦ ਜਿਮੇਵਾਰ ਹੋਣਗੇ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਵੀ ਖੁਦ ਜਿਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈਂ, ਜਸਵਿੰਦਰ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਮਕਾਨ ਨੰ: 70, ਅਨੂਪ ਨਗਰ ਬਸਤੀ ਦਾਨਿਸ਼ਮੰਦਾਂ, ਡਾਕਖਾਨਾ ਬਸਤੀ ਗੁਜ਼ਾਂ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ ਅਤੇ ਇਸ ਨਾਲੋਂ ਆਪਣੇ ਸਾਰੇ ਰਿਸ਼ਤੇ-ਨਾਤਾ ਤੋੜਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਬਲਵਿੰਦਰ ਕੌਰ ਪਤਨੀ ਬਲਵੀਰ ਸਿੰਘ ਵਾਸੀ ਪਿੰਡ ਤੇ ਡਾਕ. ਹਮੀਰਾ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ ਅਤੇ ਇਸਦੀ ਪਤਨੀ ਕੋਮਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਅਤੇ ਇਸਦੀ ਪਤਨੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈਂ, ਗੁਰਮੇਜ ਲਾਲ ਪੁੱਤਰ ਸਰਵਣ ਚੰਦ ਵਾਸੀ ਪਿੰਡ ਫਿਰੋਜ਼, ਡਾਕਖਾਨਾ ਮੰਡ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਮਨਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਵਤਾਰ ਸਿੰਘ ਪੁੱਤਰ ਸਿਕੰਦਰ ਸਿੰਘ, ਵਾਸੀ ਪਿੰਡ ਮੱਲੇਆਣਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ ਉਰਫ ਸੁੱਖਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਅਸੀਂ, ਰਮੇਸ਼ ਕੁਮਾਰ ਪੁੱਤਰ ਮਦਨ ਲਾਲ ਅਤੇ ਊਸ਼ਾ ਰਾਣੀ ਪਤਨੀ ਰਮੇਸ਼ ਕੁਮਾਰ, ਵਾਸੀ 4703/1, ਗਲੀ ਨੰ: 1, ਰਾਮ ਨਗਰ ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ ਧਵਨ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਵਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ, ਵਾਸੀ ਪਿੰਡ ਗੁਰੂ ਨਾਨਕਪੁਰਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸ੍ਰਿਸ਼ਟੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹਾਂ। ਇਸ ਨੇ ਆਪਣੀ ਮਰਜ਼ੀ ਨਾਲ ਫੇਜਨ ਨਾਲ ਵਿਆਹ ਕਰਾਇਆ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ, ਅਸ਼ੋਕ ਕੁਮਾਰ ਨਿਸਚਲ ਪੁੱਤਰ ਸ੍ਰੀ ਕੁੰਦਨ ਲਾਲ ਨਿਸਚਲ ਵਾਸੀ 123 ਏ ਦਿਲਬਾਗ ਨਗਰ, ਡਾ: ਬਸਤੀ ਗੁਜਾ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਨਿਸਚਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਆਰਤੀ ਪਾਠਕ ਪਤਨੀ ਸ੍ਰੀ ਦਿਨੇਸ਼ ਪਾਠਕ ਵਾਸੀ ਟੀ-15/18 ਸਾਹਮਣੇ ਪ੍ਰਿਥਵੀ ਪਬਲਿਕ ਸੂਕਲ ਲੋਹਗੜ੍ਹ ਗੇਟ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨ ਪਾਠਕ ਅਤੇ ਇਸ ਦੀ ਪਤਨੀ ਕਰਮ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪ੍ਰੀਤਮ ਕੌਰ ਪਤਨੀ ਸੁਲੱਖਣ ਸਿੰਘ, ਵਾਸੀ 404, ਸੁਲਤਾਨਵਿੰਡ, ਨਿਊ ਆਜ਼ਾਦ ਨਗਰ, ਅੰਮ੍ਰਿਤਸਰ, ਹਾਲ ਵਾਸੀ ਮਕਾਨ ਨੰ: 1818, ਨਿਊ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਪਿੰਕੀ ਪਤਨੀ ਸੁਖਵਿੰਦਰ ਸਿੰਘ ਅਤੇ ਇਨ੍ਹਾਂ ਦੇ ਬੱਚੇ ਪ੍ਰਿੰਸ ਅਤੇ ਅਮਨਦੀਪ ਸਿੰਘ ਸੋਨੂੰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਜਾਇਦਾਦ ਲਈ ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਮੈਂ, ਅੰਗਰੇਜ਼ ਸਿੰਘ ਪੁੱਤਰ ਦੀਵਾਨ ਸਿੰਘ, ਵਾਸੀ ਆਬਾਦੀ ਹੌਲਦਾਰ ਕਾਲੋਨੀ ਵੇਰਕਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਉਰਫ ਅਮਨ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਰਾਣੀ ਦੇਵੀ ਪਤਨੀ ਲੇਟ ਸਵਰਨ ਚੰਦ, ਵਾਸੀ ਪਿੰਡ/ਡਾਕਖਾਨਾ ਚੌਤਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਅਸ਼ੀਸ ਕੁਮਾਰ ਅਤੇ ਇਸ ਦੀ ਪਤਨੀ ਸਜਨਾ ਕੁਮਾਰੀ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: AP29-1505-A ਸ੍ਰੀ ਮੁਖਤਾਰ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਪਿੰਡ ਬਿਲਿਆਵਾਲਾ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਦੀ ਨਾਂਅ ਬਦਲੀ ਕਰਨ ਵਾਸਤੇ ਰਘੁਬੀਰ ਸਿੰਘ ਪੁੱਤਰ ਗੁਰਨਾਮ ਸਿੰਘ ਪਿੰਡ ਬਿਲਿਆਂਵਾਲਾ ਨੇ ਉਪ ਮੰਡਲ ਸਰਹਾਲੀ ਨੂੰ ਬਿਨੈਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਸਰਹਾਲੀ ਨੂੰ ਲਿਖਤੀ ਤੌਰ 'ਤੇ ਸ਼ਿਕਾਇਤ ਕਰੋ। ਨਹੀਂ ਤਾਂ ਇਹ ਕੁਨੈਕਸ਼ਨ ਦੀ ਨਾਂਅ ਬਦਲੀ ਕਰ ਦਿੱਤੀ ਜਾਵੇਗੀ। ਬਾਅਦ ਵਿਚ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਮਹਿਕਮੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਉਪ ਮੰਡਲ ਅਫਸਰ, ਪੀ. ਐੱਸ. ਪੀ. ਸੀ. ਐੱਲ. ਉਪ ਮੰਡਲ ਸਰਹਾਲੀ।

ਮੈਂ, ਕੁਲਵੰਤ ਸਿੰਘ ਸਪੁੱਤਰ ਭਜਨ ਸਿੰਘ, ਵਾਸੀ ਪਿੰਡ ਕਮਾਲਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ। ਇਹ ਹੈ ਕਿ ਮੋਟਰ ਕੁਨੈਕਸ਼ਨ ਨੰ: ਏ ਪੀ 33/8380, ਜੋ ਕਿ ਮੇਰੇ ਪਿਤਾ ਭਜਨ ਸਿੰਘ, ਪਿੰਡ ਨਸੀਰੇਵਾਲ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲਦਾ ਹੈ। ਮੇਰੇ ਪਿਤਾ ਦੀ ਮੌਤ ਹੋ ਚੁੱਕੀ ਹੈ, ਜਿਸ ਨੂੰ ਆਪਣੇ ਕਰਵਾਉਣ ਵਾਸਤੇ ਪਾਵਰਕਾਮ ਸਬ-ਡਵੀਜ਼ਨ 1 ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਪਾਸ ਅਪਲਾਈ ਕੀਤਾ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਬਿਜਲੀ ਦਫ਼ਤਰ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਖੇ ਪੇਸ਼ ਕਰ ਸਕਦਾ ਹੈ।

ਰਵਨੀਤ ਸਿੰਘ ਸਪੁੱਤਰ ਬਲਦੇਵ ਸਿੰਘ, ਪਿੰਡ ਬੁਤਾਲਾ (ਅੰਮ੍ਰਿਤਸਰ) ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ.ਪੀ.14/3316-7 ਹਾਰਸ ਪਾਵਰ ਨੂੰ ਪ੍ਰੇਮ ਸਿੰਘ ਪੁੱਤਰ ਸੋਹਣ ਸਿੰਘ, ਬੁਤਾਲਾ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਦਾ ਕੀਤੇ ਜਾਣ ।

ਸ੍ਰੀ ਚੈਂਚਲ ਸਿੰਘ ਪੁੱਤਰ ਸ੍ਰੀ ਬੂਆ ਸਿੰਘ, ਪਿੰਡ ਬੋੜੇਵਾਲ ਦੇ ਨਾਂਅ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ: ਏ ਪੀ 03/1992, 5 ਬੀ ਐੱਚ ਪੀ ਚੱਲਦਾ ਹੈ। ਚੈਂਚਲ ਸਿੰਘ ਦੀ ਮੌਤ ਹੋ ਚੁੱਕੀ ਹੈ। ਇਹ ਟਿਊਬਵੈੱਲ ਕੁਨੈਕਸ਼ਨ ਇਸ ਦੇ ਬੇਟੇ ਸ੍ਰੀ ਸਵਰਨ ਸਿੰਘ ਪਿੰਡ ਬੋੜੇਵਾਲ ਦੇ ਨਾਂਅ ਉੱਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਵਿਅਕਤੀ ਨੂੰ ਕੋਈ ਵੀ ਇਤਰਾਜ਼ ਹੈ ਤਾਂ ਉਪ ਮੰਡਲ ਦਫ਼ਤਰ ਮਜੀਠਾ-2 ਵਿਖੇ ਸੰਪਰਕ ਕਰ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 091134-ਏ, 5 ਹਾਰਸ ਪਾਵਰ, ਜੋ ਕਿ ਪਿੰਡ ਭਰਥ ਕਾਜੀਚੱਕ ਵਿਚ ਜੋਗਿੰਦਰ ਪਾਲ ਪੁੱਤਰ ਚੇਤ ਰਾਮ ਦੇ ਨਾਂਅ ਚੱਲ ਰਿਹਾ ਹੈ, ਇਸ ਕੁਨੈਕਸ਼ਨ ਨੂੰ ਹੁਣ ਹਰਜਿੰਦਰ ਕੌਰ ਪਤਨੀ ਲਖਬੀਰ ਸਿੰਘ ਵਾਸੀ ਪਿੰਡ ਫਿਰੋਜ਼ਪੁਰ ਖੁਰਦ, ਰਸ਼ਮਾ, ਜ਼ਿਲ੍ਹਾ ਪਠਾਨਕੋਟ ਦੇ ਨਾਂਅ ਤਬਦੀਲ ਕਰਨਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਸਬ-ਡਵੀਜ਼ਨ, ਬਹਿਰਾਮਪੁਰ (ਗੁਰਦਾਸਪੁਰ) ਨੂੰ 15 ਦਿਨਾਂ ਦੇ ਅੰਦਰ-ਅੰਦਰ ਸੂਚਿਤ ਕਰੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਪਨੂੰਆਂ, ਤਰਨ-ਤਾਰਨ

ਕੇਸ ਨੰ: 61/NIT ਦਾਇਰ ਮਿਤੀ : 18.09.2025

1. ਸਰਬਜੀਤ ਸਿੰਘ ਪੁੱਤਰ ਪਰਮਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀਆਨ ਪਿੰਡ ਚੰਬਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਤਰਨ ਤਾਰਨ
2. ਗੁਰਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀਆਨ ਪਿੰਡ ਚੰਬਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਤਰਨ ਤਾਰਨ।

...ਸਾਇਲਾਨ

ਬਨਾਮ

1. ਇਕਬਾਲ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਵਸਾਵਾ ਸਿੰਘ 2. ਜਗਦੀਸ਼ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਵਸਾਵਾ ਸਿੰਘ 3. ਬਲਜੀਤ ਸਿੰਘ ਪੁੱਤਰ ਜਗਤਾਰ ਸਿੰਘ ਪੁੱਤਰ ਸਾਧੂ ਸਿੰਘ 4. ਗੁਰਪਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਪੁੱਤਰ ਸਾਧੂ ਸਿੰਘ 5. ਕਰਨੈਲ ਸਿੰਘ ਪੁੱਤਰ ਵਸਾਵਾ ਸਿੰਘ ਪੁੱਤਰ ਕਿਸ਼ਨ ਸਿੰਘ 6. ਜੁਗਰਾਜ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਕਰਨੈਲ ਸਿੰਘ 7. ਇਕਬਾਲ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਵਸਾਵਾ ਸਿੰਘ 8. ਕਰਮ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਵਸਾਵਾ ਸਿੰਘ 9. ਗੁਰਜੰਟ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਗੁਰਬਖਸ਼ ਸਿੰਘ 10. ਸਵਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਵਸਾਵਾ ਸਿੰਘ 11. ਗੁਰਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਵਸਾਵਾ ਸਿੰਘ 12. ਨਿਰਮਲ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਵਸਾਵਾ ਸਿੰਘ 13. ਗੁਰਮਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ ਪੁੱਤਰ ਗਿਆਨ ਸਿੰਘ 14. ਲਖਵਿੰਦਰ ਕੌਰ ਪਤਨੀ ਗੁਰਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ 15. ਰਾਜਵਿੰਦਰ ਕੌਰ ਪਤਨੀ ਸਵਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ 16 ਗੁਰਦੀਪਕ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਸੰਗਾਰਾ ਸਿੰਘ 17.ਮਨਿੰਦਰਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ 18. ਹਰਪ੍ਰੀਤ ਸਿੰਘ ਪੁੱਤਰ ਗੁਰਦਰਸ਼ਨ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਵਾਸੀਆਨ ਪਿੰਡ ਸ਼ਹਾਬਪੁਰ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਤਰਨ ਤਾਰਨ। ਉੱਤਰਵਾਦੀਆਨ

ਵਿਸ਼ਾ:- ਦਰਖਾਸਤ ਬਰਾਏ ਕਰਵਾਉਣੇ ਦਰੁਸਤੀ ਗਿਰਦਾਵਰੀ ਭੂਮੀ ਖਾਤਾ ਨੰਬਰ 74 ਖਤੌਨੀ ਨੰਬਰ 195 ਖਸਰਾ ਨੰਬਰ:37//3(6-0) ਦਾ 22/120 ਹਿੱਸਾ ਬਕਦਰ ਜ਼ਮੀਨ 1 ਕਨਾਲ 2 ਮਰਲੇ ਮਿੰਨ ਚੜ੍ਹਦੀ ਬਾਹੀ ਵਾਕਿਆ ਰਕਬਾ ਪਿੰਡ ਸ਼ਹਾਬਪੁਰ, ਤਹਿਸੀਲ ਤਰਨ ਤਾਰਨ, ਜਮ੍ਹਾਂਬੰਦੀ ਸਾਲ 2021-22 ਹਦਬਸਤ ਨੰਬਰ : 250 ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਾਬਤ ਫਸਲ ਸਾਉਣੀ 2025 ਤੋਂ ਚਾਲੂ ਫਸਲਾਂ ਤੱਕ।

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਈ ਮੁਸ਼ਕਿਲ ਹੈ। ਇਸ ਲਈ ਨੋਟਿਸ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਕਤ ਦਰੁਸਤੀ ਗਿਰਦਾਵਰੀ ਦਾ ਫੈਸਲਾ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਸਾਲਤਾਨ ਜਾਂ ਵਕਾਲਤਾਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਛਪਣ ਤੋਂ ਪੰਦਰਾਂ ਦਿਨ ਦੇ ਅੰਦਰ-ਅੰਦਰ ਕਿਸੇ ਕੰਮ ਵਾਲੇ ਦਿਨ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 06.01.2026 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ: 483-84 ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨੌਸ਼ਹਿਰਾ ਪਨੂੰਆਂ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ

[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 25 ਜੁਲਾਈ 2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1. ਮੈਸਰਜ਼ ਪ੍ਰਸਨੈਲਿਟੀ ਗਾਰਮੈਂਟਸ, 375 ਵਿਖੇ ਸਥਿਤ, ਅਕਾਲ ਮਾਰਕਿਟ, ਲੁਧਿਆਣਾ ਰਾਹੀਂ ਇਸ ਦੇ ਮਾਲਕ ਸ੍ਰੀ ਜੋਗਿੰਦਰ ਪਾਲ (ਓ ਡੀ, ਡਬਲਯੂ ਸੀ ਟੀ ਐੱਲ ਈ ਸੀ ਐਲ ਜੀ ਐੱਸ-1 ਅਤੇ ਡਬਲਯੂ ਸੀ ਟੀ ਐੱਲ ਈ ਸੀ ਐਲ ਜੀ ਐੱਸ-2 'ਚ ਕਰਜ਼ਦਾਰ) 2. ਸ੍ਰੀ ਜੋਗਿੰਦਰ ਪਾਲ ਪੁੱਤਰ ਸ੍ਰੀ ਸਰੂਪ ਲਾਲ (ਮਾਲਕ ਮੈਸਰਜ਼ ਪ੍ਰਸਨੈਲਿਟੀ ਗਾਰਮੈਂਟਸ) ਵਾਸੀ ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀਮਤੀ ਜੋਤੀ ਬੰਸਲ ਪਤਨੀ ਸ੍ਰੀ ਜੋਗਿੰਦਰ ਪਾਲ ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001 (ਓ ਡੀ 'ਚ ਗਰੰਟਰ) 4. ਸ੍ਰੀ ਤੀਰਥ ਰਾਜ ਪੁੱਤਰ ਸ੍ਰੀ ਸਰੂਪ ਲਾਲ ਵਾਸੀ ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001 (ਓ ਡੀ 'ਚ ਗਰੰਟਰ) (ਇਸ ਤੋਂ ਬਾਅਦ ਗਰੰਟਰਾਂ ਵਜੋਂ ਹਵਾਲਾ) ਨੋਟਿਸ 'ਚ ਦਰਸਾਈ ਰਕਮ ਓ ਡੀ/090400000003 'ਚ ਰੁਪਏ 24,83,912/- (ਚੌਵੀ ਲੱਖ ਤਰਿਆਸੀ ਹਜ਼ਾਰ ਨੌਂ ਸੌ ਬਾਰਾਂ ਰੁਪਏ ਕੇਵਲ), ਡਬਲਯੂ ਸੀ ਟੀ ਐੱਲ-ਈ ਸੀ ਐਲ ਜੀ ਐੱਸ-1/090612000031 'ਚ ਰੁਪਏ 4,11,906.56/- (ਚਾਰ ਲੱਖ ਗਿਆਰਾਂ ਹਜ਼ਾਰ ਨੌਂ ਸੌ ਛੇ ਰੁਪਏ ਅਤੇ ਛਪੰਜਾ ਪੈਸੇ ਕੇਵਲ) ਅਤੇ ਡਬਲਯੂ ਸੀ ਟੀ ਐੱਲ-ਈ ਸੀ ਐਲ ਜੀ ਐੱਸ-2/090612000047 'ਚ ਰੁਪਏ 2,24,448/- (ਦੋ ਲੱਖ ਚੌਵੀ ਹਜ਼ਾਰ ਚਾਰ ਸੌ ਅੜਤਾਲੀ ਰੁਪਏ ਕੇਵਲ) ਮਿਤੀ 01.07.2024 ਤੋਂ ਸਮੇਤ ਭਵਿੱਖੀ ਵਿਆਜ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 08 ਜਨਵਰੀ 2026 ਨੂੰ ਭੌਤਿਕ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 01.07.2024 ਤੋਂ ਬਕਾਇਆ ਰਾਸ਼ੀ ਰੁਪਏ ਓ ਡੀ/090400000003 'ਚ ਰੁਪਏ 24,83,912/- (ਚੌਵੀ ਲੱਖ ਤਰਿਆਸੀ ਹਜ਼ਾਰ ਨੌਂ ਸੌ ਬਾਰਾਂ ਰੁਪਏ ਕੇਵਲ) ਡਬਲਯੂ ਸੀ ਟੀ ਐੱਲ-ਈ ਸੀ ਐੱਲ ਜੀ ਐੱਸ-1/090612000031 'ਚ ਰੁਪਏ 4,11,906.56/- (ਚਾਰ ਲੱਖ ਗਿਆਰਾਂ ਹਜ਼ਾਰ ਨੌਂ ਸੌ ਛੇ ਅਤੇ ਛਪੰਜਾ ਪੈਸੇ ਕੇਵਲ) ਅਤੇ ਡਬਲਯੂ ਸੀ ਟੀ ਐੱਲ-ਈ ਸੀ ਐੱਲ ਜੀ ਐੱਸ-2/090612000047 'ਚ ਰੁਪਏ 2,24,448/- (ਦੋ ਲੱਖ ਚੌਵੀ ਹਜ਼ਾਰ ਚਾਰ ਸੌ ਅੜਤਾਲੀ ਰੁਪਏ ਕੇਵਲ) 01.07.2024 ਸਮੇਤ ਭਵਿੱਖੀ ਵਿਆਜ (ਵਸੂਲੀ ਜੇਕਰ ਕੋਈ ਹੈ ਘਟਾ ਕੇ) ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਨੂੰ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 21240 ਮਿਤੀ 15.03.2007 ਅਨੁਸਾਰ ਸ੍ਰੀ ਜੋਗਿੰਦਰ ਪਾਲ ਪੁੱਤਰ ਸਰੂਪ ਲਾਲ ਦੀ ਮਲਕੀਅਤ ਜਾਇਦਾਦ ਰਕਬਾ 180 ਵਰਗ ਗਜ਼ ਪਿੰਡ ਤਰਫ਼ ਸੈਦਾਂ ਵਿਖੇ ਸਥਿਤ, ਹੱਦਬਸਤ ਨੰ. 172, ਤਹਿ. ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। (ਮੌਜੂਦਾ ਪਤਾ : ਆਦਰਸ਼ ਨਗਰ, ਸੈਦਾਂ ਵੱਲ, ਲੁਧਿਆਣਾ)

ਮਿਤੀ 08.01.2026, (ਅਧਿਕਾਰਤ ਅਫ਼ਸਰ)
ਸਥਾਨ : ਲੁਧਿਆਣਾ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ

## AXIS BANK LTD.

ਰਿਟੇਲ ਐੱਸਟ ਸੈਂਟਰ ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117

ਕਾਰਪੋਰੇਟ ਦਫਤਰ :- "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ", ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਮੈਸ: ਅਸ਼ੋਕ ਮਿੱਤਲ ਐਂਡ ਕੈਮੀਕਲਜ਼ ਰਾਹੀਂ ਇਸ ਦੇ ਮਾਲਕ ਸ੍ਰੀ ਦਵਿੰਦਰ ਸਿੰਘ (2) ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਗੋਵਰਧਨ ਲਾਲ (3) ਸ੍ਰੀਮਤੀ ਸ਼ਾਲੂ ਰਲਹਨ ਪਤਨੀ ਸ੍ਰੀ ਰਾਜੇਸ਼ ਕੁਮਾਰ (4) ਸ੍ਰੀਮਤੀ ਕੋਮਲ ਰਲਹਨ ਪਤਨੀ ਸੁਭਾਸ਼ ਚੰਦਰ ਤੋਂ ਸਕਿਉਰਡ ਕ੍ਰੈਡਿਟਰ ਦੀ 21.10.2027 ਨੂੰ ਬਕਾਇਆ ਰਕਮ ਰੁਪਏ 4,13,58, 452/- (ਚਾਰ ਕਰੋੜ ਤੇਰਾਂ ਲੱਖ ਅਠਵੰਜਾ ਹਜ਼ਾਰ ਚਾਰ ਸੌ ਬਵੰਜਾ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਉਥੇ ਜੋ ਵੀ ਹੈ' ਦੇ ਅਧਾਰ 'ਤੇ 17 ਫਰਵਰੀ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

ਪਹਿਲੀ ਜਾਇਦਾਦ (ਸੂਚੀ 'ਚ ਜਾਇਦਾਦ ਨੰ. 1 ਵਜੋਂ ਵੇਰਵਾ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 25,15,000/- (ਪੱਚੀ ਲੱਖ ਪੰਦਰਾਂ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,51,500/- (ਦੋ ਲੱਖ ਇਕਵੰਜਾ ਹਜ਼ਾਰ ਪੰਜ ਸੌ ਰੁਪਏ ਕੇਵਲ) ਐਕਸਿਸ ਬੈਂਕ ਲਿਮਟਿਡ ਦੇ ਪੱਖ 'ਚ ਡੀ ਡੀ/ਪੀ ਓ ਰਾਹੀਂ |
| ਬੋਲੀ ਵਾਧਾ ਰਕਮ | ਰੁਪਏ 20,000 (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 16 ਫਰਵਰੀ 2026 ਸ਼ਾਮ ਪੰਜ ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 17 ਫਰਵਰੀ 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਦੂਸਰੀ ਜਾਇਦਾਦ (ਸੂਚੀ 'ਚ ਜਾਇਦਾਦ ਨੰ. 2 ਵਜੋਂ ਵੇਰਵਾ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 25,00,000/- (ਪੱਚੀ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,50,000/- (ਦੋ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) ਐਕਸਿਸ ਬੈਂਕ ਲਿਮਟਿਡ ਦੇ ਪੱਖ 'ਚ ਡੀ ਡੀ/ਪੀ ਓ ਰਾਹੀਂ। |
| ਬੋਲੀ ਵਾਧਾ ਰਕਮ | ਰੁਪਏ 20,000 (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 16 ਫਰਵਰੀ 2026 ਸ਼ਾਮ ਪੰਜ ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 17 ਫਰਵਰੀ 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ [illegible] |

ਤੀਸਰੀ ਜਾਇਦਾਦ (ਸੂਚੀ 'ਚ ਜਾਇਦਾਦ ਨੰ. 3 ਵਜੋਂ ਵੇਰਵਾ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 25,30,000/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,53,000/- [illegible] |
| ਬੋਲੀ ਵਾਧਾ ਰਕਮ | ਰੁਪਏ 20,000 (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 16 ਫਰਵਰੀ 2026 ਸ਼ਾਮ ਪੰਜ ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 17 ਫਰਵਰੀ 2026 ਨੂੰ ਸਵੇਰੇ 11.00 ਵਜੇ ਅਤੇ [illegible] |

ਚੌਥੀ ਜਾਇਦਾਦ (ਸੂਚੀ 'ਚ ਜਾਇਦਾਦ ਨੰ. 4 ਵਜੋਂ ਵੇਰਵਾ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 45,90,000/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 4,59,000/- [illegible] |
| ਬੋਲੀ ਵਾਧਾ ਰਕਮ | ਰੁਪਏ 20,000 (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 16 ਫਰਵਰੀ 2026 ਸ਼ਾਮ ਪੰਜ ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 17 ਫਰਵਰੀ 2026 ਨੂੰ ਸਵੇਰੇ 11.00 ਵਜੇ ਅਤੇ [illegible] |

ਪੰਜਵੀਂ ਜਾਇਦਾਦ (ਸੂਚੀ 'ਚ ਜਾਇਦਾਦ ਨੰ. 5 ਵਜੋਂ ਵੇਰਵਾ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 45,80,000/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 4,58,000/- [illegible] |
| ਬੋਲੀ ਵਾਧਾ ਰਕਮ | ਰੁਪਏ 20,000 (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 16 ਫਰਵਰੀ 2026 ਸ਼ਾਮ ਪੰਜ ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 17 ਫਰਵਰੀ 2026 ਨੂੰ ਸਵੇਰੇ 11.00 ਵਜੇ ਅਤੇ [illegible] |

ਜਾਇਦਾਦ ਦਾ ਵੇਰਵਾ [illegible]

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕਿਰਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਵੈੱਬ ਪੋਰਟਲ https://www.bankeauctions.com [illegible]

ਮਿਤੀ : 10.01.2026, ਸਥਾਨ : ਪੰਚਕੂਲਾ ਸਹੀ/- (ਅਧਿਕਾਰਤ ਅਫ਼ਸਰ) ਐਕਸਿਸ ਬੈਂਕ ਲਿਮਟਿਡ

# ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ (ਸੰਬੰਧਤ ਏਟਕ) ਮੰਡਲ ਧਾਰੀਵਾਲ ਦੀ ਮੀਟਿੰਗ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ (ਸਬੰਧਤ ਏਟਕ) ਮੰਡਲ ਧਾਰੀਵਾਲ ਨਾਲ ਸੰਬੰਧਿਤ ਪੈਨਸ਼ਨਰਾਂ ਦੀ ਮੀਟਿੰਗ 132 ਕੇਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਮੰਡਲ ਪ੍ਰਧਾਨ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ ਹੋਈ। ਮੀਟਿੰਗ ਵਿੱਚ ਸਟੇਟ ਬਾਡੀ ਲੀਡਰ ਹਜ਼ਾਰਾ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੀਟਿੰਗ ਦੌਰਾਨ ਯੂਨੀਅਨ ਨਾਲ ਸੰਬੰਧਿਤ ਨਵੇਂ ਸਾਲ 2026 ਦਾ ਕੈਲੰਡਰ ਹਾਜ਼ਰ ਸਾਥੀਆਂ ਨੂੰ ਵੰਡਿਆ ਗਿਆ। ਮੀਟਿੰਗ ਦੌਰਾਨ ਪ੍ਰਧਾਨ ਹਰਕਿਰਪਾਲ ਸਿੰਘ ਸੋਹਲ, ਹਜ਼ਾਰਾ ਸਿੰਘ ਗਿੱਲ ਅਤੇ ਵੱਖ-ਵੱਖ ਬੁਲਾਰਿਆਂ ਦੁਆਰਾ ਪਿਛਲੇ ਸੰਘਰਸ਼ਾਂ ਦੀ ਸਮੀਖਿਆ ਕੀਤੀ ਗਈ ਅਤੇ ਪੈਨਸ਼ਨਰ ਸਾਥੀਆਂ ਨੂੰ ਬਣਦਾ ਹੱਕ ਦਿਵਾਉਣ ਵਾਸਤੇ ਉਨ੍ਹਾਂ ਦੀਆਂ ਹੱਕੀ ਮੰਗਾਂ ਲਾਗੂ ਕਰਵਾਉਣ ਵਾਸਤੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨ ਹਿੱਤ ਵਿਚਾਰਾਂ ਕੀਤੀਆਂ ਗਈਆਂ। ਬੁਲਾਰਿਆਂ ਨੇ ਦੱਸਿਆ ਕਿ ਪੈਨਸ਼ਨਰਾਂ ਦੀਆਂ ਮੰਗਾਂ ਵਿੱਚ ਬਿਜਲੀ ਸੋਧ ਬਿੱਲ -2025 ਲਾਗੂ ਹੋਣ ਤੋਂ ਰੋਕਣਾ, ਬਿਜਲੀ ਕਾਰਪੋਰੇਸ਼ਨ ਅਦਾਰੇ ਦੀਆਂ ਜ਼ਮੀਨਾਂ ਦੀ ਵਿਕਰੀ ਰੋਕਣ ਸਬੰਧੀ, 16% ਬਕਾਇਆ ਮਹਿੰਗਾਈ ਭੱਤਾ ਜਾਰੀ ਕਰਵਾਉਣ ਸੰਬੰਧੀ, ਨਵੇਂ ਬਣੇ ਚਾਰ ਲੇਬਰ ਕੋਡ (ਕਾਨੂੰਨ) ਰੱਦ ਕਰਨ ਸਬੰਧੀ, ਪੈਨਸ਼ਨਰ ਸਾਥੀਆਂ ਦੇ ਬਣਦੇ ਬਕਾਏ ਨੂੰ ਇੱਕੋ ਵਾਰ ਜਾਰੀ ਕਰਨ ਸਬੰਧੀ ਆਦਿ ਹੱਕੀ ਮੰਗਾਂ ਸ਼ਾਮਿਲ ਹਨ। ਉਪਰੋਕਤ ਤੋਂ ਇਲਾਵਾ ਪੈਨਸ਼ਨਰ ਸਾਥੀਆਂ ਦੇ ਲੋਕਲ ਦਫਤਰਾਂ ਨਾਲ ਸੰਬੰਧਿਤ ਕੰਮਾਂ ਦਾ ਨਿਪਟਾਰਾ ਕਰਵਾਉਣ ਹਿੱਤ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਹਾਜ਼ਰ ਸਾਥੀਆਂ ਨੇ ਇਕ ਜਨਵਰੀ 2016 ਤੋਂ ਪਹਿਲਾਂ ਸੇਵਾ ਨਵਿਰਤ ਹੋਏ ਪੈਨਸ਼ਨਰ ਸਾਥੀਆਂ ਦੀਆਂ ਪੈਨਸ਼ਨਾਂ 2.59% ਫੈਕਟਰ ਨਾਲ ਸੋਧਣ ਸਬੰਧੀ ਮੰਗ ਰੱਖੀ ਗਈ। ਇਸ ਤੋਂ ਇਲਾਵਾ 21 ਜਨਵਰੀ ਨੂੰ ਪਟਿਆਲੇ ਹੈੱਡ ਆਫਿਸ ਵਿਖੇ ਸੂਬਾ ਪੱਧਰੀ ਧਰਨੇ ਵਿੱਚ ਸ਼ਾਮਿਲ ਹੋਣ ਲਈ ਵਿਚਾਰ ਕੀਤੀ ਗਈ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਸਾਥੀ ਹਰਦੀਪ ਸਿੰਘ ਖਹਿਰਾ, ਵਰਿੰਦਰ ਸਿੰਘ ਜੇਈ, ਰਣਜੀਤ ਸਿੰਘ, ਗੁਰਬਚਨ ਸਿੰਘ, ਵਰਿੰਦਰ ਕੁਮਾਰ, ਨਜ਼ੀਰ ਮਸੀਹ, ਲਖਵਿੰਦਰ ਸਿੰਘ, ਸੁਲੱਖਣ ਸਿੰਘ, ਕੁਲਵੰਤ ਸਿੰਘ ਸੱਗੂ ਹਰਪਾਲ ਸਿੰਘ, ਗੁਰਮੀਤ ਸਿੰਘ, ਅਰਜਨਜੀਤ ਸਿੰਘ, ਕੁਲਵੰਤ ਸਿੰਘ, ਸਵਰਨ ਮਸੀਹ, ਕਸ਼ਮੀਰ ਸਿੰਘ, ਰਤਨ ਚੰਦ, ਸਤਪਾਲ ਸਿੰਘ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।

## Sibia Healthcare

Jind Road, Sangrur, Pb.

Ph: 92166-00321, 01672-241421 info@sibiahospital.com

### PUBLIC NOTICE

### MEDICAL RECORD DESTRUCTION

Sibia Health Care Pvt. Ltd. Hereby declare the hospital will be destroying Medical Records Related to IPD Treatment File and Test Results performed in Hospital at Jind Road, Sangrur 01.04.2020 to 31.03.2021. If any of the above information scheduling for destruction pertains to you and you would like the information to be provided to you within 30 days of this notice for any query contact at (Ph. 98157-50405, 92166-00321).

## ਅਦਾਲਤੀ ਇਸ਼ਤਿਹਾਰ, ਬਾ ਅਦਾਲਤ ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ

ਸਪੈਸ਼ਲ ਮੈਰਿਜ਼ ਐਕਟ-1954 ਅਧੀਨ ਮੈਰਿਜ਼ ਰਜਿਸਟਰ ਕਰਵਾਉਣ ਸੰਬੰਧੀ ਨੋਟਿਸ

ਬਨਾਮ

ਜਨਰਲ ਪਬਲਿਕ



ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ NEETU D/O BALWANT RAI R/O H.NO. 78 PARKASH VIHAR, TOWER ENCLAVE, PHASE-2, JALANDHAR-144014, PUNJAB (INDIA) ਨੇ ਇਸ ਅਦਾਲਤ ਵਿੱਚ ਸਪੈਸ਼ਲ ਮੈਰਿਜ ਐਕਟ 1954 ਅਧੀਨ RHYDIAN MARK LONG S/O ROBERT JAMES LONG R/O 99 RANDOLPH ROAD, DERBY, DE23 8TF UNITED KINGDOM.

ਨਾਲ ਮੈਰਿਜ ਰਜਿਸਟਰਡ ਕਰਵਾਉਣ ਲਈ ਦਰਖਾਸਤ ਦਿੱਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ।

ਇਸ ਤੋਂ ਬਾਅਦ ਵਿੱਚ ਆਏ ਇਤਰਾਜਾਂ ਤੇ ਕੋਈ ਗੋਰ ਨਹੀਂ ਕੀਤਾ ਜਾਵੇਗਾ।

ਨੰਬਰ 04/ਰੀਡਰ/ਏ.ਡੀ.ਸੀ ਮਿਤੀ : 08-01-2026 ਜ਼ਿਲਾ ਮੈਰਿਜ ਅਫ਼ਸਰ,ਜਲੰਧਰ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਪਨੂੰਆਂ, ਤਰਨ ਤਾਰਨ

ਕੇਸ ਨੰ: 62/NIT ਦਾਇਰ ਮਿਤੀ : 14.10.2025

1. ਦਲਬੀਰ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਚੰਬਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਤਰਨ ਤਾਰਨ, ਅਧਾਰ ਕਾਰਡ ਨੰਬਰ 5707 8434 7064, ਮੋਬਾਇਲ ਨੰਬਰ 98556-19240
2. ਰਿਪਲਜੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਪਤਨੀ ਫਤਿਹ ਸਿੰਘ, ਵਾਸੀ ਪਿੰਡ ਚੱਕ ਬ੍ਰਾਹਮਣੀ ਖੁਰਦ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੰਬਰ ਮੋਬਾਈਲ ਨੰਬਰ:77176-36550.

ਸਾਇਲਾਨ

ਬਨਾਮ

1. ਇਕਬਾਲ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਸੁਦਾਗਰ ਸਿੰਘ 2. ਬਲਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਸੁਦਾਗਰ ਸਿੰਘ 3. ਸੁਖੀ ਪੁੱਤਰੀ ਗੁਰਬਖਸ਼ ਸਿੰਘ ਪੁੱਤਰ ਸੁਦਾਗਰ ਸਿੰਘ 4. ਚਰਨ ਕੌਰ ਵਿਧਵਾ ਗੁਰਬਖਸ਼ ਸਿੰਘ ਪੁੱਤਰ ਸੁਦਾਗਰ ਸਿੰਘ 5. ਪਰਮਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਪਾਲ ਸਿੰਘ 6. ਆਸਾ ਸਿੰਘ ਪੁੱਤਰ ਸੁਦਾਗਰ ਸਿੰਘ 7. ਗਹਿਲ ਸਿੰਘ ਪੁੱਤਰ ਮੱਸਾ ਸਿੰਘ ਪੁੱਤਰ ਸੁਦਾਗਰ ਸਿੰਘ 8. ਮਹਿਲ ਸਿੰਘ ਪੁੱਤਰ ਮੱਸਾ ਸਿੰਘ ਪੁੱਤਰ ਸੁਦਾਗਰ ਸਿੰਘ 9. ਗੁਰਮੀਤ ਕੌਰ ਵਿਧਵਾ ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ 10. ਠਾਕਰ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ 11. ਕਰਮ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ 12. ਪਰਮਜੀਤ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ 13. ਹਰਭਜਨ ਕੌਰ ਪੁੱਤਰੀ ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ 14. ਹਰਬੰਸ ਸਿੰਘ ਪੁੱਤਰ ਆਤਮਾ ਸਿੰਘ 15. ਅਵਤਾਰ ਸਿੰਘ ਪੁੱਤਰ ਆਤਮਾ ਸਿੰਘ 16. ਇੰਦਰਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਆਤਮਾ ਸਿੰਘ 17. ਰਜਿੰਦਰ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਆਤਮਾ ਸਿੰਘ 18. ਸਵਿੰਦਰ ਕੌਰ ਪੁੱਤਰੀ ਸੋਹਨ ਸਿੰਘ ਪੁੱਤਰ ਆਤਮਾ ਸਿੰਘ 19. ਹਰਬੰਸ ਕੌਰ ਪੁੱਤਰੀ ਸੋਹਨ ਸਿੰਘ ਪੁੱਤਰ ਆਤਮਾ ਸਿੰਘ 20. ਕੁਲਦੀਪ ਸਿੰਘ ਪੁੱਤਰ ਲੱਖਾ ਸਿੰਘ ਪੁੱਤਰ ਮਨੀ ਸਿੰਘ 21. ਗੁਰਮੀਤ ਸਿੰਘ ਪੁੱਤਰ ਲੱਖਾ ਸਿੰਘ ਪੁੱਤਰ ਮਨੀ ਸਿੰਘ 22. ਰਣਜੀਤ ਸਿੰਘ ਪੁਤਰ ਲੱਖਾ ਸਿੰਘ ਪੁੱਤਰ ਮਨੀ ਸਿੰਘ 23. ਪ੍ਰਗਟ ਸਿੰਘ ਪੁੱਤਰ ਲੱਖਾ ਸਿੰਘ ਪੁੱਤਰ ਮਨੀ ਸਿੰਘ 24. ਰਜਵੰਤ ਕੌਰ ਪੁੱਤਰੀ ਲੱਖਾ ਸਿੰਘ ਪੁੱਤਰ ਮਨੀ ਸਿੰਘ 25. ਕਰਤਾਰ ਕੌਰ ਵਿਧਵਾ ਲੱਖਾ ਸਿੰਘ ਪੁੱਤਰ ਮਨੀ ਸਿੰਘ 26. ਦਲਜੀਤ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਮਨੀ ਸਿੰਘ 27. ਅਮਰੀਕੋ ਵਿਧਵਾ ਸਰਦਾਰਾ ਸਿੰਘ ਪੁੱਤਰ ਮਨੀ ਸਿੰਘ 28. ਪ੍ਰੀਤਮ ਕੌਰ ਵਿਧਵਾ ਸਰਦਾਰਾ ਸਿੰਘ ਪੁੱਤਰ ਮਨੀ ਸਿੰਘ 29. ਸਰਬਜੀਤ ਕੌਰ ਪਤਨੀ ਦਲਜੀਤ ਸਿੰਘ ਪੁੱਤਰ ਸਰਦਾਰਾ ਸਿੰਘ 30. ਜਗਵਿੰਦਰ ਕੌਰ ਪਤਨੀ ਪਰਮਿੰਦਰ ਸਿੰਘ ਪੁੱਤਰ ਜਗਦੇਵ ਸਿੰਘ 31. ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਮੋਹਨ ਸਿੰਘ 32. ਅਮਰਜੀਤ ਕੌਰ ਵਿਧਵਾ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ 33. ਬਲਬੀਰ ਕੌਰ ਪੁੱਤਰੀ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ 34. ਬਲਰਾਜ ਕੌਰ ਪੁੱਤਰੀ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ 35. ਭੁਪਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ 36. ਕੁਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੰਦ ਸਿੰਘ 37. ਜਸਬੀਰ ਕੌਰ ਪਤਨੀ ਪ੍ਰਗਟ ਸਿੰਘ ਪੁੱਤਰ ਅਵਤਾਰ ਸਿੰਘ 38. ਪਰਮਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਟਹਿਲ ਸਿੰਘ 39. ਪ੍ਰਬੰਧਕ (ਧੰਨ ਧੰਨ ਬਾਬਾ ਸਿੱਧ ਸਰਸਾਈ ਜੀ) 40. ਲਛਮਣ ਸਿੰਘ ਪੁੱਤਰ ਸੁਦਾਗਰ ਸਿੰਘ ਵਾਸੀਆਨ ਪਿੰਡ ਚੰਬਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਤਰਨ ਤਾਰਨ।

ਉੱਤਰਵਾਦੀਆਨ

ਵਿਸ਼ਾ:- ਦਰਖਾਸਤ ਬਰਾਏ ਕਰਵਾਉਣੇ ਦਰੁਸਤੀ ਗਿਰਦਾਵਰੀ ਭੂਮੀ ਖਾਤਾ ਨੰਬਰ 102/323 ਖਤੌਨੀ ਨੰਬਰ 329 ਖਸਰਾ ਨੰਬਰ 4//17(7-7) ਵਾਕਿਆ ਰਕਬਾ ਪਿੰਡ ਚੰਬਲ, ਤਹਿਸੀਲ ਤਰਨ ਤਾਰਨ, ਜਮ੍ਹਾਂਬੰਦੀ ਸਾਲ 2023-24 ਹਦਬਸਤ ਨੰਬਰ : 265 ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਾਬਤ ਫਸਲ ਸਾਉਣੀ 2025 ਤੋਂ ਚਾਲੂ ਫਸਲਾਂ ਤੱਕ।

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਈ ਮੁਸ਼ਕਿਲ ਹੈ ਇਸ ਲਈ ਨੋਟਿਸ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਕਤ ਦਰੁਸਤੀ ਗਿਰਦਾਵਰੀ ਦਾ ਫੈਸਲਾ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਸਾਲਤਾਨ ਜਾਂ ਵਕਾਲਤਾਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਛਪਣ ਤੋਂ ਪੰਦਰਾਂ ਦਿਨ ਦੇ ਅੰਦਰ-ਅੰਦਰ ਕਿਸੇ ਕੰਮ ਵਾਲੇ ਦਿਨ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 06.01.2026 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ: 481-82 ਮਿਤੀ : 08.01.2026 ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨੌਸ਼ਹਿਰਾ ਪਨੂੰਆਂ।

## AXIS BANK LTD.

Retail Asset Center "SCO-390, Sector-20, 2nd Floor, Panchkula, Haryana-134117

Corporate Office:-, "Axis House", C-2, Wadia International Centre, Pandurang Budhkar Marg, Worli, Mumbai – 400025, Registered Office: "Trishul", 3rd Floor Opp. Samartheshwar Temple Law Garden, Ellisbridge Ahmedabad – 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ [illegible]

[illegible]

| | |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 3,35,00,000/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 33,50,000/- [illegible] |
| ਬੋਲੀ ਵਾਧਾ ਰਕਮ | 50,000/- [illegible] |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 [illegible] |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 29 ਜਨਵਰੀ 2026 ਨੂੰ [illegible] |

[illegible]

ਮਿਤੀ : 10.01.2026, ਸਥਾਨ : ਪੰਚਕੂਲਾ ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ

## AXIS BANK LTD.

Retail Asset Centre: AXIS Bank Ltd, SCO 367-368, SECTOR – 34A, Chandigarh, 160022

Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025, Registered Office: "Trishul", 3rd Floor, Opposite Samartheswar Temple, Law garden, Ellisbridge, Ahmadabad-380006

### ਸਰਫੇਸੀ ਐਕਟ 2002 ਦੇ ਤਹਿਤ ਕਬਜ਼ਾ ਨੋਟਿਸ

[illegible]


| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|---|
| 1. | [illegible] | 01 ਜੂਨ 2025 | 06.01.2026 |
| 2. | [illegible] | 12 ਦਸੰਬਰ 2025 | 06.01.2026 |

ਰੁਪਏ 60,44,212/- (ਸੱਠ ਲੱਖ ਚੁਤਾਲੀ ਹਜ਼ਾਰ ਦੋ ਸੌ ਬਾਰਾਂ ਰੁਪਏ ਕੇਵਲ)

[illegible]

ਮਿਤੀ : 10.01.2026, ਸਥਾਨ : ਅੰਮ੍ਰਿਤਸਰ ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਜਾਨਲੇਵਾ ਚਾਈਨਾ ਡੋਰ ਦੀ ਵਰਤੋਂ 'ਤੇ ਮੁਕੰਮਲ ਰੋਕ ਜ਼ਰੂਰੀ : ਰੰਧਾਵਾ ਭੱਟੀਕੇ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਨਾਲ ਸੰਬੰਧਿਤ ਉੱਘੇ ਸਮਾਜ ਸੇਵਕ ਰਘਬੀਰ ਸਿੰਘ ਰੰਧਾਵਾ ਭੱਟੀਕੇ ਕੈਨੇਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਤਗਬਾਜ਼ੀ ਦੇ ਸ਼ੌਕੀਨ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਅਤੇ ਪ੍ਰੰਪਰਾਗਤ ਡੋਰ ਅਤੇ ਮਾਂਝੇ ਨਾਲ ਹੀ ਪੰਤਗ ਉਡਾਏ ਜਾਣ ਅਤੇ ਪੰਤਗਬਾਜ਼ੀ ਦਾ ਸ਼ੌਕ ਪੂਰਾ ਕੀਤਾ ਜਾਵੇ।ਸ. ਰੰਧਾਵਾ ਨੇ ਕਿਹਾ ਕਿ ਚਾਈਨਾ ਡੋਰ ਦੀ ਵਰਤੋਂ ਕਰਨ ਤੋਂ ਪਰਹੇਜ਼ ਕੀਤਾ ਜਾਵੇ ਕਿਉਕਿ ਪਾਬੰਦੀਸ਼ੁਦਾ ਇਹ ਡੋਰ ਬਹੁਤ ਹੀ ਨੁਕਸਾਨਦਾਇਕ ਹੈ। ਹੁਣ ਤੱਕ ਇਸ ਨਾਲ ਅਨੇਕਾਂ ਹਾਦਸੇ ਵੀ ਵਾਪਰ ਚੁੱਕੇ ਹਨ । ਦੋਪਹੀਆ ਵਾਹਨ ਚਾਲਕਾਂ ਨੂੰ ਚਾਈਨਾ ਡੋਰ ਕਾਰਨ ਮੁਸ਼ਕਲਾਂ ਦਾ ਕਈ ਵਾਰ ਸਾਹਮਣਾ ਕਰਨਾ ਪਿਆ ਅਤੇ ਅਨੇਕਾਂ ਪੰਛੀ ਵੀ ਇਸਦੀ ਲਪੇਟ ਵਿੱਚ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਵੀ ਸ਼ਲਾਘਾਯੋਗ ਹਨ ਅਤੇ ਵੱਡੀ ਗਿਣਤੀ ਵਿੱਚ ਚਾਈਨਾ ਡੋਰ ਦੇ ਗੱਟੂ ਵੀ ਬਰਾਮਦ ਕੀਤੇ ਜਾਂਦੇ ਹਨ ਪਰ ਫਿਰ ਵੀ ਲੋਕ ਪਤਾ ਨਹੀਂ ਕਿਉਂ ਇਸ ਜਾਨਲੇਵਾ ਡੋਰ ਦੀ ਵਰਤੋਂ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਅਤੇ ਪੰਰਪਰਾਗਤ ਡੋਰ ਦੀ ਵਰਤੋਂ ਹੀ ਕੀਤੀ ਜਾਵੇ।

## PUBLIC NOTICE

I, Parmjit Kaur W/o Jagtar Singh R/o Village Rayya, Tehsil Baba Bakala Sahib, Distt. Amritsar declare that I am Known by thease name i.e. Parmjiit Kaur and Paramjit Kaur. Parmjiit Kaur and Paramjit Kaur. both of the name are of one person. Please note.

I, Sunil Singh son of Sahib Singh resident of Galli No. 2, Near ITI College, Dashmesh Garden Colony, Tehsil and Distt Pathankot, Punjab-145001, my name in my old passport mentioned as SUNIL SINGH given in name column and surname is blank. My correct name is SUNIL and surname is SINGH vide affidavit dated 09-01-2025.

## ਦਰੱਖਤਾਂ ਦੀ ਬੋਲੀ

ਗ੍ਰਾਮ ਪੰਚਾਇਤ ਪਿੰਡ ਅਲੀਸੇਰ ਖੁਰਦ ਜਿਲ੍ਹਾ ਮਾਨਸਾ, ਵਲੋਂ ਸੱਤ ਦਰੱਖਤ ਪੁੱਟਣ ਸੰਬੰਧੀ ਖੁੱਲੀ ਬੋਲੀ, ਮਿਤੀ. 16—01—2026 ਨੂੰ ਦਿਨ ਸ਼ੁੱਕਰਵਾਰ ਨੂੰ ਪਿੰਡ ਦੇ ਹੈਲਥ ਸੈਂਟਰ ਵਿਖੇ ਸਵੇਰੇ 10 ਵਜੇ ਕੀਤੀ ਜਾਵੇਗੀ, ਅਲੀਸੇਰ ਖੁਰਦ ਸ਼ਰਤਾ ਮੌਕੇ ਤੇ ਦੱਸੀਆ ਜਾਣਗੀਆ। ਚਾਹਵਾਨ ਸੰਪਰਕ ਕਰਨ।

ਵੱਲੋਂ:- ਗ੍ਰਾਮ ਪੰਚਾਇਤ ਪਿੰਡ ਅਲੀਸੇਰ ਖੁਰਦ (ਮਾਨਸਾ)

ਸੰਪਰਕ ਨੰਬਰ 9465113985

## COURT NOTICE

(U/o 5 Rule 20 CPC)

In The Court of

Ms. Rana Kanwardeep Kaur Chahal Principal Judge Family Court, Camp Court at Bholath, Bholath

CNR No. PBKPF4-000065-2024

Next Date:- 04-02-2026

Sarabjit Singh

Vs.

General Public and Ors.

Publication Issued To:

General Public and Ors.

: NA

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-02-2026 at 10:00 a.m.

For details logon to https://highcourtchd.gov.in/?trs=district_notice&district=Kapurthala

Principal Judge Family Court, Camp Court at Bholath, Bholath

Dated, this day of 09-01-2026

## PUBLIC NOTICE

Under the instruction of AU Small Finance Bank, I hereby informed the general pubic that Ashwani Kumar s/o Des Raj is absolute owner of Property Plot Private no. 69, measuring length 70 feet breadth 35 feet Total measuring 272.22 Square Yards bearing Khasra no. 24//21, 25//25, 27//5/3 min and according to Jamabandi Khasra no. 25//25, 24//21/1, 27//5/3 min, situated Meerankot Khurd, Abadi R.B Estate Tehsil & District Amritsar bounded East-Road 35 feet wide, West-Others, North : Plot no. 70, South : Plot no. 68. That in the Jamabandi for the year 2009-10, 2014-15 Karan & Kunal sons of Padam Kumar are the owners of 18 Marlas of property. Then Karan s/o Padam Kumar sold 9 Marlas of property to Rajan Verma s/o Pardeep Verma of which mutation no. 4264 has been sanctioned by revenue authorities. And also Kunal s/o Padam Kumar sold 9 Marlas of property to Rajan Verma s/o Pardeep Verma of which mutation no. 4265 has been sanctioned by revenue authorities. Then Rajan Verma s/o Pardeep Verma sold 272.22 sq yards of property to Ashwani Kumar s/o Des Raj vide sale deed regd dated 07.02.2017 as doc. no. 13476 of which mutation no. 4494 has been entered in revenue records and in the Jamabandi for the year 2019-20 Ahswani Kumar s/o Des Raj is shown as owner of 9 Marlas of property. **Note : The above said property is mortgaged with HDFC Bank Ltd of which lien has been marked vide rapt no. 280 dated 19.4.2024 and rapt no. 390 dated 23.04.2025.** Ashwani Kumar s/o Des Raj has lost following original documents. 1. Original G.P.A. executed by Karan Dhanuka s/o Padam Kumar Dhanuka in favour of Rajan Verma s/o Pardeep Verma regd dt. 29.3.16 as doc no. 16852. A LOST Information Report has also been got registered in this respect having detail Sr no. 665509/2026 dt 2.1.2026. Anybody having claim or claiming any prior rights or interest in any manner in this property or has raised loan by depositing the aforesaid Sale Deed to any person/bank/corporation/ financial institution may approach the undersigned and may submit objection in writing within 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with AU Small Finance Bank.

**Vikas Verma (Advocate)**

Distt. Courts, Amritsar MB. 9815156302

# ਟ੍ਰੈਵਲ ਏਜੰਟ 'ਤੇ ਧੋਖਾਧੜੀ ਦਾ ਪਰਚਾ ਦਰਜ, 44 ਲੱਖ ਤੋਂ ਵੱਧ ਠੱਗੀ ਮਾਰਨ ਦਾ ਦੋਸ਼

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੁਲਤਾਨਪੁਰ ਲੋਧੀ ਦੇ ਇੱਕ ਏਜੰਟ ਨੇ ਅਮਰੀਕਾ ਜਾਣ ਦੀ ਸਿੱਧੀ ਉਡਾਣ ਦਾ ਪ੍ਰਬੰਧ ਕਰਨ ਦੇ ਨਾਂਅ ਹੇਠ ਇੱਕ ਵਿਅਕਤੀ ਤੋਂ 44 ਲੱਖ 15 ਹਜ਼ਾਰ ਰੁਪਏ ਦੀ ਠੱਗੀ ਮਾਰੀ। ਪੀੜਤ ਦਾ ਦਾਅਵਾ ਹੈ ਕਿ ਏਜੰਟ ਨੇ ਫਰਾਂਸ ਜਾਣ ਲਈ ਸਿੱਧੀ ਉਡਾਣ ਦਾ ਪ੍ਰਬੰਧ ਕੀਤਾ, ਫਿਰ ਉਸ ਨੂੰ ਜੰਗਲ ਦੇ ਰਸਤੇ ਮੈਕਸੀਕੋ ਸਿਟੀ ਭੇਜਿਆ, ਜਿੱਥੇ ਉਸ ਨੂੰ ਚਾਰ ਮਹੀਨੇ ਬਾਅਦ ਬਸ ਕੈਂਪ ਭੇਜਿਆ ਗਿਆ। ਕੈਂਪ ਵਿੱਚ ਸੱਤ ਜਾਂ ਅੱਠ ਮਹੀਨੇ ਦੁੱਖ ਝੱਲਣ ਤੋਂ ਬਾਅਦ, ਉਸ ਨੂੰ ਅਮਰੀਕੀ ਬਸ ਕੈਂਪ ਤੋਂ ਡਿਪੋਰਟ ਕਰ ਦਿੱਤਾ ਗਿਆ। ਭਾਰਤ ਵਾਪਸ ਆਉਣ 'ਤੇ ਉਸਨੇ ਏਜੰਟ ਤੋਂ ਆਪਣੇ ਪੈਸੇ ਵਾਪਸ ਮੰਗੇ, ਜਿਸ ਨੇ ਪੈਸੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਸ ਨੂੰ ਧਮਕੀਆਂ ਦੇਣ ਲੱਗ ਪਿਆ। ਸਿੱਟੇ ਵਜੋਂ, ਪੀੜਤ ਨੇ ਕਪੂਰਥਲਾ ਦੇ ਐੱਸ ਐੱਸ ਪੀ ਕੋਲ ਸ਼ਿਕਾਇਤ ਦਰਜ ਕਰਵਾਈ। ਜਾਂਚ ਤੋਂ ਬਾਅਦ ਸੁਲਤਾਨਪੁਰ ਲੋਧੀ ਪੁਲਸ ਸਟੇਸ਼ਨ ਵਿੱਚ ਦੋ ਵਿਅਕਤੀਆਂ ਵਿਰੁੱਧ ਧੋਖਾਧੜੀ ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਹਾਲਾਂਕਿ, ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਸੁਲਤਾਨਪੁਰ ਲੋਧੀ ਦੇ ਜੈਨਪੁਰ ਪਿੰਡ ਦੇ ਵਸਨੀਕ ਜਗਤਾਰ ਸਿੰਘ ਨੇ ਐੱਸ ਐੱਸ ਪੀ ਨੂੰ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਮਸਿਤਾਨ ਦੇ ਰਹਿਣ ਵਾਲੇ ਜੱਗਾ ਸਿੰਘ, ਉਸ ਦੀ ਪਤਨੀ ਜਸਵਿੰਦਰ ਕੌਰ, ਪ੍ਰੀਤਮ ਸਿੰਘ ਤੇ ਬਲਵੀਰ ਕੌਰ ਵਿਦੇਸ਼ੀ ਯਾਤਰਾ ਲਈ ਏਜੰਟ ਵਜੋਂ ਕੰਮ ਕਰਦੇ ਹਨ। ਪਰ ਉਨ੍ਹਾਂ ਕੋਲ ਲੋਕਾਂ ਨੂੰ ਵਿਦੇਸ਼ ਭੇਜਣ ਦਾ ਲਾਇਸੰਸ ਨਹੀਂ ਹੈ। ਫਿਰ ਵੀ ਉਹ ਅਜਿਹਾ ਕਰਦੇ ਰਹਿੰਦੇ ਹਨ। ਜੁਲਾਈ 2024 ਵਿੱਚ ਜੱਗਾ ਸਿੰਘ ਨੇ ਉਸ ਨਾਲ ਸੰਪਰਕ ਕੀਤਾ ਤੇ ਕਿਹਾ ਕਿ ਉਸ ਦੀ ਉਨ੍ਹਾਂ ਨੂੰ ਅਮਰੀਕਾ ਭੇਜਣ ਦੀ ਯੋਜਨਾ ਹੈ। ਉਹ ਅਮਰੀਕਾ ਲਈ ਸਿੱਧੀ ਉਡਾਣ ਦਾ ਪ੍ਰਬੰਧ ਕਰੇਗਾ ਤੇ ਉਸ ਨੂੰ 50 ਲੱਖ ਰੁਪਏ ਦੇਣੇ ਪੈਣਗੇ। ਜੱਗਾ ਸਿੰਘ ਨੇ ਉਸ ਨੂੰ ਧੋਖਾ ਦਿੱਤਾ ਤੇ ਉਹ ਵਿਦੇਸ਼ ਜਾਣ ਲਈ ਸਹਿਮਤ ਹੋ ਗਿਆ। ਉਸ ਨੇ ਇਹ ਵੀ ਕਿਹਾ ਕਿ ਉਹ ਵੀਜ਼ਾ ਲੱਗਣ ਤੋਂ ਬਾਅਦ ਪੈਸੇ ਲਵੇਗਾ। ਉਸ ਨੇ ਫਰਾਂਸ ਲਈ ਸਿੱਧੀ ਉਡਾਣ ਦਾ ਪ੍ਰਬੰਧ ਕੀਤਾ, ਜਿੱਥੇ ਉਸ ਨੂੰ ਫਿਰ ਜੰਗਲਾਂ ਵਿੱਚੋਂ ਲੰਘਾਇਆ ਗਿਆ, ਉਸ ਨੂੰ ਬਾਅਦ ਵਿੱਚ ਮੈਕਸੀਕੋ ਸਿਟੀ ਲਿਜਾਇਆ ਗਿਆ, ਉਸ ਨੂੰ ਚਾਰ ਮਹੀਨਿਆਂ ਬਾਅਦ ਇੱਕ ਬੱਸ ਕੈਂਪ ਵਿੱਚ ਭੇਜ ਦਿੱਤਾ ਗਿਆ। ਕੈਂਪ ਵਿੱਚ 7-8 ਮਹੀਨੇ ਦੁੱਖ ਝੱਲਣ ਤੋਂ ਬਾਅਦ, ਉਸ ਨੂੰ 18 ਜੁਲਾਈ, 2025 ਨੂੰ ਅਮਰੀਕੀ ਬਸ ਕੈਂਪ ਤੋਂ ਡਿਪੋਰਟ ਕਰ ਦਿੱਤਾ ਗਿਆ। ਜਦੋਂ ਉਹ ਵਾਪਸ ਆਇਆ ਅਤੇ ਏਜੰਟ ਤੋਂ ਅਮਰੀਕਾ ਲਈ ਸਿੱਧੀ ਉਡਾਣ ਬਾਰੇ ਪੁੱਛਿਆ, ਤਾਂ ਏਜੰਟ ਨੇ ਜਵਾਬ ਦਿੱਤਾ ਕਿ ਇਸ ਤਰੀਕੇ ਨਾਲ ਅਮਰੀਕਾ ਪਹੁੰਚਣਾ ਸੰਭਵ ਹੈ। ਜਦੋਂ ਉਸ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਏਜੰਟ ਨੇ ਉਸ ਨੂੰ ਝਾਂਸੇ ਦੇਣੇ ਅਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਾਂਚ ਤੋਂ ਬਾਅਦ, ਸੁਲਤਾਨਪੁਰ ਲੋਧੀ ਪੁਲਸ ਸਟੇਸ਼ਨ ਵਿੱਚ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪੀੜਤ ਨੇ ਦੱਸਿਆ ਕਿ ਉਸ ਨੇ ਵਿਦੇਸ਼ ਜਾਣ ਲਈ ਸਹਿਮਤ ਹੋ ਕੇ ਜਾਣਾ ਸ਼ੁਰੂ ਕੀਤਾ ਸੀ ਅਤੇ ਬਾਅਦ ਵਿੱਚ ਵਾਪਸ ਆਉਣ 'ਤੇ ਪੈਸੇ ਵਾਪਸ ਕਰਨ ਦੀ ਗੱਲ ਕੀਤੀ ਤਾਂ ਏਜੰਟ ਨੇ ਟਾਲਮਟੋਲ ਕੀਤੀ। ਦਿਖਾਵੇ ਤੇ ਪੈਸੇ ਦੀ ਮੰਗ ਕੀਤੀ ਜਾਣ ਲੱਗੀ ਤਾਂ ਉਹ ਆਪਣੇ ਪਰਿਵਾਰ ਨੇ ਵੱਖ-ਵੱਖ ਤਰੀਕਾਂ 'ਤੇ ਏਜੰਟ ਨੂੰ 44 ਲੱਖ 15 ਹਜ਼ਾਰ ਰੁਪਏ ਅਦਾ ਕੀਤੇ। ਹਾਲਾਂਕਿ, ਏਜੰਟ ਵਾਪਸ ਪੈਸੇ ਮੰਗਣ ਉੱਤੇ ਤਾਰੀਖਾਂ ਦਿੰਦਾ ਰਿਹਾ ਅਤੇ ਝੂਠੇ ਅਤੇ ਬੇਬੁਨਿਆਦ ਹਨ ਅਸੀਂ ਅਦਾਲਤ ਵਿੱਚ ਜਾਵਾਂਗੇ ਤੇ ਸਾਰਾ ਸੱਚ ਸਾਹਮਣੇ ਆ ਜਾਵੇਗਾ।




**● ਏਜੰਟ ਨੇ ਦੋਸ਼ਾਂ ਨੂੰ ਨਕਾਰਿਆ**

# ਰਾਜਾ ਵੜਿੰਗ, ਭੂਪੇਸ਼ ਬਘੇਲ ਤੇ ਰਾਣਾ ਕੇ ਪੀ ਸਿੰਘ ਵੱਲੋਂ ਮਨਰੇਗਾ ਵਰਕਰਾਂ ਨਾਲ ਮੁਲਾਕਾਤ

**ਸਰਕਾਰ ਬਣਨ 'ਤੇ ਤਰਜੀਹ ਦੇਣ ਦਾ ਭਰੋਸਾ**

**ਭਲਾਣ (ਹਰਭਜਨ ਢਿੱਲੋਂ)**- ਪਿੰਡ ਗੋਹਲਣੀ ਵਿਖੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਛੱਤੀਸਗੜ੍ਹ ਭੂਪੇਸ਼ ਬਘੇਲ ਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਵੱਲੋਂ ਆਪਣੇ ਅਚਨਚੇਤ ਦੌਰੇ ਦੌਰਾਨ ਮਨਰੇਗਾ ਕਾਮਿਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ।ਮਨਰੇਗਾ ਵਰਕਰਾਂ ਨੇ ਆਪਣੇ ਮੁੱਦੇ ਤੇ ਸਮੱਸਿਆਵਾਂ ਆਗੂਆਂ ਸਾਹਮਣੇ ਰੱਖੀਆਂ।ਮਨਰੇਗਾ ਕਾਮਿਆਂ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਕਿਹਾ ਕਿ ਮਨਰੇਗਾ ਯੋਜਨਾ ਗਰੀਬ ਤੇ ਮਜ਼ਦੂਰ ਵਰਗ ਲਈ ਬਹੁਤ ਮਹੱਤਵਪੂਰਨ ਹੈ, ਪਰ ਮੌਜੂਦਾ ਕੇਂਦਰ ਸਰਕਾਰ ਵੱਲੋਂ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸ ਸਰਕਾਰ ਦੇ ਸਮੇਂ ਮਨਰੇਗਾ ਕਾਮਿਆਂ ਨੂੰ ਪੂਰੀ ਤਰਜੀਹ ਦਿੱਤੀ ਜਾਂਦੀ ਸੀ ਤੇ ਉਨ੍ਹਾਂ ਨੂੰ ਸਮੇਂ ਸਿਰ ਕੰਮ ਅਤੇ ਮਜ਼ਦੂਰੀ ਮੁਹੱਈਆ ਕਰਵਾਈ ਜਾਂਦੀ ਸੀ।ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਮਜ਼ਦੂਰਾਂ, ਕਿਸਾਨਾਂ ਅਤੇ ਗਰੀਬ ਵਰਗ ਦੇ ਹੱਕਾਂ ਦੀ ਰਾਖੀ ਕੀਤੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਮਨਰੇਗਾ ਯੋਜਨਾ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਕਾਮਿਆਂ ਦੀ ਆਮਦਨ ਵਧਾਉਣ ਲਈ ਢੁਕਵੇਂ ਕਦਮ ਚੁੱਕੇ ਜਾਣਗੇ।ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਮਨਰੇਗਾ ਕਾਨੂੰਨ ਪਿੰਡਾਂ ਦੀ ਆਰਥਿਕ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਬਣਨ 'ਤੇ ਮਨਰੇਗਾ ਕਾਮਿਆਂ ਦੇ ਹੱਕ ਸੁਰੱਖਿਅਤ ਕੀਤੇ ਜਾਣਗੇ। ਮੁਲਾਕਾਤ ਦੌਰਾਨ ਮਨਰੇਗਾ ਕਾਮਿਆਂ ਨੇ ਕਾਂਗਰਸੀ ਆਗੂਆਂ ਦੇ ਇਸ ਦੌਰੇ ਦਾ ਸਵਾਗਤ ਕੀਤਾ ਤੇ ਉਮੀਦ ਜਿਤਾਈ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ ਨਗਰ ਕੌਂਸਲ ਨੰਗਲ ਦੇ ਪ੍ਰਧਾਨ ਸੰਜੇ ਸਾਹਨੀ, ਸਰਪੰਚ ਨਾਜਰ ਸਿੰਘ ਗੋਹਲਣੀ, ਡਾਕਟਰ ਚਮਨ ਲਾਲ, ਕਮਲਜੀਤ ਭੱਲੜੀ, ਸਰਵਣ ਸਿੰਘ ਠੌਲ, ਰਾਜ ਕੁਮਾਰ ਰਾਜੂ, ਸੁਸ਼ੀਲ ਕੁਮਾਰ ਸੋਨੂ ਰਾਣਾ ਨਾਨਗਰਾਂ, ਸ਼ਿਵ ਕੁਮਾਰ ਨਾਨਗਰਾਂ, ਪੰਨਾ ਲਾਲ ਭਨਾਮ, ਸੁਖਦੇਵ ਕੁਲਵੰਤ ਸਿੰਘ, ਰਣਬੀਰ ਸਿੰਘ ਅਟਵਾਲ, ਦੀਪਕ ਕੁਮਾਰ ਹੈਪੀ ਸਾਬਕਾ ਸਰਪੰਚ, ਗੁਰਚਰਨ ਸਿੰਘ ਸੰਧੀ, ਜਗਜੀਤ ਸਿੰਘ ਜੱਗੀ, ਜਸਪਾਲ ਸਿੰਘ ਰਾਣਾ, ਸੂਰਜ ਸ਼ਰਮਾ, ਹਰਜਪ ਸਿੰਘ, ਸੁਰੇਸ਼ ਕੁਮਾਰ ਰਿੰਕਾ, ਰਵੀਸ਼ ਕੁਮਾਰ ਬਾਂਗੜ, ਕਿਸ਼ੋਰ ਚੰਦ, ਅਸ਼ਵਨੀ ਕੁਮਾਰ ਸ਼ਰਮਾ, ਜਸੰਤ ਸ਼ਰਮਾ, ਗੌਤਮ, ਯੋਗੇਸ਼ ਕੁਮਾਰ ਸ਼ਰਮਾ ਯੂ ਐੱਸ ਏ, ਨਰੇਸ਼ ਕੁਮਾਰ ਬਿੱਟੂ, ਮੰਗਲ ਸਿੰਘ, ਦਿਲਬਾਗ ਸਿੰਘ ਬਾਬਾ ਦੋਨੋਂ ਸੰਮਤੀ ਮੈਂਬਰ, ਬਖਸ਼ੀਸ਼ ਸਿੰਘ ਹਾਜੀਪੁਰ, ਜੋਗਿੰਦਰ ਸਿੰਘ ਜਿੰਦੂ, ਗੁਰਦੇਵ ਚੰਦ, ਪਵਨ ਕੁਮਾਰ ਧੀਮਾਨ, ਕਿਸ਼ਨ ਸਿੰਘ ਆਦਿ ਤੋਂ ਵੱਡੀ ਗਿਣਤੀ ਵਿੱਚ ਕਾਂਗਰਸ ਵਰਕਰ ਹਾਜ਼ਰ ਸਨ।



# ਅੰਤਰ 'ਵਰਸਿਟੀ ਫੁੱਟਬਾਲ ਟੂਰਨਾਮੈਂਟ ਦਾ ਚੌਥਾ ਦਿਨ ਸਫਲਤਾ ਨਾਲ ਸੰਪੰਨ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਮੇਜ਼ਬਾਨੀ ਹੇਠ ਆਯੋਜਿਤ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਫੁੱਟਬਾਲ ਟੂਰਨਾਮੈਂਟ (5 ਤੋਂ 11 ਜਨਵਰੀ 2026) ਦਾ ਚੌਥਾ ਦਿਨ ਖੇਡ ਭਾਵਨਾ, ਜੋਸ਼ ਅਤੇ ਅਨੁਸ਼ਾਸਨ ਦੇ ਮਾਹੌਲ ਵਿਚ ਸਫਲਤਾ ਪੂਰਵਕ ਸੰਪੰਨ ਹੋਇਆ। ਇਸ ਟੂਰਨਾਮੈਂਟ ਵਿੱਚ ਨਾਰਥ ਜ਼ੋਨ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੀਆਂ ਟੀਮਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਜਿਸ ਨਾਲ ਖਿਡਾਰੀਆਂ ਦੀ ਖੇਡ ਕਾਬਲੀਅਤ ਅਤੇ ਟੀਮ ਵਰਕ ਨਿਖਰ ਕੇ ਸਾਹਮਣੇ ਆ ਰਿਹਾ ਹੈ।ਇਹ ਟੂਰਨਾਮੈਂਟ ਸਤਿਕਾਰਯੋਗ ਸੰਤ ਬਾਬਾ ਮਲਕੀਤ ਸਿੰਘ ਜੀ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਣਾ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਜੀ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਯੋਗ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ।ਚੌਥੇ ਦਿਨ ਦੇ ਮੁਕਾਬਲਿਆਂ ਦੌਰਾਨ ਮੁੱਖ ਮਹਿਮਾਨ ਵਜੋਂ ਸੁਸ਼ੀਲ ਕੁਮਾਰ (ਲੀਗ ਅਬਜ਼ਰਵਰ, ਏਆਈਯੂ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਟੂਰਨਾਮੈਂਟ ਦੇ ਸੁਚੱਜੇ ਪ੍ਰਬੰਧਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿਦਿਆਰਥੀਆਂ ਵਿੱਚ ਖੇਡ ਭਾਵਨਾ, ਅਨੁਸ਼ਾਸਨ ਤੇ ਚੰਗੀ ਸੋਚ ਵਿਕਸਿਤ ਕਰਦੇ ਹਨ।ਯੂਨੀਵਰਸਿਟੀ ਦੇ ਪ੍ਰੋ ਵੀ ਸੀ ਡਾ. ਅਮਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਮਾਂਚਕ ਮੁਕਾਬਲੇ ਕਰਵਾਏ ਗਏ। ਪਹਿਲਾ ਮੁਕਾਬਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਐੱਚ ਪੀ ਯੂਨੀਵਰਸਿਟੀ ਸ਼ਿਮਲਾ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਲ ਕੀਤੀ। ਦੂਸਰਾ ਮੁਕਾਬਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਕਲਸਟਰ ਯੂਨੀਵਰਸਿਟੀ ਸ੍ਰੀਨਗਰ ਵਿਚਕਾਰ ਹੋਇਆ, ਜਿਸ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟੀਮ ਨੇ ਬਿਹਤਰੀਨ ਖੇਡ ਦਿਖਾਉਂਦਿਆਂ ਜਿੱਤ ਪ੍ਰਾਪਤ ਕੀਤੀ।



# ਅੱਖਾਂ ਦੇ ਅਪਰੇਸ਼ਨ ਦਾ ਸਮਾਨ ਤੇ ਆਧੁਨਿਕ ਮਸ਼ੀਨ ਹਸਪਤਾਲ ਨੂੰ ਭੇਟ

**ਬੰਗਾ (ਅਵਤਾਰ ਕਲੇਰ)**- ਯੂ ਕੇ ਦੇ ਅਡਵਾਂਸ ਗਲੂਕੋਮਾ ਸਰਜਨ ਤੇ ਅੱਖਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਸੰਦੀਪ ਸਿੰਘ ਦਿਉਲ ਐਫ.ਆਰ. ਸੀ. (ਔਪਥੈਲਮ), ਐੱਮ ... ਹਸਪਤਾਲ ਦੇ ਅੱਖਾਂ ਦੇ ਵਿਭਾਗ ਲਈ ਕੀਮਤੀ ਅਪਰੇਸ਼ਨਾਂ ਦਾ ਸਮਾਨ ਤੇ ਆਧੁਨਿਕ ਮਸ਼ੀਨ ਦਾਨ ਕਰਨ ਲਈ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੱਖਾਂ ਦੇ ਵਿਭਾਗ ਵਿਚ ਅੱਖਾਂ ਦੇ ਲੋੜਵੰਦ ਮਰੀਜ਼ਾਂ ਲਈ ਚਿੱਟਾ ਮੋਤੀਆ ਮੁਕਤ ਲਹਿਰ ਚਲਾਈ ਜਾ ਰਹੀ ਹੈ ਜਿਸ ਤਹਿਤ ਅੱਖਾਂ ਦੇ ਮਰੀਜ਼ਾਂ ਦੇ ਮੁਫਤ ਅਪਰੇਸ਼ਨ ਕਰਕੇ, ਮੁਫਤ ਲੈਨਜ਼ ਪਾਏ ਜਾਂਦੇ ਹਨ ਅਤੇ ਅਪਰੇਸ਼ਨ ਉਪਰੰਤ ਇੱਕ ਮਹੀਨੇ ਦੀ ਦਵਾਈ ਵੀ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ। ਉਹਨਾਂ ਨੇ ਡਾ. ਦਿਉਲ ਨੂੰ ਟਰੱਸਟ ਦੇ ਪ੍ਰਬੰਧ ਹੇਠਾਂ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਤੇ ਲੋਕ ਸੇਵਾ ਹਿੱਤ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸੇਵਾ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ। ਡਾ. ਸੰਦੀਪ ਸਿੰਘ ਦਿਉਲ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਲੋੜਵੰਦ ਲੋਕਾਂ ਨੂੰ ਵਧੀਆ ਮੈਡੀਕਲ ਸੇਵਾਵਾਂ ਦੇਣ ਦੀ ਭਰਪੂਰ ਸ਼ਲਾਘਾ ਕੀਤੀ ਤੇ ਹਸਪਤਾਲ ਨੂੰ ਭਵਿੱਖ ਵਿਚ ਆਧੁਨਿਕ ਯੰਤਰ ਅਤੇ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸੰਦੀਪ ਸਿੰਘ ਦਿਉਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹਰਬੰਸ ਸਿੰਘ, ਸਰਵੰਤ ਸਿੰਘ ਸ਼ੇਰਗਿੱਲ ਯੂ ਕੇ, ਮਹਿੰਦਰਪਾਲ ਸਿੰਘ, ਦਲਜੀਤ ਕੌਰ ਵੀ ਹਾਜ਼ਰ ਸਨ। ਵਰਨਣਯੋਗ ਹੈ ਕਿ ਡਾ. ਸੰਦੀਪ ਸਿੰਘ ਦਿਉਲ ਨੇ ਆਕਸਫੋਰਡ, ਇੰਗਲੈਂਡ ਤੇ ਅਮਰੀਕਾ ਤੋਂ ਡਾਕਟਰੀ ਦੀ ਉੱਚ ਡਿਗਰੀ ਕਰਨ ਉਪਰੰਤ ਨੌਰਥੈਂਪਟਨਸ਼ਾਇਰ ਯੂ ਕੇ ਵਿਖੇ ਅਡਵਾਂਸ ਗਲੂਕੋਮਾ (ਕਾਲਾ ਮੋਤੀਆ) ਤੇ ਕੈਟਾਰੈਕਟ (ਚਿੱਟਾ ਮੋਤੀਆ) ਸਰਜਨ ਦੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ।



ਐੱਸ ਸੀ, ਪੀ ਐੱਚ ਡੀ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਅੱਖਾਂ ਦੇ ਵਿਭਾਗ ਨੂੰ 17 ਲੱਖ ਰੁਪਏ ਕੀਮਤ ਦਾ ਅੱਖਾਂ ਦੇ ਅਪਰੇਸ਼ਨਾਂ ਦਾ ਵਿਸ਼ੇਸ਼ ਸਮਾਨ ਤੇ ਆਧੁਨਿਕ ਮਸ਼ੀਨ ਭੇਟ ਕੀਤੀ। ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਡਾ.ਸੰਦੀਪ ਸਿੰਘ ਦਿਉਲ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕਰਦੇ ਹੋਏ

# ਜਾਗਰੂਕਤਾ ਕੈਂਪ 12 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ 'ਬੇਟੀ ਬਚਾਓ-ਬੇਟੀ ਪੜ੍ਹਾਓ' ਸਕੀਮ ਤਹਿਤ ਔਰਤਾਂ ਲਈ ਸਿੱਖਿਆ, ਅਧਿਕਾਰਾਂ, ਸਿਹਤ ਤੇ ਸਫ਼ਾਈ ਸਬੰਧੀ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ 12 ਜਨਵਰੀ ਨੂੰ ਡਾ. ਬੀ ਆਰ ਅੰਬੇਡਕਰ ਭਵਨ ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਵਿਖੇ ਕਰਵਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਿਹਤ ਵਿਭਾਗ ਵੱਲੋਂ ਔਰਤਾਂ ਦਾ ਮੁਫ਼ਤ ਹੈਲਥ ਚੈਕ-ਅੱਪ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਔਰਤਾਂ ਅਤੇ ਲੜਕੀਆਂ ਨੂੰ ਰੋਜ਼ਗਾਰ ਪ੍ਰਦਾਨ ਕਰਨ ਲਈ ਵੱਖ-ਵੱਖ 15 ਕੰਪਨੀਆਂ ਨੂੰ ਕੈਂਪ ਵਿੱਚ ਆਉਣ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੰਪਨੀਆਂ ਵੱਲੋਂ ਔਰਤਾਂ ਅਤੇ ਲੜਕੀਆਂ ਨੂੰ ਕੈਂਪ ਵਿੱਚ ਹੀ ਰੋਜ਼ਗਾਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਸੈਲਫ ਹੈਲਪ ਗਰੁੱਪ, ਸਖੀ ਵਨ ਸਟਾਪ ਸੈਂਟਰ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੇ ਹੈਲਥ ਡਾਈਟ ਪਲਾਨ ਆਦਿ ਦੇ ਸਟਾਲ ਲਗਾਏ ਜਾਣਗੇ।

# ਪੇਂਡੂ ਮਜ਼ਦੂਰ ਯੂਨੀਅਨ ਦੇ ਗ੍ਰਿਫਤਾਰ ਆਗੂ ਰਿਹਾਅ ਕਰਨ ਦੀ ਮੰਗ

**ਚੰਡੀਗੜ੍ਹ, (ਨ ਜ ਸ)**- ਜਗਰਾਉਂ ਨੇੜਲੇ ਪਿੰਡ ਪੋਨਾ ਵਿਖੇ ਮਨਰੇਗਾ ਕਾਨੂੰਨ ਖ਼ਤਮ ਕਰਕੇ ਮਜ਼ਦੂਰ ਵਿਰੋਧੀ ਪਾਸ ਕੀਤੇ ਕਾਨੂੰਨ ਦੇ ਸੋਹਲੇ ਗਾਉਣ ਪੁੱਜੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਆਮਦ ਮੌਕੇ ਪੇਂਡੂ ਮਜ਼ਦੂਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਮਨਰੇਗਾ ਕਾਨੂੰਨ ਖ਼ਤਮ ਕਰਨ ਦਾ ਵਿਰੋਧ ਕਰਨ ਵਾਲੇ ਪੇਂਡੂ ਮਜ਼ਦੂਰਾਂ ਦੀ ਅਗਵਾਈ ਕਰ ਰਹੇ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਅਤੇ ਮਦਨ ਲਾਲ ਨੂੰ ਥਾਣਾ ਸਦਰ ਜਗਰਾਉਂ ਪੁਲਸ ਵਲੋਂ ਹਿਰਾਸਤ ਵਿੱਚ ਲੈਣ ਤੇ ਪੇਂਡੂ ਮਜ਼ਦੂਰਾਂ ਨਾਲ ਧੱਕਾਮੁੱਕੀ ਕਰਨ ਦੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਗ੍ਰਿਫ਼ਤਾਰ ਯੂਨੀਅਨ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਯੂਨੀਅਨ ਵਲੋਂ ਇਸ ਗ੍ਰਿਫ਼ਤਾਰੀ ਦਾ ਗੰਭੀਰ ਨੋਟਿਸ ਲੈਂਦੇ ਹੋਏ ਕੇਂਦਰ ਸਰਕਾਰ ਵਲੋਂ ਮਨਰੇਗਾ ਕਾਨੂੰਨ ਖ਼ਤਮ ਕਰਕੇ ਪਾਸ ਕੀਤੇ ਮਜ਼ਦੂਰ ਵਿਰੋਧੀ ਕਾਨੂੰਨ ਨੂੰ ਰੱਦ ਕਰਵਾਉਣ ਆਦਿ ਲਈ ਸੰਘਰਸ਼ ਦੀ ਰੂਪਰੇਖਾ ਉਲੀਕਣ ਲਈ 11 ਜਨਵਰੀ ਨੂੰ ਸੂਬਾ ਕਮੇਟੀ ਦੀ ਮੀਟਿੰਗ ਬੁਲਾਈ ਹੈ।ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਯੂਨੀਅਨ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਮਗਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਮਜ਼ਦੂਰ ਵਿਰੋਧੀ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਦੇ ਸੋਹਲੇ ਗਾਉਣ ਆਏ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦਾ ਵਿਰੋਧ ਕਰਨ ਵਾਲੇ ਦਲਿਤ ਪੇਂਡੂ ਮਜ਼ਦੂਰਾਂ ਨਾਲ ਸੂਬਾ ਸਰਕਾਰ ਦੇ ਇਸ਼ਾਰੇ ਉੱਤੇ ਜਗਰਾਉਂ ਪੁਲਸ ਨੇ ਧੱਕਾਮੁੱਕੀ ਕੀਤੀ ਤੇ ਮਜ਼ਦੂਰਾਂ ਦੀ ਅਗਵਾਈ ਕਰ ਰਹੇ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਅਤੇ ਮਦਨ ਲਾਲ ਨੂੰ ਹਿਰਾਸਤ ਵਿੱਚ ਲੈ ਕੇ ਥਾਣਾ ਸਦਰ ਜਗਰਾਉਂ ਦੀ ਚੌਂਕੀ ਗਾਲਿਬ ਕਲ੍ਹਾਂ ਵਿਖੇ ਬੰਦ ਕਰ ਦਿੱਤਾ। ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਮਜ਼ਦੂਰ ਵਿਰੋਧੀ ਕਾਨੂੰਨ ਵਾਪਿਸ ਲੈ ਕੇ ਮਗਨਰੇਗਾ ਕਾਨੂੰਨ ਬਹਾਲ ਨਾ ਕੀਤਾ ਤਾਂ ਕੇਂਦਰ ਸਰਕਾਰ ਤੇ ਪੰਜਾਬ ਭਾਜਪਾ ਆਗੂਆਂ ਨੂੰ ਮਜ਼ਦੂਰਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਵੇਗਾ।




# ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਕਮਿਸ਼ਨ ਵੱਲੋਂ ਜ਼ਿਲ੍ਹਾ ਪੱਧਰੀ ਸਿਖਲਾਈ ਪ੍ਰੋਗਰਾਮ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਨੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਾਰੇ ਨਾਮਜ਼ਦ ਅਧਿਕਾਰੀਆਂ ਅਤੇ ਅਪੀਲੀ ਅਧਿਕਾਰੀਆਂ ਲਈ ਡੀ ਸੀ ਦਫ਼ਤਰ, ਮੋਹਾਲੀ ਵਿਖੇ ਇੱਕ ਦਿਨਾਂ ਜ਼ਿਲ੍ਹਾ ਪੱਧਰੀ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਸਿਖਲਾਈ ਭਾਰਤ ਸਰਕਾਰ ਦੁਆਰਾ ਪ੍ਰਵਾਨਿਤ ਪ੍ਰੋਜੈਕਟ 'ਪੰਜਾਬ ਵਿੱਚ ਪੈਂਡੈਂਸੀ ਪ੍ਰਬੰਧਨ ਲਈ ਕੇਂਦਰੀਕ੍ਰਿਤ ਯੂਨੀਫਾਈਡ ਡਿਜੀਟਲ ਸੇਵਾਵਾਂ ਪੋਰਟਲ ਅਤੇ ਡੇਟਾ ਰਿਪੋਜ਼ਟਰੀ ਦਾ ਵਿਕਾਸ' ਅਧੀਨ ਆਯੋਜਿਤ ਕੀਤੀ ਗਈ ਸੀ।ਇਹ ਪ੍ਰੋਗਰਾਮ ਵੀ ਕੇ ਜੰਜੂਆ, ਸੇਵਾਮੁਕਤ ਆਈ ਏ ਐਸ, ਮੁੱਖ ਕਮਿਸ਼ਨਰ, ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਕਮਿਸ਼ਨ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ। ਇਹ ਸਿਖਲਾਈ ਡੀ ਸੀ ਦਫ਼ਤਰ, ਮੋਹਾਲੀ, ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ (ਮਗਸੀਪਾ) ਅਤੇ ਸੁਸ਼ਾਸਨ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ ਦਿੱਤੀ ਗਈ।

# ਪੰਜਾਬ ਪੈਨਸ਼ਨਰ ਐਸੋਸੀਏਸ਼ਨ ਦੀ ਨੰਗਲ ਇਕਾਈ ਦੀ ਮਹੀਨਾਵਾਰ ਮੀਟਿੰਗ

**ਨੰਗਲ**- ਪੰਜਾਬ ਪੈਨਸ਼ਨਰ ਐਸੋਸੀਏਸ਼ਨ ਦੀ ਨੰਗਲ ਇਕਾਈ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਤਰਸੇਮ ਲਾਲ ਸੈਣੀ ਭਨਾਮ ਦੀ ਪ੍ਰਧਾਨਗੀ ਵਿੱਚ ਪੰਡਿਤ ਰਾਮ ਕਿਸ਼ਨ ਭੜੋਲੀਆ ਯਾਦਗਾਰ ਭਵਨ ਨੰਗਲ ਵਿਖੇ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ। ਪੰਜਾਬ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 2025 ਤੱਕ 16% ਡੀ.ਏ. ਬਕਾਇਆ ਰਹਿੰਦਾ ਹੈ ਤੇ ਜਨਵਰੀ 2026 ਦਾ ਹੋਰ ਬਣਦਾ ਹੈ ਪਰ ਪੰਜਾਬ ਸਰਕਾਰ ਨੇ ਸਾਲ 2025 ਦੌਰਾਨ ਨਾ ਵਿਸਾਖੀ ਨਾ ਦੀਵਾਲੀ ਡੀ.ਏ. ਦੀ ਇਕ ਵੀ ਕਿਸ਼ਤ ਜਾਰੀ ਨਹੀਂ ਕੀਤੀ। ਅਦਾਲਤ ਦੇ ਫੈਸਲੇ ਤੋਂ ਬਾਅਦ ਵੀ ਸਰਕਾਰ ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਗੁਣਾਂਕ ਨਾਲ ਫਿਕਸ ਨਹੀਂ ਕਰ ਰਹੀ।ਸਰਕਾਰ ਵੱਲੋਂ ਪੱਤਰਕਾਰਾਂ 'ਤੇ ਐਫ ਆਈ ਆਰ ਦਰਜ ਕਰਨਾ ਸਰਕਾਰ ਦੀ ਕਮਜ਼ੋਰੀ, ਮੀਡੀਆ ਦੀ ਆਜ਼ਾਦੀ 'ਤੇ ਹਮਲਾ ਹੈ ਤੇ ਲੋਕਤੰਤਰ ਦਾ ਘਾਣ ਹੈ। ਜਥੇਬੰਦੀ ਪੱਤਰਕਾਰਾਂ ਤੇ ਹੱਕ ਮੰਗਦੇ ਲੋਕਾਂ ਨਾਲ ਸਦਾ ਖੜ੍ਹੇਗੀ। ਅਸੀਂ ਹੁਣ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਤੋਂ ਵਿਹਲੇ ਹਾਂ ਤੇ ਸਰਕਾਰ ਨਾਲ ਸਿੱਧੀ ਲੜਾਈ ਲੜਾਂਗੇ। ਇਸ ਲਈ ਸਰਕਾਰ ਨੂੰ ਬੇਨਤੀ ਹੈ ਕਿ ਸਾਡੀਆਂ ਜਾਇਜ਼ ਮੰਗਾਂ ਨੂੰ ਮੰਨ ਲਵੇ ਤੇ ਸਾਨੂੰ ਸੰਘਰਸ਼ ਲਈ ਮਜਬੂਰ ਨਾ ਕਰੇ।ਮੀਟਿੰਗ ਵਿੱਚ ਜਥੇਬੰਦੀ ਦੇ ਸਹਾਇਕ ਸਕੱਤਰ ਹਰਦਿਆਲ ਸਿੰਘ ਪਲਾਨੀ, ਵਿੱਤ ਸਕੱਤਰ ਗੁਰਚਰਨ ਕੁਮਾਰ, ਸਹਾਇਕ ਵਿੱਤ ਸਕੱਤਰ ਦੌਲਤ ਰਾਮ ਮਜਾਰੀ, ਸੀਨੀਅਰ ਮੀਤ ਪ੍ਰਧਾਨ ਸਵਰਨ ਦਾਸ, ਗੰਗਾ ਪ੍ਰਸਾਦ, ਪ੍ਰੀਤਮ ਸਿੰਘ ਰੱਕੜ, ਭਜਨ ਸਿੰਘ ਐਲਗਰਾਂ, ਤਰਸੇਮ ਸਿੰਘ ਭਲਾਣ, ਪ੍ਰਿੰ: ਸੁਖਦੇਵ ਰਾਮ, ਬਲਦੇਵ ਰਾਜ ਸੋਨੇਵਾਲ ਤੇ ਸੁਰਿੰਦਰ ਸਿੰਘ, ਮਾਸਟਰ ਰਾਮ ਪਾਲ, ਰੌਸ਼ਨ ਸਿੰਘ, ਰਾਜ ਕੁਮਾਰ, ਰਵਿੰਦਰ ਨਾਥ, ਅਨਿਲ ਕੁਮਾਰ, ਜਰਨੈਲ ਸਿੰਘ ਪਲਾਨੀ, ਜੋਗਿੰਦਰ ਸਿੰਘ, ਰੌਸ਼ਨ ਲਾਲ, ਪਰਮਜੀਤ ਸਿੰਘ ਸਿੱਧੂ, ਸੁਭਾਸ਼ ਚੰਦਰ ਸਕੋਲੀ ਆਦਿ ਤੋਂ ਸਿਹਤ ਵਿਭਾਗ ਤੋਂ ਜਰਨੈਲ ਸਿੰਘ ਸੰਧੂ ਤੇ ਵੀਰ ਸਿੰਘ ਸੰਗਤਪੁਰ ਨੇ ਹਿੱਸਾ ਲਿਆ।



# ਕੈਨੇਡਾ ਭੇਜਣ ਦੇ ਨਾਂਅ ਤੇ 10.97 ਲੱਖ ਦੀ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਖ਼ਿਲਾਫ਼ ਮਾਮਲਾ ਦਰਜ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਟਾਂਡਾ ਦੇ ਪਿੰਡ ਬੈਂਸ ਆਵਾਨ ਨਾਲ ਸੰਬੰਧਿਤ ਇੱਕ ਵਿਅਕਤੀ ਨੂੰ ਵਿਦੇਸ਼ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 10.97 ਲੱਖ ਦੀ ਠੱਗੀ ਕਰਨ ਵਾਲੇ ਇੱਕ ਟਰੈਵਲ ਏਜੰਟ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਟਾਂਡਾ ਪੁਲਿਸ ਨੇ ਇਹ ਠੱਗੀ ਦਾ ਮਾਮਲਾ ਜ਼ਿਲ੍ਹਾ ਪੁਲਿਸ ਮੁਖੀ ਨੂੰ ਦਿੱਤੀ ਗਈ ਸ਼ਿਕਾਇਤ ਤੇ ਜਾਂਚ ਪੜਤਾਲ ਉਪਰੰਤ ਇਹ ਮਾਮਲਾ ਹਰਨੇਕ ਸਿੰਘ ਪੁੱਤਰ ਮੁਨਸ਼ੀ ਰਾਮ ਵਾਸੀ ਬੈਂਸ ਪਿੰਡ ਅਵਾਨ ਵੱਲੋਂ ਦਿੱਤੀ ਗਈ ਸ਼ਿਕਾਇਤ ਉਪਰੰਤ ਗੁਰਚਰਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਭੂਲਪੁਰ ਦੇ ਖਿਲਾਫ ਦਰਜ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਹਰਨੇਕ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਗੁਰ ਚਰਨਾਂ ਸਿੰਘ ਨੇ ਉਸ ਕੋਲੋਂ ਵਿਨੇਸ਼ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 10.97 ਲੱਖ ਰੁਪਏ ਲਏ ਸਨ ਪਰੰਤੂ ਨਾ ਹੀ ਤਾਂ ਉਸਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਉਕਤ ਵਿਅਕਤੀ ਹੁਣ ਉਸਦੇ ਪੈਸੇ ਵਾਪਸ ਕਰ ਰਿਹਾ ਹੈ। ਟਾਂਡਾ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਮਾਮਲੇ ਦੀ ਹੋਰ ਲੋੜੀਂਦੀ ਤਫਤੀਸ਼ ਏ ਐੱਸ ਆਈ ਰਾਜਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# ਸਾਲਾਨਾ ਛਿੰਞ ਮੇਲੇ ਦਾ ਪੋਸਟਰ ਜਾਰੀ

**ਅਲਾਵਲਪੁਰ, ਕਿਸ਼ਨਗੜ੍ਹ, (ਬੰਗੜ, ਸੁਖਜੀਤ)**- ਨਜ਼ਦੀਕੀ ਪਿੰਡ ਬਿਆਸ ਪਿੰਡ ਵਿਖੇ ਜੈ ਬਾਬਾ ਲੱਖ ਦਾਤਾ ਜੀ ਤੇ ਜੈ ਬਾਬਾ ਮੱਲ ਜੀ ਮਡਾਰ ਗੋਤ ਜਠੇਰੇ, ਛਿੰਞ ਮੇਲਾ ਪ੍ਰਬੰਧਕ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਰਬ ਸਾਂਝੇ ਸਹਿਯੋਗ ਨਾਲ ਦੁਆਬੇ ਦਾ ਪੁਰਾਤਨ ਸਲਾਨਾ ਦੋ ਦਿਨਾਂ ਛਿੰਞ ਮੇਲਾ 15 ਅਤੇ 16 ਜਨਵਰੀ ਨੂੰ ਬਾਬਾ ਲੱਖ ਦਾਤਾ ਜੀ ਅਤੇ ਬਾਬਾ ਮੱਲ ਜੀ ਦੇ ਪਾਵਨ ਅਸਥਾਨ ਬਿਆਸ ਪਿੰਡ 'ਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਛਿੰਞ ਮੇਲੇ ਦਾ ਪੋਸਟਰ ਜਾਰੀ ਕਰਨ ਮੌਕੇ ਸਮੂਹ ਪ੍ਰਬੰਧਕਾਂ ਤੇ ਪਿੰਡ ਦੇ ਪਤਵੰਤੇ ਸੱਜਣਾ ਨੇ ਸਾਂਝੇ ਤੌਰ ਤੇ ਦੱਸਿਆ ਕਿ 15 ਜਨਵਰੀ ਨੂੰ ਸਵੇਰੇ ਦਰਬਾਰ ਤੇ ਝੰਡੇ ਦੀ ਰਸਮ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਅਰਦਾਸ ਉਪਰੰਤ ਵਿਸ਼ਾਲ ਕੀਰਤਨ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਵੱਖ-ਵੱਖ ਗਾਇਕ ਕਲਾਕਾਰ ਤੇ ਕੀਰਤਨੀ ਜਥੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਮਹਿਮਾ ਦਾ ਗੁਣਗਾਨ ਕਰਨਗੇ। ਬਾਅਦ ਦੁਪਹਿਰ 1 ਵਜੇ ਦਰਬਾਰ ਦੇ ਸਾਹਮਣੇ ਖੁੱਲੇ ਕੁਸ਼ਤੀ ਅਖਾੜੇ 'ਚ ਪੰਜਾਬ ਤੇ ਬਾਹਰੀ ਰਾਜਾਂ ਦੇ ਨਾਮਵਾਰ ਪਹਿਲਵਾਨਾਂ ਦਾ ਕੁਸ਼ਤੀ ਦੰਗਲ ਦੇ ਮਹਾਕੁੰਭ ਦਾ ਸ਼ੁਭ ਆਰੰਭ ਸੰਤ ਪ੍ਰਦੀਪ ਦਾਸ ਢੇਪੁਰ ਕੂਪਰ ਵਾਲਿਆਂ ਵੱਲੋਂ ਅਖਾੜੇ 'ਚ ਤੇਲ ਚੁਆਈ ਉਪਰੰਤ ਹੋਵੇਗਾ। ਪਟਕੇ ਦੀ ਪਹਿਲੀ ਕੁਸ਼ਤੀ ਜਲਾਲ ਇਰਾਨੀ ਤੇ ਗੌਰਵ ਮਾਛੀਵਾੜਾ ਵਿਚਕਾਰ ਤੇ ਪਟਕੇ ਦੀ ਦੂਸਰੀ ਕੁਸ਼ਤੀ ਮਿਰਜ਼ਾ ਇਰਾਨੀ ਤੇ ਸ਼ੇਰਾ ਗੁੱਜਰ ਵਿਚਕਾਰ ਹੋਵੇਗੀ। ਪ੍ਰਬੰਧਕਾਂ ਨੇ ਅੱਗੇ ਦੱਸਿਆ ਕਿ ਛਿੰਞ ਮੇਲੇ 'ਚ ਪਹਿਲੇ ਪਟਕੇ ਦੀ ਕੁਸ਼ਤੀ ਡਾ. ਗੁਰਬੀਰ ਸਿੰਘ ਗਿੱਲ ਤੇ ਇਸ ਦਾ ਦੂਸਰਾ ਇਨਾਮ ਰਾਮ ਨਾਥ ਸੋਂਧੀ ਕਨੇਡਾ ਵਾਲਿਆ ਤੇ ਦੂਜੇ ਪਟਕੇ ਦੀ ਪਹਿਲੀ ਕੁਸ਼ਤੀ ਦਾ ਨਾਮ ਗੁਰਨਾਮ ਚੰਦ ਮਡਾਰ ਪਿੰਡ ਢੀਂਡਸਾ ਤੇ ਇਸ ਕੁਸਤੀ ਦਾ ਦੂਸਰਾ ਇਨਾਮ ਦਲਜੀਤ ਸਿੰਘ ਅਤੇ ਬਲਜਿੰਦਰ ਸਿੰਘ ਵੱਲੋਂ ਦਿਤਾ ਜਾਵੇਗਾ। ਇਨਾਮਾਂ ਦੀ ਵੰਡ ਜੇਤੂ ਪਹਿਲਵਾਨਾਂ ਨੂੰ ਸਮੁੱਚੀ ਛਿੰਞ ਮੇਲਾ ਪ੍ਰਬੰਧਕ ਕਮੇਟੀ ਵਾਲੇ ਆਏ ਹੋਏ ਮਹਿਮਾਨਾਂ ਦੀ ਸਾਂਝੀ ਸਮੂਲੀਅਤ ਵਿੱਚ ਕੀਤੀ ਜਾਵੇਗੀ।



# ਪੇਂਡੂ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਲਈ ਸਰਕਾਰ ਵਚਨਬੱਧ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਓ ਪੀ ਰਾਣਾ)**- ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਪਿੰਡ ਸ਼ੇਰਪੁਰ ਖਾਸ ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ ਅਤੇ ਉਨ੍ਹਾਂ ਨੇ ਪੀਣ ਵਾਲੇ ਪਾਣੀ, ਸੀਵਰੇਜ, ਸਿੱਖਿਆ ਅਤੇ ਖੇਡ ਸਹੂਲਤਾਂ ਨਾਲ ਸੰਬੰਧਤ ਆਪਣੀਆਂ ਮੰਗਾਂ ਮੰਤਰੀ ਅੱਗੇ ਰੱਖੀਆਂ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਸਿਰਫ਼ ਯੋਜਨਾਵਾਂ ਬਣਾਉਣਾ ਹੀ ਨਹੀਂ ਹੈ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਪਿੰਡ ਸ਼ੇਰਪੁਰ ਖਾਸ ਵਿੱਚ ਇਕ ਨਵੇਂ ਆਂਗਨਵਾੜੀ ਕਮਰੇ ਦੀ ਉਸਾਰੀ ਦਾ ਕੰਮ ਬਹੁਤ ਜਲਦੀ ਸ਼ੁਰੂ ਕੀਤਾ ਜਾਵੇਗਾ, ਤਾਂ ਜੋ ਛੋਟੇ ਬੱਚਿਆਂ ਅਤੇ ਔਰਤਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਦੇ ਨਾਲ ਹੀ ਪਿੰਡ ਵਿੱਚ ਸੀਵਰੇਜ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਸਫ਼ਾਈ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਕੰਮ ਵੀ ਜਲਦੀ ਸ਼ੁਰੂ ਕੀਤੇ ਜਾਣਗੇ।ਕੈਬਨਿਟ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਖੇਡ ਮੈਦਾਨ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੇਡ ਸਹੂਲਤਾਂ ਦਾ ਵਿਕਾਸ ਨਾ ਸਿਰਫ਼ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਿਆਵੇਗਾ ਬਲਕਿ ਖੇਡ ਜਗਤ ਵਿੱਚ ਪਿੰਡ ਦਾ ਮਾਣ ਵੀ ਵਧਾਏਗਾ।ਡਾ. ਰਵਜੋਤ ਸਿੰਘ ਨੇ ਸਪੱਸ਼ਟ ਕੀਤਾ ਕਿ ਸਰਕਾਰ ਪਿੰਡਾਂ ਦੀ ਤਸਵੀਰ ਅਤੇ ਕਿਸਮਤ ਨੂੰ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿੰਡ ਦੇ ਸਰਵਪੱਖੀ ਵਿਕਾਸ ਲਈ ਸਾਰੇ ਵਿਭਾਗਾਂ ਵਿਚਕਾਰ ਤਾਲਮੇਲ ਰਾਹੀਂ ਵਿਕਾਸ ਕਾਰਜ ਸਮੇਂ ਸਿਰ ਪੂਰੇ ਕੀਤੇ ਜਾਣਗੇ। ਉਨ੍ਹਾਂ ਪਿੰਡ ਵਾਸੀਆਂ ਨੂੰ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੀ ਅਪੀਲ ਵੀ ਕੀਤੀ।



# ਪੰਜਾਬ ਪੈਨਸ਼ਨਰਜ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਪੈਨਸ਼ਨਰਜ਼ ਮਹਾ ਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨ ਘਰ ਵਿਖੇ ਹੋਈ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿਛੜੇ ਸਾਥੀ ਰਘਬੀਰ ਸਿੰਘ ਸਲੇਮਪੁਰ, ਅੰਮ੍ਰਿਤਪਾਲ ਸਿੰਘ ਗੱਗੋਂ ਅਤੇ ਜਸਮੇਰ ਕੌਰ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਜਿਨ੍ਹਾਂ ਮੈਂਬਰਾਂ ਦਾ ਜਨਮ ਦਿਨ ਇਸ ਮਹੀਨੇ ਆਉਂਦਾ ਹੈ, ਨੂੰ ਸਨਮਾਨਤ ਕੀਤਾ ਗਿਆ। ਸੰਘ ਦੇ ਜਨਰਲ ਸਕੱਤਰ ਲਛਮਣ ਸਿੰਘ ਅਤੇ ਸੀਨੀਅਰ ਮੈਂਬਰ ਪਵਨ ਕੁਮਾਰ ਨੇ ਦੱਸਿਆ ਕਿ ਵੱਖ-ਵੱਖ ਬੁਲਾਰਿਆਂ ਪ੍ਰਿੰਸੀਪਲ ਮੋਹਨ ਸਿੰਘ, ਲੈਕਚਰਾਰ ਸੁਰਿੰਦਰਜੀਤ ਵਰਮਾ, ਸੁਰਿੰਦਰਪਾਲ ਸਿੰਘ, ਕੈਪਟਨ ਹਰਪਾਲ ਸਿੰਘ, ਪ੍ਰਗਟ ਸਿੰਘ, ਜਸਵੰਤ ਸਿੰਘ, ਲੈਕਚਰਾਰ ਅਵਤਾਰ ਸਿੰਘ ਅਤੇ ਪ੍ਰਿੰਸੀਪਲ ਅਮਰਜੀਤ ਸਿੰਘ ਕੰਗ ਪ੍ਰਧਾਨ ਸੀਨੀਅਰ ਸਿਟੀਜ਼ਨ ਕੌਂਸਲ ਮੋਰਿੰਡਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ ਪੈਨਸ਼ਨਰਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦਾ ਬਕਾਇਆ ਉਨ੍ਹਾਂ ਦੇ ਵਾਰਿਸਾਂ ਨੂੰ ਤੁਰੰਤ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਜਬਰਦਸ਼ਤ ਰੋਸ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਮਹਿੰਗਾਈ ਭੱਤੇ ਦੀਆਂ ਰਹਿੰਦੀਆਂ 5 ਕਿਸ਼ਤਾਂ ਵਿੱਚੋਂ ਸਾਲ 2025 ਵਿੱਚ ਇਕ ਵੀ ਕਿਸ਼ਤ ਨਹੀਂ ਦਿੱਤੀ ਗਈ, ਜਿਸ ਦੀ ਸਮੂਹ ਮੈਂਬਰ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਨ। ਪੈਨਸ਼ਨਰਜ਼ਾਂ ਨੇ ਚਿਤਾਵਨੀ ਦਿੱਤੀ ਕਿ 2027 ਵਿੱਚ ਸਰਕਾਰ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ, ਕਿਉਂਕਿ ਸਰਕਾਰ ਵੱਲੋਂ ਮੰਗਾਂ ਤਾਂ ਕੀ ਮੰਨਣੀਆਂ ਸਨ, ਮੀਟਿੰਗਾਂ ਕਰਨ ਤੋਂ ਵੀ ਭੱਜ ਰਹੀ ਹੈ। ਸਮੂਹ ਮੈਂਬਰਾਂ ਨੇ ਕੇਂਦਰ ਸਰਕਾਰ ਦੀ ਤਰਜ਼ 'ਤੇ ਡੀ ਏ 42 ਫ਼ੀਸਦ ਦੀ ਥਾਂ 58 ਫ਼ੀਸਦ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਜਾਰੀ ਨਹੀਂ ਕੀਤਾ ਗਿਆ ਭਾਵ 16 ਫ਼ੀਸਦ ਡੀ ਏ ਦਾ ਰਹਿੰਦਾ ਬਕਾਇਆ ਤੁਰੰਤ ਦੇਣ ਦੀ ਵੀ ਮੰਗ ਕੀਤੀ। ਇਸ ਮੌਕੇ ਨੌਹਰੀਆ ਸਿੰਘ, ਕਿਸ਼ੋਰ ਸਿੰਘ, ਗੁਰਦਿਆਲ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਕੌਰ, ਹਰਜੀਤ ਕੌਰ, ਮਨਜੀਤ ਕੌਰ, ਗੁਰਦੀਪ ਕੌਰ, ਮਾਨ ਸਿੰਘ ਸੁਰਜੀਤ ਸਿੰਘ, ਮਾਸਟਰ ਅਵਤਾਰ ਸਿੰਘ, ਗੁਰਨਾਮ ਸਿੰਘ, ਹਾਕਮ ਸਿੰਘ ਅਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।



# ਜੁਲਾਈ ਤੋਂ ਦਸੰਬਰ 2025 ਤੱਕ 3.70 ਲੱਖ ਤੋਂ ਵੱਧ ਰਜਿਸਟਰੀਆਂ ਹੋਈਆਂ ਦਰਜ : ਮੁੰਡੀਆਂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ 'ਈਜ਼ੀ ਰਜਿਸਟਰੀ' ਪਹਿਲਕਦਮੀ ਪੰਜਾਬ ਦੀ ਜਾਇਦਾਦ ਰਜਿਸਟ੍ਰੇਸ਼ਨ ਪ੍ਰਣਾਲੀ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋਈ ਹੈ ਜਿਸ ਨਾਲ ਸੂਬੇ ਭਰ ਵਿੱਚ ਮਜ਼ਬੂਤ ਅਤੇ ਲਗਾਤਾਰ ਸਾਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ।ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਜੁਲਾਈ 2025 ਵਿੱਚ ਇਸ ਦੀ ਸ਼ੁਰੂਆਤ ਤੋਂ ਲੈ ਕੇ ਦਸੰਬਰ 2025 ਤੱਕ ਕੁੱਲ 370967 ਰਜਿਸਟਰੀਆਂ ਕੀਤੀਆਂ ਗਈਆਂ, ਜੋ ਪਾਰਦਰਸ਼ੀ, ਭ੍ਰਿਸ਼ਟਾਚਾਰ-ਮੁਕਤ ਸ਼ਾਸਨ ਅਤੇ ਨਾਗਰਿਕ-ਪੱਖੀ ਸੇਵਾਵਾਂ ਵੱਲ ਇੱਕ ਵੱਡਾ ਕਦਮ ਹੈ।



# ਫੁੱਟਬਾਲ ਗਰਾਊਂਡ ਲਈ 30 ਲੱਖ ਦੀ ਗ੍ਰਾਂਟ ਜਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੀ ਖੇਡ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਦਿਸ਼ਾ ਵਿੱਚ ਚੱਬੇਵਾਲ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਪਿੰਡ ਰਾਜਪੁਰ ਭਾਈਆਂ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਫੁੱਟਬਾਲ ਗ੍ਰਾਊਂਡ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਨੇ ਨੌਜਵਾਨਾਂ ਨਾਲ ਮਿਲ ਕੇ ਫੁੱਟਬਾਲ ਖੇਡ ਕੇ ਨਾ ਸਿਰਫ਼ ਉਨ੍ਹਾਂ ਦਾ ਹੌਸਲਾ ਵਧਾਇਆ, ਸਗੋਂ ਖੇਡਾਂ ਪ੍ਰਤੀ ਸਰਕਾਰ ਦੀ ਗੰਭੀਰਤਾ ਦਾ ਵੀ ਸਾਫ਼ ਸੰਦੇਸ਼ ਦਿੱਤਾ। ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪੰਚਾਇਤ ਮੈਂਬਰ, ਨੌਜਵਾਨ ਖਿਡਾਰੀ ਅਤੇ ਹੋਰ ਮਾਣਯੋਗ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਪਸ਼ਟ ਨੀਤੀ ਹੈ ਕਿ ਹਰ ਪਿੰਡ ਵਿੱਚ ਖੇਡਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾਵੇ, ਤਾਂ ਜੋ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਦਰਸਾਉਣ ਦੇ ਪੂਰੇ ਮੌਕੇ ਮਿਲ ਸਕਣ। ਵਿਧਾਇਕ ਨੇ ਦੱਸਿਆ ਕਿ ਰਾਜਪੁਰ ਭਾਈਆਂ ਦੇ ਇਸ ਗਰਾਊਂਡ ਵਿੱਚ ਸਮਤਲੀਕਰਨ, ਬੈਠਣ ਦੀ ਸੁਵਿਧਾ ਤੇ ਲੋੜੀਂਦੇ ਖੇਡ ਸਾਧਨਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਤਾਂ ਜੋ ਖਿਡਾਰੀ ਸੁਧਰੇ ਹੋਏ ਮਾਹੌਲ ਵਿੱਚ ਅਭਿਆਸ ਕਰ ਸਕਣ। ਨੀਂਹ ਪੱਥਰ ਰੱਖਣ ਤੋਂ ਬਾਅਦ ਜਦੋਂ ਵਿਧਾਇਕ ਖੁਦ ਫੁੱਟਬਾਲ ਖੇਡਣ ਲਈ ਮੈਦਾਨ ਵਿੱਚ ਉਤਰੇ ਤਾਂ ਨੌਜਵਾਨਾਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ। ਨੌਜਵਾਨਾਂ ਨੇ ਕਿਹਾ ਕਿ ਡਾ. ਈਸ਼ਾਂਕ ਨੂੰ ਆਪਣੇ ਨਾਲ ਖੇਡਦੇ ਦੇਖ ਕੇ ਉਨ੍ਹਾਂ ਦਾ ਮਨੋਬਲ ਕਈ ਗੁਣਾ ਵਧ ਗਿਆ। ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਇਸ ਵਿਸ਼ੇਸ਼ ਗ੍ਰਾਂਟ ਲਈ ਡਾ. ਈਸ਼ਾਂਕ ਕੁਮਾਰ ਦਾ ਧੰਨਵਾਦ ਕੀਤਾ।



# ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਕਾਰਜਾਂ ਸੰਬੰਧੀ ਸਮੀਖਿਆ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਸੋਨਮ ਚੌਧਰੀ, ਵਧੀਕ ਡਿਪਟੀ ਕਮਿਸ਼ਨਰ ਐੱਸ ਏ ਐੱਸ ਨਗਰ ਵੱਲੋਂ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡੀ ਡੀ ਪੀ ਓ, ਬੀ ਡੀ ਪੀ ਓ, ਪੰਚਾਇਤ ਸਕੱਤਰ ਅਤੇ ਮਗਨਰੇਗਾ ਸਟਾਫ (ਏ ਪੀ ਓ, ਟੀ ਏ ਤੇ ਜੀ ਆਰ ਐੱਸ) ਹਾਜ਼ਰ ਹੋਏ। ਮੀਟਿੰਗ ਦੌਰਾਨ ਏ ਡੀ ਸੀ ਵੱਲੋਂ 15ਵੇਂ ਵਿੱਤ ਕਮਿਸ਼ਨ ਦੇ ਫੰਡਾਂ ਬਾਰੇ ਸਾਰੇ ਪੰਚਾਇਤ ਸਕੱਤਰਾਂ ਨਾਲ ਵਿਸਥਾਰ ਵਿੱਚ ਚਰਚਾ ਕੀਤੀ ਗਈ ਤੇ ਕਈ ਪਿੰਡਾਂ ਵਿੱਚ ਜਿਥੇ ਫੰਡ ਹੁਣ ਤੱਕ ਖਰਚ ਨਹੀਂ ਕੀਤੀ ਗਏ ਉਨ੍ਹਾਂ ਬਾਰੇ ਪੰਚਾਇਤ ਸਕੱਤਰਾਂ ਤੋਂ ਕਾਰਨ ਪੁਛਿਆ ਗਿਆ। ਜਿਸ ਬਾਰੇ ਦਸਿਆ ਗਿਆ ਕਿ ਸਾਰੇ ਪਿੰਡਾਂ ਵਿੱਚ ਕੰਮ ਚਲ ਰਹੇ ਹਨ, ਜੋ 15ਵੇਂ ਵਿੱਤ ਕਮਿਸ਼ਨ ਦੇ ਫੰਡ ਅਣਵਰਤੇ ਪਏ ਹਨ, ਉਹ ਸਾਰੇ ਫੰਡ ਜਲਦ ਹੀ ਖਰਚ ਕਰ ਦਿੱਤੇ ਜਾਣਗੇ। ਇਸ ਉਪਰੰਤ ਪਿੰਡਾਂ ਵਿੱਚ ਖੇਡ ਦੇ ਮੈਦਾਨ ਬਣਾਉਣ ਲਈ ਚਲ ਰਹੇ ਕੰਮਾਂ ਬਾਰੇ ਚਰਚਾ ਕੀਤੀ ਗਈ। ਏ.ਡੀ.ਸੀ ਵੱਲੋਂ ਸਮੂਹ ਜੀ.ਆਰ.ਐਸ ਨੂੰ ਹਦਾਇਤ ਕੀਤੀ ਗਈ ਕਿ ਜਲਦ ਤੋਂ ਜਲਦ ਸਾਰੇ ਖੇਡ ਮੈਦਾਨਾ ਦੇ ਕੰਮ ਮੁਕੰਮਲ ਕੀਤੇ ਜਾਣ ਅਤੇ ਹੋਰ ਪਿੰਡਾਂ ਵਿੱਚ ਵੀ ਖੇਡ ਦੇ ਮੈਦਾਨ ਬਣਾਉਣ ਬਾਰੇ ਕਾਰਵਾਈ ਆਰੰਭ ਕੀਤੀ ਜਾਵੇ। ਇਸੇ ਤਰ੍ਹਾ ਪਿੰਡਾਂ ਵਿੱਚ ਸੋਲਿਡ ਵੇਸਟ ਮੈਨਜਮੈਂਟ ਦੇ ਚਲਦੇ ਕੰਮ ਨੂੰ ਜਲਦ ਤੋ ਜਲਦ ਮੁਕੰਮਲ ਕਰਵਾਉਣ ਲਈ ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਗਈ।



# ਪਿੰਡਾਂ ਦੇ ਲੋਕ ਇਕੱਠੇ ਹੋ ਕੇ ਗੈਰ-ਕਾਨੂੰਨੀ ਮਾਇਨਿੰਗ ਦਾ ਵਿਰੋਧ ਕਰਨ, ਵੱਖ-ਵੱਖ ਪਾਰਟੀਆਂ ਦੀ ਮੰਗ

**ਭਲਾਣ (ਹਰਭਜਨ ਢਿੱਲੋਂ)**- ਪੰਜਾਬ ਵਿੱਚ ਹੋ ਰਹੀ ਨਜਾਇਜ਼ ਮਾਇਨਿੰਗ ਨੂੰ ਰੋਕਣ ਲਈ ਅਲੱਗ ਅਲੱਗ ਪਾਰਟੀਆਂ ਸੀ ਪੀ ਆਈ, ਸੀ ਪੀ ਆਈ ਪੀ (ਐਮ), ਕਾਂਗਰਸ, ਅਕਾਲੀ, ਬੀਜੇਪੀ ਅਤੇ ਹਿਮਾਚਲ ਪ੍ਰਦੇਸ਼ ਦੇ ਜੁਝਾਰੂ ਲੋਕ ਪਿੰਡ ਬੇਲਾ ਰਾਮਗੜ੍ਹ ਵਿੱਚ ਇਕੱਠੇ ਹੋਏ। ਜਿਸ ਵਿੱਚ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਮਹਾਂ ਸਿੰਘ ਰੋੜੀ, ਬਚਿੱਤਰ ਸਿੰਘ ਚਮਕੌਰ ਸਾਹਿਬ, ਧਰਮਿੰਦਰ ਮੁਕੇਰੀਆਂ, ਰੋਹਤ ਕਠਵਾਲ ਹਿਮਾਚਲ ਪ੍ਰਦੇਸ਼, ਕੁੱਲ ਭੂਸ਼ਣ, ਭਗਵੰਤ ਸਿੰਘ ਮਟੌਰ, ਹਰਜਾਪ ਸਿੰਘ ਹਾਜੀਪੁਰ, ਬਲਬੀਰ ਸਿੰਘ ਸ਼ਾਹਪੁਰ ਬੇਲਾ, ਰਮੇਸ਼ ਦਸਗਰਾਂਈ ਕਾਂਗਰਸ, ਅਕਾਲੀ ਦਲ ਤੋਂ ਐੱਸ ਜੀ ਪੀ ਸੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਯੋਗ ਰਾਜ ਸ਼ਰਮਾ ਬੀ ਜੇ ਪੀ, ਕਾਮਰੇਡ ਦਵਿੰਦਰ ਸਿੰਘ ਨੰਗਲੀ, ਟਿੱਕਾ ਜਸਵੀਰ ਚੰਦ ਭਲਾਣ ਅਤੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਨੇ ਲੋਕਾਂ ਨੂੰ ਸਾਂਝੇ ਤੌਰ ਤੇ ਸੰਬੋਧਨ ਕਰਦਿਆਂ ਕਿਹਾ ਕਿ ਨਜਾਇਜ਼ ਮਾਈਨਿੰਗ ਨਾਲ ਜਮੀਨਾਂ ਖਤਮ ਹੋ ਰਹੀਆਂ ਅਤੇ ਪਾਣੀ ਦਾ ਪੱਧਰ ਥੱਲੇ ਨੂੰ ਜਾ ਰਿਹਾ ਹੈ। ਸਵਾਂ ਨਦੀ ਤੇ ਸ਼ਿਵਾਲਕ ਦੀਆਂ ਪਹਾੜੀਆਂ ਉੱਤੇ ਨਜਾਇਜ਼ ਮਾਈਨਿੰਗ ਨਹੀਂ ਹੋਣ ਦਿਆਂਗੇ। ਉਹਨਾਂ ਕਿਹਾ ਜੇਕਰ ਮੌਜੂਦਾ ਸਰਕਾਰ ਡੀ ਸਿਲਟਿੰਗ ਦੇ ਨਾਂ ਉੱਤੇ ਸਤਲੁਜ ਦਰਿਆ ਦੀ ਮਾਈਨਿੰਗ ਕਰੇਗੀ ਤਾਂ ਉਸ ਨੂੰ ਵੀ ਰੋਕਿਆ ਜਾਵੇਗਾ। ਉਹਨਾਂ ਨਜਾਇਜ਼ ਪਰਚਿਆਂ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਪਿੰਡਾਂ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪਿੰਡਾਂ ਵਿੱਚ ਇਕੱਠੇ ਹੋ ਕੇ ਗੈਰ ਕਾਨੂੰਨੀ ਮਾਇਨਿੰਗ ਦਾ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਨਜਾਇਜ਼ ਮਾਇਨਿੰਗ ਨੂੰ ਰੋਕਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਰੋਪੜ ਤੋਂ ਵਿਧਾਇਕ ਦਿਨੇਸ਼ ਚੱਢਾ ਅਤੇ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਮਾਇਨਿੰਗ ਰੋਕਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਜੇਕਰ ਨਜਾਇਜ਼ ਮਾਇਨਿੰਗ ਨਾ ਰੁਕੀ ਤਾਂ 19 ਜਨਵਰੀ ਦਿਨ ਸੋਮਵਾਰ ਨੂੰ ਮਾਇਨਿੰਗ ਅਫਸਰ ਸ੍ਰੀ ਅਨੰਦਪੁਰ ਸਾਹਿਬ ਦੇ ਦਫਤਰ ਮੂਹਰੇ ਧਰਨਾ ਦਿੱਤਾ ਜਾਵੇਗਾ। ਜਿਸ ਵਿੱਚ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਪੱਧਰ ਤੇ ਸਾਂਝੀ ਕਮੇਟੀ ਬਣਾਈ ਜਾਵੇਗੀ ਜਿਸ ਨਾਲ ਨਜਾਇਜ਼ ਹੋ ਰਹੇ ਕੰਮਾਂ ਨੂੰ ਰੋਕਣ ਦੇ ਨਾਲ ਨਾਲ ਟਰਾਂਸਪੋਰਟ ਸੋਸਾਇਟੀਆਂ ਵੀ ਭੰਗ ਨਹੀਂ ਹੋਣ ਦਿੱਤੀਆਂ ਜਾਣਗੀਆਂ। ਇਸ ਮੌਕੇ ਐਡਵੋਕੇਟ ਵਿਸ਼ਾਲ ਸੈਣੀ,ਰਣਵੀਰ ਸਿੰਘ ਬੇਲਾ, ਸਾਬਕਾ ਸਰਪੰਚ ਹਰਪਾਲ ਸਿੰਘ ਭੱਲੜੀ, ਸਰਪੰਚ ਗੁਰਚਰਨ ਸਿੰਘ ਸੋਢੀ, ਜਸਵਿੰਦਰ ਸਿੰਘ ਬੇਲਾ, ਬਖਸ਼ੀਸ਼ ਸਿੰਘ ਹਾਜੀਪੁਰ, ਰਾਜ ਕੁਮਾਰ ਭੀਖਾਪੁਰ, ਡਾਕਟਰ ਜੀਵਨ ਕੁਮਾਰ, ਕੰਵਰ ਪੋਸਵਾਲ, ਪ੍ਰਧਾਨ ਬਲਵਿੰਦਰ ਸਿੰਘ ਬੇਲਾ ਰਾਮਗੜ੍ਹ, ਓਕਾਰ ਸਿੰਘ ਮਜਾਰੀ, ਸਾਬਕਾ ਸਰਪੰਚ ਸੰਜੂ ਭਲਾਣ, ਜਰਨੈਲ ਸਿੰਘ ਭੜੀ, ਸਰਪੰਚ ਰਣਜੀਤ ਕੌਰ, ਸੂਬੇਦਾਰ ਕੁਲਵੰਤ ਸਿੰਘ ਭਲਾਣ, ਸਾਬਕਾ ਸਰਪੰਚ ਕਰਮ ਸਿੰਘ ਬੇਲਾ, ਨੰਬਰਦਾਰ ਜਸਵਿੰਦਰ ਸਿੰਘ ਬੇਲਾ ਅਤੇ ਪ੍ਰਧਾਨ ਕਮਲ ਸਿੰਘ ਮਜਾਰੀ ਤੋਂ ਇਲਾਵਾ ਲੋਕਾਂ ਦਾ ਵੱਡਾ ਇਕੱਠ ਸੀ।



# ਸਰਕਾਰੀ ਸਿਹਤ ਸੰਸਥਾਵਾਂ 'ਚ ਮਨਾਇਆ ਮਾਤ੍ਰਤਵ ਦਿਵਸ

**ਮੋਹਾਲੀ, (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ (ਪੀ ਐੱਮ ਐੱਸ ਐੱਮ ਏ) ਦਿਵਸ ਮਨਾਇਆ ਗਿਆ, ਜਿਸ ਤਹਿਤ ਇਸਤਰੀ ਰੋਗਾਂ ਦੇ ਮਾਹਰ ਡਾਕਟਰਾਂ ਵਲੋਂ ਗਰਭਵਤੀ ਔਰਤਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਜਣੇਪੇ ਸਬੰਧੀ ਜਾਣਕਾਰੀ ਦਿਤੀ ਗਈ। ਜ਼ਿਕਰਯੋਗ ਹੈ ਕਿ ਹਰ ਗਰਭਵਤੀ ਔਰਤ ਦੇ ਚਾਰ ਏ ਐੱਨ ਸੀ ਚੈਕਅੱਪ ਜ਼ਰੂਰੀ ਹਨ ਜਿਹੜੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦਸਿਆ ਕਿ ਇਸ ਪ੍ਰੋਗਰਾਮ ਤਹਿਤ ਹਰ ਮਹੀਨੇ ਦੀ 9 ਤਰੀਕ ਤੇ 23 ਤਰੀਕ ਨੂੰ ਗਰਭਵਤੀ ਔਰਤਾਂ ਖ਼ਾਸਕਰ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦੂਜੀ ਅਤੇ ਤੀਜੀ ਤਿਮਾਹੀ ਵਾਲੀਆਂ ਗਰਭਵਤੀ ਔਰਤਾਂ ਦੀ ਜਾਂਚ ਕਰਨਾ ਅਤੇ ਹਾਈਰਿਸਕ ਗਰਭਵਤੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਹੀ ਇਲਾਜ ਪ੍ਰਦਾਨ ਕਰਨਾ ਹੈ।



# ਦੋ ਦੇਸੀ ਪਿਸਟਲ ਤੇ ਜ਼ਿੰਦਾ ਰੌਂਦ ਸਮੇਤ ਦੋ ਕਾਬੂ

**ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)**- ਗੌਰਵ ਤੂਰਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੇ ਪ੍ਰੈੱਸ ਦੇ ਨਾਮ ਲਿਖਤੀ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਡੀ ਜੀ ਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਖਿਲਾਫ ਚਲਾਈ ਵਿਸ਼ੇਸ਼ ਮੁਹਿੰਮ ਵਿੱਚ ਕਾਰਵਾਈ ਕਰਨ ਲਈ ਪ੍ਰਭਜੋਤ ਸਿੰਘ ਵਿਰਕ, ਪੁਲਸ ਕਪਤਾਨ (ਇਨਵੈਸਟੀਗੇਸ਼ਨ) ਕਪੂਰਥਲਾ, ਹਰਗੁਰਦੇਵ ਸਿੰਘ, ਉਪ ਪੁਲਿਸ ਕਪਤਾਨ (ਡਿਟੇਕਟਿਵ) ਕਪੂਰਥਲਾ ਤੇ ਐਸ.ਆਈ ਰਮਨ ਕੁਮਾਰ ਇੰਚਾਰਜ ਸੀ.ਆਈ.ਏ ਸਟਾਫ ਕਪੂਰਥਲਾ ਨੂੰ ਸਪੈਸ਼ਲ ਹਦਾਇਤਾਂ ਦਿੱਤੀਆਂ ਗਈਆਂ ਸਨ। ਜਿਸ ਤਹਿਤ ਕਾਰਵਾਈ ਕਰਦਿਆਂ ਹੋਇਆ ਏ ਐੱਸ ਆਈ ਹਰਜਿੰਦਰ ਸਿੰਘ ਸੀ.ਆਈ.ਏ ਕਪੂਰਥਲਾ ਨੇ ਸਮੇਤ ਪੁਲਸ ਪਾਰਟੀ ਦੌਰਾਨ ਗਸ਼ਤ ਪਿੰਡ ਆਰੀਆਂਵਾਲ ਨੇੜਿਓਂ ਬੋਬੀ ਪੁੱਤਰ ਰਾਜ ਕੁਮਾਰ ਵਾਸੀ ਰੇਹਾਣਾ ਮਸੰਦਾ ਥਾਣਾ ਮਕਸੂਦਾਂ ਜ਼ਿਲ੍ਹਾ ਜਲੰਧਰ ਅਤੇ ਹਰਪ੍ਰੀਤ ਸਿੰਘ ਉਰਫ ਵੀਰੂ ਪੁੱਤਰ ਸਰਬਜੀਤ ਸਿੰਘ ਉਰਫ ਸ਼ੱਬਾ ਵਾਸੀ ਪਲਾਸੌਰ ਥਾਣਾ ਸਦਰ ਤਰਨਤਾਰਨ ਨੂੰ ਕਾਬੂ ਕਰਕੇ ਤਲਾਸ਼ੀ ਕਰਨ ਤੇ ਬੋਬੀ ਉਰਫ ਪਾਸੋਂ ਦੋ ਦੇਸੀ ਪਿਸਟਲ ਬੱਤੀ ਬੋਰ ਅਤੇ ਇੱਕ ਜ਼ਿੰਦਾ ਰੌਂਦ ਬਰਾਮਦ ਹੋਇਆ ਅਤੇ ਹਰਪ੍ਰੀਤ ਸਿੰਘ ਉਰਫ ਵੀਰੂ ਦੀ ਤਲਾਸ਼ੀ ਕਰਨ ਤੇ ਦੋ ਦੇਸੀ ਪਿਸਟਲ ਬੱਤੀ ਬੋਰ ਸਮੇਤ ਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਜਿਸ ਸਬੰਧੀ ਅਸਲਾ ਐਕਟ ਥਾਣਾ ਸਦਰ ਕਪੂਰਥਲਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ।ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਜਿਹਨਾਂ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ ਕਿ ਇਹ ਨਾਜਾਇਜ਼ ਅਸਲੇ ਕਿਸ ਪਾਸੋਂ ਖਰੀਦ ਕੇ ਲਿਆਏ ਹਨ ਅਤੇ ਇਹਨਾਂ ਨੇ ਇਹਨਾਂ ਅਸਲਿਆਂ ਨਾਲ ਕਿਹੜੀ-ਕਿਹੜੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਜਿਸ ਨਾਲ ਹੋਰ ਵੀ ਅਹਿਮ ਖੁਲਾਸੇ ਤੇ ਬਰਾਮਦਗੀ ਹੋਣ ਦੀ ਸੰਭਾਵਨਾ ਹੈ।



# ਬੀਬੀ ਗੁਰਦੇਵ ਕੌਰ ਨੂੰ ਰਾਜਨੀਤਕ ਤੇ ਧਾਰਮਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਆਦਮਪੁਰ (ਪਰਮਜੀਤ ਸਿੰਘ)**- 'ਆਪ' ਆਗੂ ਤੇ ਪ੍ਰਧਾਨ ਪੀ ਕੇ ਯੂ ਯੂਨੀਅਨ ਖੋਸਾ ਦਿਹਾਤੀ ਜਲੰਧਰ ਤੇ ਸਰਪੰਚ ਪਤੀ ਤਰਸੇਮ ਸਿੰਘ ਕੋਟਲੀ ਦੀ ਮਾਤਾ ਬੀਬੀ ਗੁਰਦੇਵ ਕੌਰ 80 ਸਾਲਾ ਪਤਨੀ ਜਥੇਦਾਰ ਕਰਤਾਰ ਸਿੰਘ ਵਾਸੀ ਪਿੰਡ ਕੋਟਲੀ ਜਮੀਤ ਸਿੰਘ ਜੋ ਮਿਤੀ 29 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ, ਦੀ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਕੋਟਲੀ ਜਮੀਤ ਸਿੰਘ ਵਿਖੇ ਹੋਈ। ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਭਾਈ ਸਤਨਾਮ ਸਿੰਘ ਅਰਸ਼ੀ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਸਿਆਸੀ ਤੇ ਧਾਰਮਿਕ ਆਗੂ ਜਿਨ੍ਹਾਂ ਵਿਚ ਪਵਨ ਕੁਮਾਰ ਟੀਨੂੰ ਹਲਕਾ ਇੰਚਾਰਜ ਆਦਮਪੁਰ, ਬਲਵੀਰ ਸਿੰਘ ਬਿੱਟੂ ਸੀਨੀਅਰ ਡਿਪਟੀ ਮੇਅਰ ਜਲੰਧਰ, ਦਲਜੀਤ ਸਿੰਘ ਮਿਨਹਾਸ ਸਿਮਰੀ ਮੈਂਬਰ ਜਲੰਧਰ, ਗਿਆਨ ਸਿੰਘ ਗਿੱਲ, ਭਗਵਾਨ ਸਿੰਘ ਜੌਹਲ, ਹਰਨਾਮ ਡਾ. ਗੁਰਨਾਮ ਸਿੰਘ, ਪਰਮਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ ਆਦਮਪੁਰ, ਸਿੰਘ ਹਰਨਾਮ ਸਿੰਘ ਅਲਾਵਲਪੁਰ ਸਾਬਕਾ ਚੇਅਰਮੈਨ, ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਬੀ ਕੇ ਯੂ ਖੋਸਾ, ਲਖਵੀਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਹਾਜ਼ਰਾਂ ਵਲੋਂ ਬੀਬੀ ਗੁਰਦੇਵ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਮਾਪਤੀ ਉਪਰੰਤ ਪਿਤਾ ਜਥੇਦਾਰ ਕਰਤਾਰ ਸਿੰਘ, ਤਰਸੇਮ ਸਿੰਘ ਕੋਟਲੀ, ਸਤਨਾਮ ਸਿੰਘ (ਅਮਰੀਕਾ), ਅਮਰਜੀਤ ਸਿੰਘ (ਕੈਨੇਡਾ) ਤਿੰਨੋਂ ਸਪੁੱਤਰਾਂ ਵਲੋਂ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੋਣ 'ਤੇ ਰਾਜਨੀਤਿਕ ਤੇ ਕਿਸਾਨੀ ਆਗੂਆਂ ਪਿੰਡ ਵਾਸੀਆਂ ਸਮੇਤ ਰਿਸ਼ਤੇਦਾਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਭਾਈ ਪ੍ਰੇਮ ਸਿੰਘ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸਰਪੰਚ ਪਰਮਜੀਤ ਕੌਰ, ਚਰਨਜੀਤ ਕੌਰ, ਮਨਪ੍ਰੀਤ ਕੌਰ, ਸਰਬਜੀਤ ਕੌਰ, ਬਲਵੀਰ ਕੌਰ, ਜਤਿੰਦਰ ਕੌਰ, ਜਸਵਿੰਦਰ ਕੌਰ, ਬਲਵੀਰ ਕੌਰ, ਪਰਮਜੀਤ ਕੌਰ, ਬਹਾਦਰ ਸਿੰਘ, ਰਾਣਾ ਸਿੰਘ ਚੌਹਾਨ, ਪ੍ਰਗਣ ਸਿੰਘ, ਗੁਰਕਰਣ ਸਿੰਘ, ਮਲਕੀਤ ਸਿੰਘ, ਕੇਵਲ ਸਿੰਘ, ਬਲਵਿੰਦਰ ਸਿੰਘ ਕਾਲਰਾ, ਜਸਪਾਲ ਸਿੰਘ ਗੋਪਾਲਪੁਰ, ਹਰਮੰਗਲ ਸਿੰਘ, ਕੇਵਲ ਸਿੰਘ ਗੋਪਾਲਪੁਰ, ਕੰਵਰ ਸਿੰਘ ਜਨਰਲ ਸਕੱਤਰ ਖੋਸਾ, ਕੁਲਵਿੰਦਰ ਸਿੰਘ ਸੂਬਾ ਪ੍ਰਧਾਨ ਖੋਸਾ ਫਿਰੋਜ਼ਪੁਰ, ਗੁਰਸੇਵਕ ਸਿੰਘ ਰੱਤੀਆਂ ਜ਼ਿਲ੍ਹਾ ਪ੍ਰੈਸ ਸਕੱਤਰ ਖੋਸਾ, ਇੰਦਰਜੀਤ ਸਿੰਘ ਜਨਰਲ ਸਕੱਤਰ ਖੋਸਾ ਕਪੂਰਥਲਾ, ਹਰਜਿੰਦਰ ਸਿੰਘ ਸਰਪੰਚ ਕਾਲਰਾ, ਪ੍ਰਸ਼ੋਤਮ ਸਿੰਘ ਮਾਣਕੋ, ਗੁਰਦੇਵ ਸਿੰਘ ਕਾਲਰਾ, ਅਵਤਾਰ ਸਿੰਘ ਤਾਰੀ, ਅਜਾਇਬ ਸਿੰਘ ਕੋਟਲੀ, ਸੁੱਚਾ ਸਿੰਘ ਦੁੱਗਾ, ਸਰਵਣ ਸਿੰਘ ਨੰਬਰਦਾਰ, ਕੈਪਟਨ ਸੰਤੋਖ ਸਿੰਘ ਦੁੱਗਾ, ਕਰਮਜੀਤ ਸਿੰਘ ਕਾਲਰਾ, ਜਸਵਿੰਦਰ ਸਿੰਘ ਨਾਹਲ, ਰਣਜੀਤ ਸਿੰਘ ਚੌਹਾਨ, ਕਸ਼ਮੀਰ ਸਿੰਘ ਪੰਮਾ, ਹੁਸਨ ਲਾਲ ਸਾਬਕਾ ਸਰਪੰਚ, ਰਾਜ ਕੁਮਾਰ ਰਾਜਾ ਆਦਿ ਹਾਜ਼ਰ ਸਨ।



# ਐੱਨ ਪੀ ਐੱਸ ਕਰਮਚਾਰੀਆਂ ਨੇ ਵਜਾਇਆ ਸੰਘਰਸ਼ ਦਾ ਬਿਗਲ

## ਮੁੱਖ ਮੰਤਰੀ ਦਾ ਕਰਨਗੇ ਕਾਲੀਆਂ ਝੰਡੀਆਂ ਨਾਲ ਵਿਰੋਧ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਤੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਸਾਂਝੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਨਵੀਨਰ ਜਸਵੀਰ ਸਿੰਘ ਤਲਵਾੜਾ ਤੇ ਪ੍ਰਧਾਨ ਸੁਖਜੀਤ ਸਿੰਘ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਸਰਕਾਰ ਆਪਣੇ ਚੋਣ ਵਾਅਦੇ ਨੂੰ ਲਾਗੂ ਕਰਨ ਵਿੱਚ ਨਾਕਾਮ ਰਹੀ ਹੈ ਜਿਹੜਾ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਉਸ ਨੂੰ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਸਰਕਾਰ ਲਾਗੂ ਨਹੀਂ ਕਰ ਸਕੀ। ਇਸ ਰੋਸ ਵਜੋਂ ਆਗੂਆਂ ਨੇ ਐਲਾਨ ਕੀਤਾ ਕਿ ਹੁਣ ਮੁੱਖ ਮੰਤਰੀ ਪੰਜਾਬ ਵਿੱਚ ਜਿੱਥੇ ਵੀ ਜਾਣਗੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਜਾਵੇਗਾ ਤੇ 19 ਫਰਵਰੀ ਨੂੰ ਪੰਜਾਬ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਕੀਤੇ ਜਾਣਗੇ ਤੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਮੂਹ ਐੱਨ ਪੀ ਐੱਸ ਕਰਮਚਾਰੀ ਵਿਧਾਨ ਸਭਾ ਵੱਲ ਨੂੰ ਮਾਰਚ ਕਰਨਗੇ ਜਿਸ ਦੇ ਸਬੰਧ ਵਿੱਚ ਦੋਵਾਂ ਜਥੇਬੰਦੀਆਂ ਦੇ ਆਗੂਆਂ ਨੇ ਬਲਾਕ ਪੱਧਰ ਤੇ ਡਿਊਟੀਬੱਧੀ ਤੇ ਤਿਆਰੀ ਵਿੱਚ ਦਿੱਤੀ ਹੈ। ਇਸ ਮੌਕੇ ਤੇ ਜਨਰਲ ਸਕੱਤਰ ਜਤਨੇਸ਼ ਸਿੰਘ ਪੱਟੀ, ਅਜੀਤਪਾਲ ਸਿੰਘ ਜਸੋਵਾਲ, ਵਰਿੰਦਰ ਵਿੱਕੀ, ਬੇਬਿੰਦਰ ਸਿੰਘ, ਬਿਕਰਮਜੀਤ ਸਿੰਘ ਕੱਦੋਂ, ਵੇਦ ਰਾਜ, ਪਰਮਿੰਦਰਪਾਲ ਸਿੰਘ, ਸੰਜੀਵ ਧੂਤ, ਜਗਜੀਤ ਸਿੰਘ ਗਿੱਲ, ਹਾਕਮ ਸਿੰਘ ਖਨੌੜਾ, ਪ੍ਰੇਮ ਖਲਵਾੜਾ, ਸੁਖਦੇਵ ਰਾਜ ਪੱਟੀ, ਮੁਹੰਮਦ ਮੁਸਤਫਾ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਗਰਭਵਤੀ ਔਰਤਾਂ ਦੀ ਜਾਂਚ ਲਈ ਕੈਂਪ



**ਸ਼ਾਹਕੋਟ (ਗਿਆਨ ਸੈਦਪੁਰੀ)** ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਸਿਵਲ ਸਰਜਨ ਡਾ. ਰਾਜੇਸ਼ ਗਰਗ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਦੀਪਕ ਚੰਦਰ ਦੀ ਅਗਵਾਈ ਵਿੱਚ ਗਰਭਵਤੀ ਔਰਤਾਂ ਦੀ ਜਾਂਚ ਲਈ ਸੀ ਐੱਚ ਸੀ ਸ਼ਾਹਕੋਟ ਵਿਖੇ ਕੈਂਪ ਲਗਾਇਆ ਗਿਆ। ਇੱਥੇ ਗਰਭਵਤੀ ਔਰਤਾਂ ਦੇ ਹਰ ਤਰ੍ਹਾਂ ਦੇ ਟੈਸਟ ਕੀਤੇ ਗਏ ਤੇ ਮਾਂ ਅਤੇ ਬੱਚੇ ਦੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਸਲਾਹ ਤੇ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਉਨ੍ਹਾਂ ਨੂੰ ਜਣੇਪੇ ਤੋਂ ਬਾਅਦ ਪਰਵਾਰ ਨਿਯੋਜਨ ਦੇ ਅਸਥਾਈ ਸਾਧਨ ਅਪਣਾਉਣ ਲਈ ਵੀ ਕਿਹਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਦੀਪਕ ਚੰਦਰ ਨੇ ਦੱਸਿਆ ਕਿ ਜੱਚਾ-ਬੱਚਾ ਦੀ ਤੰਦਰੁਸਤੀ ਲਈ ਗਰਭਵਤੀ ਔਰਤਾਂ ਤੇ ਖਾਸ ਤੌਰ 'ਤੇ ਹਾਈ ਰਿਸਕ ਗਰਭਵਤੀਆਂ ਦਾ ਮਾਹਰ ਡਾਕਟਰ ਵੱਲੋਂ ਚੈਕਅਪ ਕੀਤਾ ਗਿਆ। ਕੈਂਪ 'ਚ ਜਾਂਚ ਤੋਂ ਇਲਾਵਾ ਆਸ਼ਾ ਵਰਕਰਾਂ ਤੇ ਏ ਐੱਨ ਐੱਮ ਵੱਲੋਂ ਘਰ ਘਰ ਜਾ ਕੇ ਵੀ ਉਹਨਾਂ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਲੋੜ ਮੁਤਾਬਕ ਸਲਾਹ ਦਿੱਤੀ ਜਾਂਦੀ ਹੈ। ਕੈਂਪ ਵਿੱਚ ਡਾ. ਰਸਵੀ ਵੱਲੋਂ ਗਰਭਵਤੀਆਂ ਦੀ ਜਾਂਚ ਕੀਤੀ ਗਈ, ਜਦਕਿ ਐੱਲ ਐੱਚ ਵੀ ਬਲਜਿੰਦਰ ਕੌਰ, ਏ ਐੱਨ ਐੱਮ ਸੰਦੀਪ ਕੌਰ ਤੇ ਨਰਿੰਦਰ ਕੌਰ ਵੱਲੋਂ ਬੀ ਪੀ ਤੇ ਭਾਰ ਸਮੇਤ ਹੋਰ ਜਾਂਚਾਂ ਕੀਤੀਆਂ ਗਈਆਂ। ਇਸ ਮੌਕੇ ਸਟਾਫ ਨਰਸ ਮਨਜੀਤ ਕੌਰ,ਜਸਵਿੰਦਰ ਕੌਰ ਤੇ ਵੱਖ ਵੱਖ ਪਿੰਡਾਂ ਤੋਂ ਆਸ਼ਾ ਵਰਕਰਜ਼ ਗਰਭਵਤੀਆਂ ਨੂੰ ਲੈ ਕੇ ਹਾਜ਼ਰ ਸਨ। ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

# ਰਿਫਲੈਕਟਰ ਲਗਾ ਕੇ ਵਾਹਨ ਚਾਲਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਪ੍ਰਧਾਨਗੀ ਹੇਠ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਆਰ ਟੀ ਓ ਅਮਨਦੀਪ ਕੌਰ ਵੱਲੋਂ ਸਾਰੇ ਸਬੰਧਤ ਵਿਭਾਗਾਂ ਨੂੰ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 2026 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਇਸ ਦੌਰਾਨ ਐਸਡੀਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਵੀ ਉਨ੍ਹਾਂ ਨਾਲ ਮੌਜੂਦ ਸਨ। ਖੇਤਰੀ ਟਰਾਂਸਪੋਰਟ ਅਫ਼ਸਰ (ਆਰ ਟੀ ਓ) ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਸੜਕ ਹਾਦਸਿਆਂ ਨੂੰ ਘਟਾਉਣ, ਆਮ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਸੁਰੱਖਿਅਤ ਡਰਾਈਵਿੰਗ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਨੂੰ ਇੱਕ ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਸਫਲ ਬਣਾਇਆ ਜਾ ਸਕੇ। ਆਰ ਟੀ ਓ ਅਮਨਦੀਪ ਕੌਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਿੱਖਿਆ ਵਿਭਾਗ, ਪੁਲਿਸ ਵਿਭਾਗ, ਸਿਹਤ ਵਿਭਾਗ, ਨਗਰ ਨਿਗਮ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਸਕੂਲਾਂ, ਕਾਲਜਾਂ, ਉਦਯੋਗਿਕ ਇਕਾਈਆਂ ਅਤੇ ਜਨਤਕ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਸੜਕੀ ਚਿੰਨ੍ਹਾਂ, ਜ਼ੈਬਰਾ ਕਰਾਸਿੰਗਾਂ, ਸਪੀਡ ਬ੍ਰੇਕਰਾਂ ਤੇ ਟ੍ਰੈਫਿਕ ਸਿਗਨਲਾਂ ਦੀ ਸਥਿਤੀ ਦੀ ਸਮੀਖਿਆ ਕਰਨ ਤੇ ਲੋੜੀਂਦੇ ਸੁਧਾਰ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਧੁੰਦ ਅਤੇ ਰਾਤ ਦੇ ਸਮੇਂ ਦ੍ਰਿਸ਼ਟੀ ਨੂੰ ਬਿਹਤਰ ਬਣਾਉਣ, ਹਾਦਸਿਆਂ ਦੇ ਜੋਖਮ ਨੂੰ ਘਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਦੇ ਹਿੱਸੇ ਵਜੋਂ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ ਹਨ। ਆਰ ਟੀ ਓ ਨੇ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ 'ਤੇ ਰਿਫਲੈਕਟਰ ਲਗਾਉਣ, ਹੈਲਮੇਟ ਤੇ ਸੀਟ ਬੈਲਟ ਪਹਿਨਣ ਤੇ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ।





# ਸ੍ਰੀ ਵਰਧਮਾਨ ਜੈਨ ਸੇਵਾ ਸੰਘ ਨੇ 20 ਲੋੜਵੰਦਾਂ ਨੂੰ ਰਾਸ਼ਨ ਵੰਡਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਨਵਾਂਸ਼ਹਿਰ ਵੱਲੋਂ 151 ਵੇਂ ਮਹੀਨਾਵਾਰ ਰਾਸ਼ਨ ਮੌਕੇ 20 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਮੁਨੀਸ਼ ਜੈਨ ਨੇ ਕਿਹਾ ਕਿ ਸਮਾਜ ਦੇ ਕਿਸੇ ਵੀ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਸਾਨੂੰ ਹਰ ਗਰੀਬ ਅਤੇ ਬੇਸਹਾਰਾ ਵਿਅਕਤੀ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਵੱਲੋਂ ਲੋੜਵੰਦਾਂ ਨੂੰ ਦਿੱਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤੀ ਤੇ ਸਾਰਿਆਂ ਨੂੰ ਇਸ ਨੇਕ ਕਾਰਜ ਵਿੱਚ ਸਹਿਯੋਗ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਅਹੁਦੇਦਾਰਾਂ ਵਿਚ ਜਨਰਲ ਸਕੱਤਰ ਰਤਨ ਕੁਮਾਰ ਜੈਨ, ਰਾਕੇਸ਼ ਜੈਨ ਬੱਬੀ, ਸੰਦੀਪ ਜੈਨ ਕਾਲਾ, ਪੁਨੀਤ ਜੈਨ, ਅਨਿਲ ਜੈਨ,ਦਰਸ਼ਨ ਜੈਨ, ਪਦਮ ਜੈਨ ਆਦਿ ਸ਼ਾਮਿਲ ਸਨ।

# ਗਾਇਕ ਤਜਿੰਦਰ ਤਾਜ ਦਾ ਸੰਗੀਤਕ ਟਰੈਕ 'ਤੱਕਿਆ ਹੀ ਨਹੀਂ' ਰਿਲੀਜ਼

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਉਭਰਦੇ ਲੋਕ ਗਾਇਕ ਤੇ ਗੀਤਕਾਰ ਤਜਿੰਦਰ ਤਾਜ ਦਾ ਪਹਿਲਾ ਆਡੀਓ ਵੀਡੀਓ ਸੰਗੀਤਕ ਟਰੈਕ (ਤੱਕਿਆ ਹੀ ਨਹੀਂ) ਦਾ ਜਲੰਧਰ ਪ੍ਰੈਸ ਕਲੱਬ ਵਿਖੇ ਪੋਸਟਰ ਜਾਰੀ ਕੀਤਾ ਤੇ ਵਰਲਡ ਪੱਧਰ ਤੇ ਤਾਜ ਮਿਊਜ਼ਿਕ (ਯੂਟਿਊਬ ਚੈਨਲ) ਤੇ ਰਿਲੀਜ਼ ਕੀਤਾ ਗਿਆ। ਜਿਸ ਦਾ ਸੰਗੀਤ ਜੀ ਵਾਲਰ ਨੇ ਕੀਤਾ ਹੈ ਇਸ ਦੀ ਵੀਡੀਓ ਅਕਸ਼ੈ ਪ੍ਰੇਮੀ ਨੇ ਕਸੌਲੀ



(ਹਿਮਾਚਲ) ਦੀਆਂ ਵਾਦੀਆਂ ਵਿਚ ਸ਼ੂਟ ਕੀਤਾ। ਇਸ ਗੀਤ ਦੀ ਮਾਡਲਿੰਗ ਭੂਮੀ ਚੋਪੜਾ ਨੇ ਕੀਤੀ ਜਿਸ ਦੇ ਪ੍ਰੋਡਿਊਸਰ ਪ੍ਰੀਤ ਅਰੋੜਾ ਯੂ ਐੱਸ ਏ ਨੇ ਹਨ। ਮੇਲਿਆਂ ਦੇ ਬਾਦਸ਼ਾਹ ਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਤਜਿੰਦਰ ਤਾਜ ਬੜੇ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਪੱਤਰਕਾਰਾਂ ਨੂੰ ਤਾਜ ਨੇ ਦੱਸਿਆ ਕਿ ਪਹਿਲਾਂ ਮੈਂ ਗੀਤ ਲਿਖਕੇ ਕਈ ਕਲਾਕਾਰਾਂ ਨੂੰ ਦਿੱਤੇ , ਫਿਰ ਮੈਂ ਆਪ ਹੀ ਗਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਹ ਮੇਰੀ ਪਹਿਲੀ ਕੋਸ਼ਿਸ਼ ਹੈ। ਲੋਕ ਕਲਾਵਾਂ ਮੰਚ ਦੇ ਪ੍ਰਧਾਨ ਕਰਮਪਾਲ ਸਿੰਘ ਢਿੱਲੋਂ, ਪ੍ਰਮੋਟਰ ਰਣਧੀਰ ਧੀਰਾ, ਗਾਇਕ ਮੰਗਲ ਸਾਥ, ਗਾਇਕ ਜੀ ਬਰਮੀਲਾ , ਦੁਰਵਰਤਨ ਦੇ ਸੀਨੀਅਰ ਇੰਜੀਨੀਅਰ ਹਰੀਸ਼ ਕੁਮਾਰ, ਡਾਇਰੈਕਟਰ ਪ੍ਰੋਡਿਊਸਰ ਐਕਟਰ ਰਾਜਿੰਦਰ ਕਸ਼ਯਪ,ਕਾਮੇਡੀਅਨ ਦੀਪਕ ਰਾਜਾ, ਕਾਮੇਡੀਅਨ,ਜੁਗਲੀ ਸ਼ੁਗਲੀ,ਰਵੀ ਦਾਰਾ ਤੇ ਅਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਹਾਜ਼ਿਰ ਸਨ।

# ਖੁਰਾਲਗੜ੍ਹ ਸਾਹਿਬ ਵਿਖੇ ਸੁੰਦਰੀਕਰਨ ਤੇ ਨਵਉਸਾਰੀ ਕਾਰਜ ਆਰੰਭ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਚਰਨਛੋਹ ਪਵਿੱਤਰ ਅਸਥਾਨਾਂ ਦੇ ਸੁੰਦਰੀਕਰਨ ਅਤੇ ਨਵਉਸਾਰੀ ਕਾਰਜ ਗੁਰੂ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਬਹੁਤ ਸ਼ਰਧਾ ਪੂਰਵਕ ਆਰੰਭ ਕੀਤੇ ਗਏ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਵਲੋਂ ਕਾਰਜਾਂ ਦੀ ਚੜ੍ਹਦੀਕਲਾ 'ਚ ਸੰਪੂਰਨਤਾ ਲਈ ਅਰਦਾਸ ਕੀਤੀ ਗਈ।ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਦੇ ਸੁੰਦਰ ਅਸਥਾਨ ਸਜਾਏ ਜਾ ਰਹੇ ਹਨ ਤਾਂ ਕਿ ਇਥੇ ਆਉਣ ਵਾਲੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਰਸ਼ਨ ਦੀਦਾਰੇ ਕਰਕੇ ਖੁਸ਼ੀਆਂ ਪ੍ਰਾਪਤ ਕਰ ਸਕਣ। ਉਨਾਂ ਦੱਸਿਆ ਕਿ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਦੀ ਅਗਵਾਈ ਵਿਚ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਵਲੋਂ ਇਹ ਮਹਾਨ ਕਾਰ ਸੇਵਾ ਆਰੰਭ ਕੀਤੀ ਗਈ ਹੈ। ਇਥੇ ਜਲਦ ਹੀ ਸਕੂਲ, ਹਸਪਤਾਲ, ਯੂਨੀਵਰਸਿਟੀ ਵਰਗੇ ਵੱਡੇ ਪ੍ਰੋਜੈਕਟ ਸਥਾਪਿਤ ਕੀਤੇ ਜਾਣਗੇ।ਇਸ ਮੌਕੇ ਸੰਤ ਪਰਮਜੀਤ ਦਾਸ ਨਗਰ, ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਧਰਮਪਾਲ ਸ਼ੇਰਗੜ੍ਹ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਬੀਬੀ ਪੂਨਮ ਹੀਰਾ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।



# ਲਾਇਨ ਗੁਰਦੀਪ ਸਿੰਘ ਕੰਗ ਨੇ ਲੋੜਵੰਦਾਂ ਨੂੰ ਵੰਡਿਆ ਰਾਸ਼ਨ

**ਫਗਵਾੜਾ (ਡਾ. ਰਮਨ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐੱਮ ਜੇ ਐੱਫ ਵੱਲੋਂ ਬਾਬਾ ਬਾਲਕ ਨਾਥ ਸੇਵਾ ਸੰਮਿਤੀ ਫਗਵਾੜਾ ਦੇ ਸਹਿਯੋਗ ਨਾਲ 92ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਕੰਗ ਇੰਟਰਪ੍ਰਾਇਜ਼ਿਜ਼, ਸੈਂਟਰਲ ਟਾਊਨ ਫਗਵਾੜਾ ਵਿਖੇ ਆਯੋਜਿਤ ਕੀਤਾ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਮਲਟੀਪਲ ਚੇਅਰਮੈਨ (ਫੂਡ ਫਾਰ ਹੰਗਰ) ਲਾਇਨ ਦਵਿੰਦਰਪਾਲ ਅਰੋੜਾ ਤੇ ਪ੍ਰਵਾਸੀ ਭਾਰਤੀ ਅਮਰਜੀਤ ਸਿੰਘ (ਫਿਲੀਪੀਨਜ਼) ਤੇ ਅਨੀਤਾ (ਕੈਨੇਡਾ) ਸ਼ਾਮਲ ਹੋਏ। ਇਸ ਤੋਂ ਇਲਾਵਾ ਬਾਬਾ ਬਾਲਕ ਨਾਥ ਸੇਵਾ ਸੰਮਿਤੀ ਦੇ ਸਰਪਰਸਤ ਧਰਮਪਾਲ ਨਿਸ਼ਚਲ, ਸਰਪਰਸਤ ਐੱਸ ਪੀ ਬਸਰਾ, ਸ਼ਿਵ ਸ਼ਕਤੀ ਮਾਤਾ ਮੰਦਰ ਦੀ ਪ੍ਰਧਾਨ ਚੰਚਲ ਸੇਠ, ਰਿਟਾ. ਪ੍ਰਿੰਸਿਪਲ ਕੇ ਕੇ ਸ਼ਰਮਾ, ਸ਼ਿਵ ਸੈਨਾ ਅਖੰਡ ਭਾਰਤ ਦੇ ਰਾਸ਼ਟਰੀ ਪ੍ਰਧਾਨ ਅਜੇ ਮਹਿਤਾ, ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਦੇ ਪ੍ਰਧਾਨ ਮਨੀਸ਼ ਕਨੌਜੀਆ, ਮਨਜੀਤ ਕੌਰ ਸਰਪੰਚ ਭਾਖੜਿਆਣਾ ਤੇ ਸਮਾਜ ਸੇਵਕ ਵਰਿੰਦਰ ਸਿੰਘ ਕੰਬੋਜ ਨੇ ਵੀ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ। ਮੁੱਖ ਮਹਿਮਾਨਾਂ ਵੱਲੋਂ 20 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੇ ਨਾਲ-ਨਾਲ ਸਬਜ਼ੀਆਂ ਵੀ ਵੰਡੀਆਂ ਗਈਆਂ ਅਤੇ ਲਾਇਨ ਗੁਰਦੀਪ ਸਿੰਘ ਕੰਗ ਵੱਲੋਂ ਕੀਤੇ ਜਾ ਰਹੇ ਇਸ ਸੇਵਾ ਕਾਰਜ ਦੀ ਭਰਪੂਰ ਸ਼ਲਾਘਾ ਕਰਦਿਆਂ ਇਸ ਨੂੰ ਮਹਾਨ ਅਤੇ ਹੋਰਨਾਂ ਲਈ ਪ੍ਰੇਰਨਾਦਾਇਕ ਦੱਸਿਆ ਗਿਆ। ਮਲਟੀਪਲ ਚੇਅਰਮੈਨ ਲਾਇਨ ਦਵਿੰਦਰਪਾਲ ਅਰੋੜਾ ਨੇ ਲਾਇਨ ਗੁਰਦੀਪ ਸਿੰਘ ਕੰਗ ਦੇ ਸਮਾਜ ਸੇਵੀ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਇੰਟਰਨੈਸ਼ਨਲ ਪਿਨ ਲਗਾ ਕੇ ਸਨਮਾਨਤ ਕੀਤਾ।ਲਾਇਨ ਅਰੋੜਾ ਨੇ ਕਿਹਾ ਕਿ ਲਾਇਨ ਗੁਰਦੀਪ ਸਿੰਘ ਕੰਗ ਵੱਲੋਂ ਹਰ ਮਹੀਨੇ ਲੋੜਵੰਦ ਪਰਵਾਰਾਂ ਲਈ ਰਾਸ਼ਨ ਮੁਹੱਈਆ ਕਰਵਾਉਣਾ ਬਹੁਤ ਹੀ ਸ਼ਲਾਘਾਯੋਗ ਪ੍ਰੋਜੈਕਟ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦਾ ਮਾਣ ਵਧਾਉਣ ਲਈ ਗੁਰਦੀਪ ਸਿੰਘ ਕੰਗ ਵਧਾਈ ਦੇ ਪਾਤਰ ਹਨ। ਇਸ ਮੌਕੇ ਕਮਲਜੀਤ ਕੌਰ ਕੰਗ, ਮਾਸਟਰ ਪ੍ਰਣਬ ਕੰਗ, ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ, ਕੈਸ਼ੀਅਰ ਲਾਇਨ ਅਜੇ ਕੁਮਾਰ, ਸਮਾਜ ਸੇਵਕ ਰਸ਼ਪਾਲ ਸਿੰਘ ਬਾਵਾ ਮੈਡੀਕਲ, ਵੀ.ਪੀ. ਸਿੰਘ ਅਰੋੜਾ, ਵਾਸੁਦੇਵ ਗੁਪਤਾ, ਐਂਟੀ ਕਰਪਸ਼ਨ ਫੋਰਮ ਦੇ ਜ਼ਿਲ੍ਹਾ ਪ੍ਰਧਾਨ ਚੰਦਰਸ਼ੇਖਰ ਖੁੱਲਰ, ਲਾਇਨ ਸੰਜੀਵ ਲਾਂਬਾ, ਲਾਇਨ ਵਿਪਨ ਸ਼ਰਮਾ, ਰਮੇਸ਼ ਸ਼ਿੰਗਾਰੀ, ਦੀਪਕ ਬਹਿਲ, ਹੈਪੀ ਮਲਹਨ, ਸ਼ਾਮ ਲਾਲ, ਵਿਨੈ ਕੁਮਾਰ ਬਿੱਟੂ, ਸਤਵਿੰਦਰ ਸਿੰਘ ਭਮਰਾ, ਕਰਨ ਅੱਗਰਵਾਲ, ਅਨੂਪ ਦੁੱਗਲ, ਜਤਿੰਦਰ ਕੁਮਾਰ ਆਦਿ ਹਾਜ਼ਰ ਸਨ।



# ਤਰੱਕੀਆਂ ਮੌਕੇ ਟੀਚਰ ਇਲਿਜੀਬਿਲਟੀ ਟੈਸਟ ਸ਼ਰਤ ਲਾਉਣ ਦੀ ਜੀ ਟੀ ਯੂ ਵੱਲੋਂ ਨਿਖੇਧੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗੌਰਮਿੰਟ ਟੀਚਰਜ ਯੂਨੀਅਨ ਬਲਾਕ ਕੋਟ ਫਤੂਹੀ ਦੀ ਇੱਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਤੇ ਜਨਰਲ ਸਕੱਤਰ ਉਂਕਾਰ ਸਿੰਘ ਦੀ ਅਗਵਾਈ ਵਿੱਚ ਕੋਟ ਫਤੂਹੀ ਵਿਖੇ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਕਾਡਰ ਸੀ ਐੱਚ ਟੀ, ਹੈਡ ਟੀਚਰ ਤੇ ਈ ਟੀ ਟੀ ਅਧਿਆਪਕਾਂ ਤੋਂ ਮਾਸਟਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਵਿੱਚ ਜੋ ਤਰੱਕੀਆਂ ਕੀਤੀਆਂ ਗਈਆਂ ਹਨ, ਉਹਨਾਂ ਵਿੱਚ ਵਿਭਾਗ ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰ ਉੱਪਰ ਟੈਟ ਪਾਸ ਕਰਨ ਦੀ ਸ਼ਰਤ ਥੋਪ ਕੇ ਟੈਟ ਨਾ ਪਾਸ ਵਾਲੇ ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰਾਂ ਨੂੰ ਤਰੱਕੀ ਦੇ ਲਈ ਯੋਗ ਨਾ ਮੰਨ ਕੇ ਉਨ੍ਹਾਂ ਨੂੰ ਤਰੱਕੀਆਂ ਲਈ ਨਹੀਂ ਵਿਚਾਰਿਆ ਗਿਆ ਹੈ ਜੋ ਕਿ ਸਿੱਖਿਆ ਵਿਭਾਗ ਦਾ ਦੋਹਰਾ ਮਾਪਦੰਡ ਹੈ। ਜਿਹੜੇ ਈ.ਟੀ.ਟੀ ਅਧਿਆਪਕਾਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ, ਉਨਾਂ ਉੱਪਰ ਇਹ ਸ਼ਰਤ ਲਗਾਈ ਗਈ ਹੈ ਕਿ ਉਹਨਾਂ ਵੱਲੋਂ ਦੋ ਸਾਲਾਂ ਦੇ ਅੰਦਰ ਅੰਦਰ ਟੈਟ ਪਾਸ ਕਰਨਾ ਲਾਜ਼ਮੀ ਹੋਵੇਗਾ।ਆਗੂਆਂ ਨੇ ਸਿੱਖਿਆ ਅਧਿਕਾਰ ਕਾਨੂੰਨ ਤਹਿਤ 2011 ਵਿੱਚ ਸ਼ੁਰੂ ਕੀਤੇ ਗਏ ਟੈਟ ਨੂੰ ਉਸਤੋਂ ਪਹਿਲਾਂ ਦੀਆਂ ਭਰਤੀਆਂ 'ਤੇ ਥੋਪਣ ਨੂੰ ਗੈਰ ਵਾਜਬ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਆਗੂਆਂ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਪਹਿਲਾਂ ਕਦੇ ਵੀ 2010 ਜਾਂ ਇਸਤੋਂ ਪਹਿਲਾਂ ਦੀਆਂ ਭਰਤੀਆਂ ਦੇ ਅਧਿਆਪਕਾਂ ਸਬੰਧੀ ਟੈਟ ਪਾਸ ਕਰਨ ਦੀ ਕੋਈ ਸ਼ਰਤ ਨਹੀਂ ਲਗਾਈ, ਹੁਣ ਤਰੱਕੀਆਂ ਮੌਕੇ ਇਸ ਸ਼ਰਤ ਨੂੰ ਇਕਦਮ ਲਿਆਉਣਾ ਗੈਰ ਵਾਜਬ ਹੈ।ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਮਸਲੇ ਵਿੱਚ ਦਖ਼ਲ ਅੰਦਾਜ਼ੀ ਕਰਕੇ ਲੰਬੇ ਸਮੇਂ ਤੋਂ ਤਰੱਕੀਆਂ ਉਡੀਕ ਰਹੇ ਅਧਿਆਪਕਾਂ ਦੇ ਹੱਕ ਵਿੱਚ ਫੈਸਲਾ ਲਵੇ ਤੇ ਟੈਟ ਪਾਸ ਦੀ ਸ਼ਰਤ ਤੋਂ ਪਹਿਲਾਂ ਨੌਕਰੀ ਵਿੱਚ ਆਏ ਅਧਿਆਪਕਾਂ ਨੂੰ ਇਸ ਸ਼ਰਤ ਤੋਂ ਛੋਟ ਦੇ ਕੇ ਤਰੱਕੀ ਲਈ ਵਿਚਾਰੇ ਜਾਣ ਲਈ ਹਦਾਇਤ ਜਾਰੀ ਕਰੇ।ਇਸ ਮੌਕੇ ਜਸਵਿੰਦਰ ਸਿੰਘ, ਗੁਰਮੁੱਖ ਸਿੰਘ, ਹਰਮਨੋਜ ਕੁਮਾਰ, ਬਲਜਿੰਦਰ ਸਿੰਘ, ਮਨਜਿੰਦਰ ਸਿੰਘ, ਹਰਨੇਕ ਸਿੰਘ, ਬਖਤਾਵਰ ਸਿੰਘ, ਬਲਵਿੰਦਰ ਸਿੰਘ, ਲਹਿੰਬਰ ਸਿੰਘ, ਰਕੇਸ਼ ਕੁਮਾਰ ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਮੁਫਤ ਮੈਡੀਕਲ ਕੈਂਪ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਰੈਡ ਕਰਾਸ ਸ਼ਾਖਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਕੋਮਲ ਮਿੱਤਲ ਡਿਪਟੀ ਕਮਿਸ਼ਨਰ ਦੀ ਯੋਗ ਅਗਵਾਈ ਹੇਠ ਪਿੰਡ ਰਾਏਪੁਰ ਖੁਰਦ ਵਿਖੇ ਮੁਫ਼ਤ ਮੈਡੀਕਲ ਚੈੱਕਅਪ, ਇਲਾਜ ਅਤੇ ਉਪਕਰਣਾਂ ਦੀ ਅਸੈਸਮੈਂਟ ਕਰਨ ਸੰਬੰਧੀ ਕੈਂਪ ਲਗਾਇਆ ਗਿਆ, ਜਿਸ ਵਿੱਚ ਜਨਰਲ ਚੈੱਕਅਪ, ਇਲਾਜ, ਅੱਖਾਂ ਅਤੇ ਦੰਦਾਂ ਦਾ 130 ਲੋਕਾਂ ਦਾ ਇਲਾਜ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਅਲੀਮਕੋ ਵਲੋਂ ਸੀਨੀਅਰ ਸਿਟੀਜ਼ਨਾਂ ਅਤੇ ਆਮ ਜਨਤਾ ਨੂੰ ਉਪਕਰਣ ਦੇਣ ਲਈ ਅਸੈਸਮੈਂਟ ਕੀਤੀ ਗਈ। ਇਸ ਕੈਂਪ ਦੌਰਾਨ ਕੁੱਲ 150 ਲੋਕਾਂ ਦਾ ਇਲਾਜ ਕੀਤਾ।ਇਸ ਕੈਂਪ ਦੌਰਾਨ 2,10, 000/- ਦੇ 15 ਲੋਕਾਂ ਦੀ ਅਸੈਸਮੈਂਟ ਕੀਤੀ ਗਈ। ਕੈਂਪ ਵਿੱਚ ਕਰਮਜੀਤ ਕੌਰ ਸਰਪੰਚ, ਰਾਏਪੁਰ ਖੁਰਦ, ਅਵਤਾਰ ਸਿੰਘ ਸਰਪੰਚ ਮੌਲੀ ਬੈਦਵਾਨ ਤੇ ਸੁਰਿੰਦਰ ਸਿੰਘ ਰੋਡਾ ਸਾਬਕਾ ਐੱਮ ਸੀ ਵਿਸ਼ੇਸ਼ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ।



# ਚੱਬੇਵਾਲ ਨੇ ਸਟੇਡੀਅਮ ਬਣਾਉਣ ਲਈ 27 ਲੱਖ ਦਾ ਰੱਖਿਆ ਨੀਂਹ ਪੱਥਰ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡਲਾ ਵਿਖੇ ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਸਟੇਡੀਅਮ ਬਣਾਉਣ ਲਈ 27 ਲੱਖ ਰੁਪਏ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੇਡਾਂ ਦੇ ਪੱਧਰ ਨੂੰ ਉੱਚਾ ਤੇ ਖੇਡ ਸਟੇਡੀਅਮ ਦਾ ਨਵੀਨ ਕਰਨ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਮੌਕੇ ਡਾਕਟਰ ਇਸਾਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਲੋਕਾਂ ਦੀਆਂ ਸਮੱਸਿਆ ਸੁਣੀਆ। ਇਸ ਮੌਕੇ ਸਰਪੰਚ ਕਮਲੇਸ਼ ਰਾਣੀ, ਡਾ ਰੋਸ਼ਨ ਬੱਡਲਾ, ਐੱਮ ਸੀ ਸੁਨੀਲ ਅਨੰਦ, ਗਣੇਸ਼ ਗਿੰਨੀ, ਦਲਵਿੰਦਰ ਸਿੰਘ, ਰਣਜੀਤ ਸਿੰਘ, ਬਲਜਿੰਦਰ ਸਿੰਘ, ਸੁਰਿੰਦਰ ਕੋਰ, ਜਗੀਰ ਕੋਰ, ਹਰਭਜਨ ਕੋਰ, ਨਰਿੰਦਰ ਕੋਰ, ਜਸਦੀਪ ਸਿੰਘ , ਰਜਿੰਦਰ ਲਾਡੀ, ਨਵਜੋਤ ਸੰਘਾ, ਲੰਬੜਦਾਰ ਜਤਿੰਦਰ ਸਿੰਘ, ਲੰਬੜਦਾਰ ਦੇਸ ਰਾਜ, ਜੀਵਨ ਸਸੋਲੀ, ਜਤਿੰਦਰ ਸਿੱਧੂ, ਸਾਬੀ, ਸਰਪੰਚ ਨਿਸ਼ਾ ਰਾਣੀ ਖੇੜਾ ਕਲਾਂ, ਲੰਬੜਦਾਰ ਗੁਰਪਾਲ ਚੰਦ,ਸਰਪੰਚ ਰਾਜ ਕੁਮਾਰ ਸੀਣਾ, ਹੈਪੀ ਬੱਡਲਾ ਖੁਰਦ, ਸਵਰਨ ਸਿੰਘ, ਡਾ ਮੇਜਰ, ਗਿਆਨ ਚੰਦ ਫੋਜੀ, ਡਾ ਗੋਰਵ ਬੱਡਲਾ ਆਦਿ ਹਾਜ਼ਰ ਸਨ।

# ਮਨਵੀਰ ਰਾਣਾ ਤੇ ਨਸੀਬੋ ਲਾਲ ਦਾ ਗੀਤ 'ਜਨਮ ਦਿਹਾੜਾ ਰਵਿਦਾਸ ਗੁਰਾਂ' ਦਾ ਅੱਜ ਹੋਵੇਗਾ ਰਿਲੀਜ਼

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਅਨੇਕਾਂ ਹੀ ਪੰਜਾਬੀ ਤੇ ਧਾਰਮਿਕ ਗੀਤਾਂ ਕਾਰਨ ਚਰਚਾ ਵਿੱਚ ਰਹਿਣ ਵਾਲੇ ਗਾਇਕ ਮਨਵੀਰ ਰਾਣਾ ਦਾ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਵਿੱਚ ਰੰਗਿਆ ਦੋਗਾਣਾ ਗੀਤ ਜਨਮ ਦਿਹਾੜਾ ਗੁਰੂ ਰਵਿਦਾਸ ਗੁਰਾਂ ਦਾ ਮਹਾਰਾਜ ਦੇ ਪਵਿੱਤਰ ਜਨਮ ਦਿਹਾੜੇ ਮੌਕੇ ਟਰਾਂਟੋ ਮਿਊਜ਼ਿਕ ਕੰਪਨੀ ਬਹੁਤ ਵੱਡੇ ਪੱਧਰ ਤੇ 10 ਜਨਵਰੀ ਨੂੰ ਰਿਲੀਜ਼ ਕੀਤਾ ਜਾਵੇਗਾ। ਜਾਣਕਾਰੀ ਦਿੰਦਿਆਂ ਕੰਪਨੀ ਦੇ ਮਾਲਕ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਗੀਤ 'ਚ ਗਾਇਕ ਰਾਣਾ ਦਾ ਗਾਉਣ ਵਿੱਚ ਸਾਥ ਪਾਕਿਸਤਾਨ ਦੀ ਪ੍ਰਸਿੱਧ ਗਾਇਕਾ ਨਸੀਬੋ ਲਾਲ ਨੇ ਦਿੱਤਾ ਹੈ। ਗੀਤਕਾਰ ਤਲਵਿੰਦਰ ਢਿੱਲੋਂ ਯੂ ਕੇ ਦੇ ਲਿਖੇ ਇਸ ਗੀਤ ਨੂੰ ਆਰ ਦੀਪ ਨੇ ਆਪਣੇ ਸੰਗੀਤ 'ਚ ਬਹੁਤ ਮੇਹਨਤ ਨਾਲ ਸ਼ਿੰਗਾਰਿਆ ਹੈ। ਵੀਡਿਓ ਮਨਦੀਪ ਰੰਧਾਵਾ ਵਲੋਂ ਸ਼ੂਟ ਕੀਤਾ ਗਿਆ ਹੈ ਜੋ ਕਿ ਯੂ ਟਿਊਬ ਦੇ ਨਾਲ ਨਾਲ ਧਾਰਮਿਕ ਚੈਨਲਾਂ ਤੇ ਚਲਾਇਆ ਜਾਵੇਗਾ।



# ਧਾਰਮਿਕ ਸਮਾਗਮ ਆਯੋਜਿਤ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- 10ਵੇਂ ਪਾਤਸ਼ਾਹ ਸਰਬੰਸਦਾਨੀ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਅਤੇ ਬ੍ਰਹਮਲੀਨ ਸ਼੍ਰੀਮਾਨ 108 ਸੰਤ ਬਾਬਾ ਜਗਦੇਵ ਸਿੰਘ ਮੋਨੀ ਦੇ ਜਨਮ ਦਿਨ ਦੇ ਸਬੰਧ ਵਿੱਚ ਧਾਰਮਿਕ ਸਮਾਗਮ ਨਿਰਮਲ ਕੁਟੀਆ ਜਨਮ ਅਸਥਾਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਪਿੰਡ ਟੂਟੋਮਜਾਰਾ ਵਿਖੇ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਮੱਖਣ ਸਿੰਘ ਤੇ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਦੀ ਯੋਗ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਇਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਸੰਤ ਬਾਬਾ ਬਲਵੀਰ ਸਿੰਘ ਤੇ ਹੋਰ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਇਆ ਤੇ ਉਹਨਾਂ ਵੱਲੋਂ ਦੱਸੇ ਸਚਿਆਈ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ ਨੇ ਬ੍ਰਹਮਲੀਨ ਸੰਤ ਬਾਬਾ ਜਗਦੇਵ ਸਿੰਘ ਮੋਨੀ, ਜਿਨਾਂ ਨੇ ਸੰਤ ਬਾਬਾ ਮੱਖਣ ਸਿੰਘ ਤੋਂ ਪਹਿਲਾਂ ਨਿਰਮਲ ਕੁਟੀਆ ਟੂਟੋਮਜਾਰਾ ਵਿਖੇ ਬਤੌਰ ਮੁੱਖ ਸੰਚਾਲਕ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਿਆ, ਜੀ ਦੀਆਂ ਸਮਾਜਿਕ ਅਤੇ ਧਾਰਮਿਕ ਸੇਵਾਵਾਂ ਨੂੰ ਯਾਦ ਕਰਕੇ ਉਹਨਾਂ ਨੂੰ ਨਮਨ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਮੱਖਣ ਸਿੰਘ ਨੇ ਸੰਗਤਾਂ ਨੂੰ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਵਾ ਕੇ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਿਆ, ਜੋ ਇਸ ਬ੍ਰਹਿਮੰਡ ਦੇ ਕਣ- ਕਣ ਵਿੱਚ ਬਿਰਾਜਮਾਨ ਹੋ ਕੇ ਸਭਨਾਂ ਜੀਵਾਂ ਦੀ ਪ੍ਰਤਿਪਾਲਣਾ ਕਰ ਰਿਹਾ ਹੈ। ਸਮਾਗਮ ਦੇ ਅਖੀਰ ਵਿੱਚ ਸੰਤ ਬਾਬਾ ਜਗਦੇਵ ਸਿੰਘ ਮੋਨੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ। ਇਸ ਮੌਕੇ ਸੰਤ ਬਾਬਾ ਮੱਖਣ ਸਿੰਘ, ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ, ਸੰਤ ਗੁਰਚਰਨ ਸਿੰਘ ਪੰਡਵਾਂ, ਸੰਤ ਹਰਵਿੰਦਰ ਸਿੰਘ ਨਕੋਦਰ, ਸੰਤ ਹਰਮੇਲ ਸਿੰਘ ਹੁਸ਼ਿਆਰਪੁਰ, ਸੰਤ ਤੀਰਥ ਸਿੰਘ ਪੱਲੀ ਝਿੱਕੀ ਸਮੇਤ ਸੰਤ ਮਹਾਂਪੁਰਸ਼ ਤੇ ਲਾਗਲੇ ਪਿੰਡਾਂ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿੱਚ ਗੁਰੂ ਕਾ ਲੰਗਰ ਅਤੁੱਟ ਚੱਲਿਆ।



# ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਿਲੌਰ, ਗੁਰਾਇਆ (ਹਰਜਿੰਦਰ ਕੌਰ ਚਾਹਲ, ਬਿੰਦਰ ਸੁਮਨ)**- ਨਜ਼ਦੀਕੀ ਪਿੰਡ ਦੁਸਾਂਝ ਖੁਰਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਿੰਘ ਸਭਾ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਗੁਰਦੁਆਰਾ ਹੈਡ ਗ੍ਰੰਥੀ ਬਾਬਾ ਅਜੀਤ ਸਿੰਘ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ ਗਿਆ। ਇਸ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਏ ਗਏ ਜਿਸ ਦੌਰਾਨ ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਤਰਾਂ ਤਰਾਂ ਦੇ ਲੰਗਰ ਲਗਾਏ ਗਏ ਸਨ। ਇਸ ਦੌਰਾਨ ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਹਰਮਿੰਦਰ ਸਿੰਘ ਖਹਿਰਾ ਤੇ ਉਸ ਦੇ ਸਾਥੀਆਂ ਵੱਲੋਂ ਸੰਗਤਾਂ ਨੂੰ ਗੁਰੂ ਜੱਸ ਨਾਲ ਜੋੜਿਆ ਗਿਆ। ਇਸ ਦੌਰਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਾਸਟਰ ਗਿਆਨ ਸਿੰਘ ਸਕੱਤਰ ਚਰਨਜੀਤ ਸਿੰਘ, ਮੁਖਤਿਆਰ ਸਿੰਘ , ਪਰਗਣ ਸਿੰਘ, ਹਰਜਿੰਦਰ ਸਿੰਘ, ਸਰਪੰਚ ਹੰਸੋਰਾਣੀ, ਸਾਬਕਾ ਸਰਪੰਚ ਹਰਜਿੰਦਰ ਕੁਮਾਰ, ਸਰਬਜੀਤ ਸਿੰਘ, ਜਸਵਿੰਦਰ ਸਿੰਘ ਸਿੱਧੂ, ਸੁਖਵਿੰਦਰ ਕੁਮਾਰ ਸੋਨੀ, ਪ੍ਰਧਾਨ ਵਿਜੇ ਕੁਮਾਰ ,ਕਮਲਪ੍ਰੀਤ ਸਿੰਘ, ਦਿਲਜੀਤ ਕੌਰ, ਕਰਮਵੀਰ ਕੌਰ, ਸਿਮਰਜੀਤ ਕੌਰ , ਸਾਬਕਾ ਸਰਪੰਚ ਮੀਨਾ ਕੁਮਾਰੀ, ਕੁਲਜੀਤ ਸਿੰਘ, ਨੰਬਰਦਾਰ ਪਵਿੱਤਰ ਸਿੰਘ , ਪਰਮਿੰਦਰ ਕੌਰ , ਸਤਨਾਮ ਸਿੰਘ , ਮਨਜੀਤ ਸਿੰਘ ,ਮਨਮੋਹਣ ਸਿੰਘ ਸਮੁੱਚੀ ਗ੍ਰਾਮ ਪੰਚਾਇਤ ਤੇ ਪਿੰਡ ਵਾਸੀ ਹਾਜ਼ਰ ਸਨ।



# ਭਾਰਤ 'ਚ ਹਰ ਸਾਲ ਕੈਂਸਰ ਨਾਲ 8.7 ਲੱਖ ਲੋਕਾਂ ਦੀ ਮੌਤ ਹੁੰਦੀ : ਡਾ. ਸੰਦੀਪ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪਾਰਕ ਹਸਪਤਾਲ ਦੀ ਟੀਮ ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾ ਸੰਦੀਪ ਕੁੱਕੜ ਤੇ ਡਾ. ਹਰਿੰਦਰਪਾਲ ਸਿੰਘ, ਸੀਨੀਅਰ ਕੰਸਲਟੈਂਟ-ਸਰਜੀਕਲ ਓਨਕੋਲੋਜੀ ਡਾ. ਵਿਜੇ ਜਾਗੜ, ਕੰਸਲਟੈਂਟ-ਰੇਡੀਏਸ਼ਨ ਓਨਕੋਲੋਜੀ ਡਾ. ਜੋਬਨਜੀਤ ਕੌਰ ਤੇ ਡਾ. ਅਰਨਵ ਤਿਵਾੜੀ ਨੇ ਕੈਂਸਰ ਦੇ ਵਧ ਰਹੇ ਰੁਝਾਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾ ਸੰਦੀਪ ਕੁੱਕੜ ਨੇ ਕਿਹਾ ਕਿ ਭਾਰਤ 'ਚ 30 ਲੱਖ ਲੋਕ ਕੈਂਸਰ ਨਾਲ ਪੀੜਤ ਹਨ ਤੇ ਹਰ ਸਾਲ 15.6 ਲੱਖ ਨਵੇਂ ਮਾਮਲੇ ਸਾਹਮਣੇ ਆਉਂਦੇ ਹਨ ਅਤੇ ਕੈਂਸਰ ਨਾਲ 8.7 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਕੁਝ ਦਹਾਕੇ ਪਹਿਲਾਂ, ਛਾਤੀ ਦਾ ਕੈਂਸਰ ਸਿਰਫ ਪੰਜਾਹ ਸਾਲ ਦੀ ਉਮਰ ਤੋਂ ਬਾਅਦ ਵੇਖਿਆ ਜਾਂਦਾ ਸੀ। ਹੁਣ ਛਾਤੀ ਦਾ ਕੈਂਸਰ ਛੋਟੀ ਉਮਰ ਵਿੱਚ ਵਧੇਰੇ ਆਮ ਹੈ ਅਤੇ 70% ਤੋਂ ਵੱਧ ਕੇਸ ਉੱਨਤ ਪੜਾਅ ਵਿੱਚ ਹੁੰਦੇ ਹਨ। ਡਾਇਰੈਕਟਰ-ਮੈਡੀਕਲ ਓਨਕੋਲੋਜੀ ਡਾ ਹਰਿੰਦਰਪਾਲ ਸਿੰਘ ਨੇ ਕਿਹਾ ਕਿ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਇੱਕ ਤਿਹਾਈ ਕੈਂਸਰ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਪੜਾਅ 'ਤੇ ਛਾਤੀ ਦੇ ਕੈਂਸਰ ਦੇ ਮਾਮਲਿਆਂ ਨੂੰ ਘਟਾਉਣ ਲਈ ਛਾਤੀ ਦੀ ਸਵੈ-ਜਾਂਚ ਅਤੇ ਮੈਮੋਗ੍ਰਾਫੀ ਇੱਕ ਚੰਗੀ ਤਕਨੀਕ ਹੈ ਤੇ ਛਾਤੀ ਦੇ ਐਕਸ-ਰੇ ਵਰਗੇ ਸਧਾਰਣ ਟੈਸਟ ਸ਼ੁਰੂਆਤੀ ਪੜਾਅ ਵਿੱਚ ਕੈਂਸਰ ਨੂੰ ਫੜਨ ਵਿੱਚ ਸਹਾਇਤਾ ਕਰ ਸਕਦੇ ਹਨ। ਪਾਰਕ ਹਸਪਤਾਲ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੁਪਰ ਸਪੈਸ਼ਲਿਟੀ ਹਸਪਤਾਲ ਨੈਟਵਰਕ ਹੈ ਜਿਸ ਵਿੱਚ 19 ਹਸਪਤਾਲ, 3500 ਬਿਸਤਰੇ, 800 ਆਈ ਸੀ ਯੂ ਬਿਸਤਰੇ, 14 ਕੈਥ ਲੈਬਾਂ, 45 ਮਾਡਿਊਲਰ ਓਟੀ ਅਤੇ 1000 ਤੋਂ ਵੱਧ ਡਾਕਟਰ ਹਨ। ਸੀਨੀਅਰ ਕੰਸਲਟੈਂਟ- ਸਰਜੀਕਲ ਓਨਕੋਲੋਜੀ, ਪਾਰਕ ਹਸਪਤਾਲ ਡਾ. ਵਿਜੇ ਜਾਗੜ ਦੇ ਅਨੁਸਾਰ, ਛਾਤੀ ਦਾ ਕੈਂਸਰ ਹੁਣ ਸਰਵਾਈਕਲ ਕੈਂਸਰ ਨੂੰ ਪਛਾੜ ਕੇ ਨਵੇਂ ਯੁੱਗ ਦੀ ਸਭ ਤੋਂ ਆਮ ਅਤੇ ਘਾਤਕ ਬਿਮਾਰੀ ਬਣ ਗਿਆ ਹੈ। ਛਾਤੀ ਦਾ ਕੈਂਸਰ ਹਰ ਸਾਲ 2.1 ਮਿਲੀਅਨ ਔਰਤਾਂ ਨੂੰ ਪ੍ਰਭਾਵਤ ਕਰਦਾ ਹੈ ਅਤੇ ਭਾਰਤ ਵਿੱਚ ਹਰ ਸਾਲ 2.20 ਲੱਖ ਨਵੇਂ ਮਾਮਲੇ ਸਾਹਮਣੇ ਆਉਂਦੇ ਹਨ।



# ਸੜਕਾਂ ਦੇ ਨਿਰਮਾਣ 'ਤੇ 400 ਕਰੋੜ ਖ਼ਰਚ ਕਰੇਗੀ ਪੰਜਾਬ ਸਰਕਾਰ : ਚੱਬੇਵਾਲ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਜ਼ਿਲ੍ਹਾ ਵਾਸੀਆਂ ਲਈ ਵੱਡੀ ਖੁਸ਼ਖਬਰੀ ਸੁਣਾਉਂਦੇ ਹੋਏ ਦੱਸਿਆ ਕਿ ਜਲਦ ਹੀ ਜ਼ਿਲ੍ਹੇ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਅੰਦਰ 1035 ਕਿਲੋਮੀਟਰ ਲੰਬੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਤੇ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 400 ਕਰੋੜ ਰੁਪਏ ਖ਼ਰਚ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਡਾ. ਚੱਬੇਵਾਲ ਨੇ ਅੱਗੇ ਦੱਸਿਆ ਕਿ ਪੀ ਡਬਲਿਊ ਡੀ ਰਾਹੀਂ 344 ਕਰੋੜ ਨਾਲ 975 ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ। ਇਸੇ ਤਰ੍ਹਾਂ ਪੰਜਾਬ ਮੰਡੀ ਬੋਰਡ ਵੱਲੋਂ 60.35 ਕਰੋੜ ਖ਼ਰਚ ਕਰਕੇ ਜ਼ਿਲ੍ਹੇ ਵਿੱਚ 74 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਡਾ. ਚੱਬੇਵਾਲ ਨੇ ਦੱਸਿਆ ਕਿ ਜ਼ਰੂਰਤ ਮੁਤਾਬਿਕ ਜਿੱਥੇ ਨਵੀਆਂ ਸੜਕਾਂ ਦਾ ਨਿਰਮਾਣ ਹੋਵੇਗਾ, ਉੱਥੇ ਹੀ ਕੰਕਰੀਟ ਦੀਆਂ ਸੜਕਾਂ ਵੀ ਬਣਾਈਆਂ ਜਾਣਗੀਆਂ ਤੇ ਨਾਲ ਹੀ ਕਈ ਸੜਕਾਂ ਨੂੰ 18 ਫੁੱਟ ਚੌੜਾ ਕਰਕੇ ਨਵੀਂ ਦਿੱਖ ਪ੍ਰਦਾਨ ਕੀਤੀ ਜਾਵੇਗੀ ਤੇ ਕਈ ਥਾਵਾਂ 'ਤੇ ਲੋਕਾਂ ਦੀ ਲੋੜ ਦੇ ਅਨੁਸਾਰ ਨਵੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕਾਂ ਦੇ ਇਸ ਨੈੱਟਵਰਕ ਦਾ ਕਾਰਜ 31 ਮਾਰਚ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਨਿਰਮਾਣ ਉਪਰੰਤ 5 ਸਾਲਾਂ ਤੱਕ ਸੜਕ ਦੀ ਜ਼ਿੰਮੇਵਾਰੀ ਬਣਾਉਣ ਵਾਲੀ ਕੰਪਨੀ ਦੀ ਹੋਵੇਗੀ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਵਿਕਾਸ ਦੇ ਇਸ ਵੱਡੇ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਊਣਤਾਈ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਲਈ ਜਿਹੜੀ ਵੀ ਕੰਪਨੀ ਜਿਸ ਵੀ ਸੜਕ ਦਾ ਨਿਰਮਾਣ ਕਰੇਗੀ, ਉਹ ਹੀ ਆਉਣ ਵਾਲੇ 5 ਸਾਲਾਂ ਤੱਕ ਉਸ ਸੜਕ ਦੀ ਰਿਪੇਅਰ ਲਈ ਜ਼ਿੰਮੇਵਾਰ ਵੀ ਹੋਵੇਗੀ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ 975 ਕਿਲੋਮੀਟਰ ਦੇ ਇਸ ਸੜਕੀ ਨੈਟਵਰਕ ਨਾਲ ਜਿੱਥੇ ਆਵਾਜਾਈ ਸੁਚੱਜੇ ਢੰਗ ਨਾਲ ਚੱਲੇਗੀ, ਉੱਥੇ ਹੀ ਦੁਰਘਟਨਾਵਾਂ ਦਾ ਗ੍ਰਾਫ ਵੀ ਹੇਠਾਂ ਆਵੇਗਾ, ਲੋਕਾਂ ਲਈ ਇੱਕ ਥਾਂ ਤੋਂ ਦੂਜੀ ਥਾਂ ਤੱਕ ਪੁੱਜਣਾ ਆਸਾਨ ਹੋ ਜਾਵੇਗਾ, ਇਸੇ ਤਰ੍ਹਾਂ ਵਪਾਰ ਵੀ ਪ੍ਰਫੁੱਲਿਤ ਹੋਵੇਗਾ।



# ਅਰਮਾਨ ਚੌਹਾਨ ਦੇ ਪਰਵਾਰ ਨਾਲ ਕੁਲਜੀਤ ਸਿੰਘ ਰੰਧਾਵਾ ਨੇ ਕੀਤਾ ਦੁੱਖ ਸਾਂਝਾ

**ਲਾਲੜੂ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਲਾਲੜੂ ਨਿਵਾਸੀ ਕੁਲਦੀਪ ਸਿੰਘ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪੁੱਤਰ ਅਰਮਾਨ ਚੌਹਾਨ ਦੇ ਕੈਨੇਡਾ ਵਿੱਚ ਸੜਕ ਹਾਦਸੇ ਦਾ ਸ਼ਿਕਾਰ ਹੋਣ ਦੀ ਦੁਖਦਾਈ ਘਟਨਾ 'ਤੇ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਤੇ ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕੀਤਾ।ਵਿਧਾਇਕ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿਦੇਸ਼ ਮਾਮਲਿਆਂ ਬਾਰੇ ਸੰਬੰਧਤ ਮੰਤਰੀ ਨਾਲ ਗੱਲਬਾਤ ਕੀਤੀ ਗਈ ਹੈ, ਤਾਂ ਜੋ ਪੀੜਤ ਪਰਿਵਾਰ ਨੂੰ ਸਰਕਾਰ ਵੱਲੋਂ ਬਣਦੀ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾ ਸਕੇ।ਰੰਧਾਵਾ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਪੀੜਤ ਪਰਵਾਰ ਦੇ ਨਾਲ ਖੜੀ ਹੈ ਤੇ ਹਰ ਪੱਧਰ 'ਤੇ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ।





# ਪਾਠ ਦਾ ਭੋਗ ਤੇ ਸ਼ਰਧਾਂਜਲੀ ਸਮਾਗਮ ਭਲਕੇ

**ਫਗਵਾੜਾ (ਡਾ. ਰਮਨ)**- ਸਵ. ਲੀਲਾ ਵਤੀ (ਧਰਮ ਪਤਨੀ ਸਵਰਗੀ ਵਤਨ ਚੰਦ) ਦੀ ਪਹਿਲੀ ਬਰਸੀ ਮੌਕੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਤੇ ਸ਼ਰਧਾਂਜਲੀ ਸਮਾਗਮ 11 ਜਨਵਰੀ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋ 1 ਵਜੇ ਤੱਕ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਉਹਨਾਂ ਦੇ ਸਪੁੱਤਰ ਨਰੇਸ਼ (ਬੈਂਕ ਵਾਲੇ), ਹੈਪੀ ਤੇ ਰਾਜੂ ਨੇ ਦਿੱਤੀ।

10-JAN-PAGE-1.qxd 1/9/2026 10:33 PM Page 2



## ਸੜਕ ਸੁਰੱਖਿਆ ਜੀਵਨ ਰੱਖਿਆ ਤਹਿਤ ਮੋਟਰਸਾਈਕਲ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਕਪਤਾਨ ਪੁਲਸ ਮੋਗਾ ਅਜੇ ਗਾਂਧੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਡੀ.ਐੱਸ.ਪੀ. ਸਬ ਡਵੀਜ਼ਨ ਸਿਟੀ ਮੋਗਾ ਦੀ ਅਗਵਾਈ ਵਿੱਚ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਤੇ ਟ੍ਰੈਫਿਕ ਸਟਾਫ ਮੋਗਾ ਵੱਲੋਂ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ 'ਸੜਕ ਸੁਰੱਖਿਆ ਜੀਵਨ ਰੱਖਿਆ' ਤਹਿਤ ਮੋਟਰਸਾਈਕਲ ਜਾਗਰੂਕਤਾ ਮਾਰਚ ਕੀਤਾ ਗਿਆ।ਇਸ ਮੋਟਰਸਾਈਕਲ ਮਾਰਚ ਨੂੰ ਮੋਗਾ ਦੇ ਮੁੱਖ ਚੌਕ 'ਚ ਡੀ.ਐੱਸ.ਪੀ. ਸਿਟੀ ਗੁਰਪ੍ਰੀਤ ਸਿੰਘ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਹ ਚੇਤਨਾ ਮਾਰਚ ਮੁੱਖ ਚੌਕ 'ਤੋਂ ਆਰੰਭ ਹੋ ਕੇ ਮੋਗਾ ਦੇ ਵੱਖ ਵੱਖ ਬਾਜ਼ਾਰਾਂ ਵਿੱਚ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਦਾ ਹੋਇਆ ਮੋਗਾ ਦੇ ਮੁੱਖ ਚੌਕ ਵਿੱਚ ਹੀ ਸਮਾਪਤ ਹੋਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐੱਸਪੀ ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਐੱਸਐੱਸਪੀ ਮੋਗਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੇ ਉਨ੍ਹਾਂ ਦੇ ਜਾਨ ਦੀ ਸੁਰੱਖਿਆ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਪੈਦਲ ਯਾਤਰੀਆਂ ਨੂੰ ਵੀ ਸੜਕ ਪਾਰ ਕਰਦੇ ਸਮੇਂ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ।ਇਸ ਮਾਰਚ ਦੌਰਾਨ ਐੱਸ ਆਈ ਸੁਖਮੰਦਰ ਸਿੰਘ (ਇੰਚਾਰਜ ਟ੍ਰੈਫਿਕ ਸਟਾਫ ਮੋਗਾ), ਏ.ਐੱਸ.ਆਈ. ਕੇਵਲ ਸਿੰਘ (ਇੰਚਾਰਜ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ), ਏ.ਐੱਸ.ਆਈ. ਗਮਦੂਰ ਸਿੰਘ, ਹੈੱਡ ਕਾਂਸਟੇਬਲ ਦਵਿੰਦਰ ਸਿੰਘ, ਹੈੱਡ ਕਾਂਸਟੇਬਲ ਸੁਖਜਿੰਦਰ ਸਿੰਘ ਸਮੇਤ ਹੋਰ ਟ੍ਰੈਫਿਕ ਕਰਮਚਾਰੀ ਹਾਜ਼ਰ ਸਨ।

## ਮਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਸੰਗਰੂਰ ਵਿਸ਼ਾਲ ਰੈਲੀ ਪ੍ਰਤੀ ਭਾਰੀ ਉਤਸ਼ਾਹ : ਬੰਨੀ ਖਹਿਰਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਕੇਂਦਰ ਸਰਕਾਰ ਦੀਆਂ ਮਨਰੇਗਾ ਵਿਰੋਧੀ ਨੀਤੀਆਂ ਦੇ ਖ਼ਿਲਾਫ਼ 10 ਜਨਵਰੀ ਨੂੰ 2 ਵਜੇ ਅਨਾਜ ਮੰਡੀ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ 'ਚ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਪਾਰਟੀ ਵਰਕਰਾਂ, ਮਨਰੇਗਾ ਮਜ਼ਦੂਰਾਂ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ।ਸੀਨੀ: ਕਾਂਗਰਸੀ ਆਗੂ ਬੰਨੀ ਖਹਿਰਾ ਨੇ ਦੱਸਿਆ ਕਿ ਇਹ ਸ਼ਮੂਲੀਅਤ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੀਆਂ ਹਦਾਇਤਾਂ ਅਨੁਸਾਰ ਬਲਾਕ ਕਾਂਗਰਸ ਦੇ ਪ੍ਰਧਾਨ ਪਰਮਿੰਦਰ ਸਿੰਘ ਸੰਮੀ ਠੁੱਲੀਵਾਲ ਦੀ ਅਗਵਾਈ ਵਿੱਚ ਕੀਤੀ ਜਾਵੇਗੀ।ਆਗੂ ਖਹਿਰਾ ਨੇ ਦੱਸਿਆ ਕਿ ਰੈਲੀ ਦੀ ਤਿਆਰੀ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਲਗਾਤਾਰ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸੰਗਰੂਰ ਰੈਲੀ ਦਾ ਵਿਸ਼ਾਲ ਇਕੱਠ ਸਰਕਾਰਾਂ ਨੂੰ ਮਜ਼ਦੂਰ ਵਿਰੋਧੀ ਨੀਤੀਆਂ 'ਤੇ ਮੁੜ ਸੋਚਣ ਲਈ ਮਜ਼ਬੂਰ ਕਰ ਦੇਵੇਗਾ।ਉਨ੍ਹਾਂ ਮਨਰੇਗਾ ਮਜ਼ਦੂਰਾਂ, ਪਾਰਟੀ ਵਰਕਰਾਂ ਤੇ ਸਮੂਹ ਆਗੂਆਂ ਨੂੰ ਅਪੀਲ ਕੀਤੀ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਲਈ 10 ਜਨਵਰੀ ਨੂੰ ਕਾਫ਼ਲਿਆਂ ਸਮੇਤ ਸੰਗਰੂਰ ਪਹੁੰਚ ਕੇ ਰੈਲੀ ਨੂੰ ਕਾਮਯਾਬ ਬਣਾਇਆ ਜਾਵੇ।

# ਕਰਜ਼ਾ ਮੋੜਨ ਦੀ ਐੱਨ ਓ ਸੀ ਜਾਰੀ ਨਾ ਕਰਨ 'ਤੇ ਕਿਸਾਨਾਂ ਵੱਲੋਂ ਬੈਂਕ ਅੱਗੇ ਧਰਨਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਖੇਤੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਿੰਡ ਸ਼ੁਤਰਾਣਾ ਦੇ ਕਿਸਾਨ ਵੱਲੋਂ ਬੈਂਕ ਤੋਂ ਲਿਆ ਗਿਆ ਕਰਜ਼ਾ ਵਾਪਸ ਮੋੜ ਦਿੱਤਾ ਗਿਆ, ਪਰ ਬੈਂਕ ਅਧਿਕਾਰੀਆਂ ਵੱਲੋਂ ਛੇ ਮਹੀਨੇ ਬੀਤ ਜਾਣ ਦੇ ਬਾਵਜੂਦ ਕਿਸਾਨ ਨੂੰ ਐੱਨਓਸੀ ਜਾਰੀ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਬੈਂਕ ਦੀ ਬਰਾਂਚ ਸਾਹਮਣੇ ਵਿਸ਼ਾਲ ਰੋਹ ਭਰਪੂਰ ਧਰਨਾ ਦਿੱਤਾ ਗਿਆ।

ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਬੈਂਕ ਦੀ ਬ੍ਰਾਂਚ ਸਾਹਮਣੇ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਨੂੰ ਸੰਬੋਧਨ ਕਰਨ ਮਗਰੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਸ਼ੁਤਰਾਣਾ ਦੇ ਕਿਸਾਨ ਅਮਰੀਕ ਸਿੰਘ ਵੱਲੋਂ ਆਪਣੀਆਂ ਖੇਤੀ ਲੋੜਾਂ ਪੂਰੀਆਂ ਕਰਨ ਲਈ ਇੰਡਸ ਬੈਂਕ ਤੋਂ ਲਿਮਟ ਉੱਤੇ ਕਰਜ਼ਾ ਲਿਆ ਗਿਆ ਸੀ, ਜੋ ਉਕਤ ਕਿਸਾਨ ਵੱਲੋਂ ਕੁਝ ਸਮਾਂ ਮਗਰੋਂ ਮੋੜ ਦਿੱਤਾ ਗਿਆ, ਪਰ ਬਾਵਜੂਦ ਇਸ ਦੇ ਬੈਂਕ ਅਧਿਕਾਰੀਆਂ ਵੱਲੋਂ ਕਿਸਾਨ ਨੂੰ ਐੱਨਓਸੀ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮਾਮਲੇ ਨੂੰ ਲੈ ਕੇ ਪਿਛਲੇ ਛੇ ਮਹੀਨਿਆਂ ਤੋਂ ਕਿਸਾਨ ਬੈਂਕ ਦੇ ਗੇੜੇ ਕੱਢਣ ਲਈ ਮਜਬੂਰ ਹੈ ਤੇ ਕਰੀਬ ਦੋ ਮਹੀਨੇ ਪਹਿਲਾਂ ਮਾਮਲਾ ਜਥੇਬੰਦੀ ਦੇ ਧਿਆਨ ਵਿੱਚ ਲਿਆਉਣ ਮਗਰੋਂ ਜਥੇਬੰਦੀ ਦੇ ਆਗੂਆਂ ਨੇ ਬੈਂਕ ਸਾਹਮਣੇ ਸੰਕੇਤਕ ਧਰਨਾ ਦਿੱਤਾ ਤਾਂ ਇਸ ਦੌਰਾਨ ਬੈਂਕ ਅਧਿਕਾਰੀਆਂ ਨੇ ਇੱਕ ਹਫਤੇ ਦਾ ਸਮਾਂ ਮੰਗਿਆ ਸੀ, ਪਰ ਦੋ ਮਹੀਨੇ ਦੇ ਕਰੀਬ ਸਮਾਂ ਬੀਤ ਜਾਣ ਦੇ ਬਾਵਜੂਦ ਕਿਸਾਨ ਨੂੰ ਐੱਨਓਸੀ ਸਰਟੀਫਿਕੇਟ ਜਾਰੀ ਕਰਨ ਦੀ ਬਜਾਏ ਬੈਂਕ ਉਕਤ ਕਿਸਾਨ ਕੋਲੋਂ 4 ਲੱਖ ਰੁਪਏ ਦੀ ਮੰਗ ਕਰ ਰਿਹਾ ਹੈ, ਜਿਸ ਕਰਕੇ ਮਜਬੂਰਨ ਧਰਨਾ ਲਗਾਉਣਾ ਪਿਆ।ਉਨ੍ਹਾਂ ਦੋਸ਼ ਲਗਾਇਆ ਕਿ ਕਰਜ਼ਾ ਭਰਨ ਦੇ ਬਾਵਜੂਦ ਕਿਸਾਨ ਤੋਂ ਇਸ ਤਰ੍ਹਾਂ ਵਾਧੂ ਰਕਮ ਵਸੂਲਣਾ ਸਰਾਸਰ ਧੱਕਾ ਹੈ, ਜਿਸ ਨੂੰ ਕਿਸਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ।ਧਰਨੇ ਦੌਰਾਨ ਪੁਲਸ ਪ੍ਰਸ਼ਾਸਨ ਵੱਲੋਂ ਕੀਤੀ ਗਈ ਦਖ਼ਲ ਅੰਦਾਜ਼ੀ ਮਗਰੋਂ ਦੋਹਾਂ ਧਿਰਾਂ ਵਿਚਕਾਰ ਸਮਝੌਤਾ ਹੋ ਗਿਆ, ਜਿਸ ਤਹਿਤ ਬੈਂਕ ਅਧਿਕਾਰੀਆਂ ਨੇ ਧਰਨਾਕਾਰੀਆਂ ਨੂੰ ਸੋਮਵਾਰ ਤੱਕ ਐੱਨਓਸੀ ਸਰਟੀਫਿਕੇਟ ਦੇਣ ਦਾ ਭਰੋਸਾ ਦਿੱਤਾ। ਇਸ ਮਗਰੋਂ ਕਿਸਾਨਾਂ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ।ਦੂਜੇ ਪਾਸੇ ਕਿਸਾਨ ਜਥੇਬੰਦੀ ਦੇ ਆਗੂਆਂ ਨੇ ਐੱਨਓਸੀ ਸਰਟੀਫਿਕੇਟ ਜਾਰੀ ਨਾ ਕਰਨ ਦੀ ਸੂਰਤ ਵਿੱਚ ਮੁੜ ਤੋਂ ਧਰਨਾ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਦਿੱਤੀ ਹੈ।

## ਮਨਰੇਗਾ ਬਚਾਓ ਰੈਲੀ ਲਈ ਮੀਟਿੰਗ 'ਚ ਕਾਂਗਰਸੀ ਵਰਕਰਾਂ ਵੱਲੋਂ ਭਰਵੀਂ ਸ਼ਮੂਲੀਅਤ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ/ਬਲਵਿੰਦਰ ਸਿੰਘ)**-ਸਥਾਨਕ ਹਰਕਿਸ਼ਨ ਸਿਨੇਮਾ ਹਾਲ ਵਿੱਚ ਕਾਂਗਰਸ ਪਾਰਟੀ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ।ਇਹ ਮੀਟਿੰਗ 12 ਜਨਵਰੀ ਨੂੰ ਗੁਰੂ ਹਰਸਹਾਏ ਵਿੱਚ ਹੋਣ ਜਾ ਰਹੀ 'ਮਨਰੇਗਾ ਬਚਾਓ ਸੰਘਰਸ਼ ਰੈਲੀ' ਦੀ ਤਿਆਰੀ ਸਬੰਧੀ ਕੀਤੀ ਗਈ ਸੀ, ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਤੇ ਸਮਰਥਕਾਂ ਦੀ ਹਾਜ਼ਰੀ ਵੇਖਣ ਨੂੰ ਮਿਲੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਆਗੂ ਰਮਿੰਦਰ ਸਿੰਘ ਆਵਲਾ ਨੇ ਕਿਹਾ ਕਿ ਛੋਟੇ ਜਿਹੇ ਸੁਨੇਹੇ 'ਤੇ ਇੰਨਾ ਵੱਡਾ ਇਕੱਠ ਹੋਣਾ ਉਨ੍ਹਾਂ ਆਲੋਚਕਾਂ ਲਈ ਸਪੱਸ਼ਟ ਜਵਾਬ ਹੈ, ਜੋ ਕਹਿੰਦੇ ਹਨ ਕਿ ਜਲਾਲਾਬਾਦ ਵਿੱਚ ਕਾਂਗਰਸ ਦਾ ਆਧਾਰ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਲਾਲਾਬਾਦ ਵਿੱਚ ਕਾਂਗਰਸ ਅੱਜ ਵੀ ਸਭ ਤੋਂ ਵੱਧ ਮਜ਼ਬੂਤ ਹੈ ਤੇ ਵਰਕਰਾਂ ਦਾ ਉਤਸ਼ਾਹ ਸਾਬਤ ਕਰਦਾ ਹੈ ਕਿ ਪਾਰਟੀ ਇਥੇ ਕਦੇ ਕਮਜ਼ੋਰ ਨਹੀਂ ਹੋਈ।ਇਸ ਦੌਰਾਨ ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ 12 ਜਨਵਰੀ ਨੂੰ ਗੁਰੂ ਹਰਸਹਾਏ ਵਿੱਚ ਹੋਣ ਵਾਲੀ ਰੈਲੀ ਵਿੱਚ ਜਲਾਲਾਬਾਦ ਤੋਂ ਵੱਡੇ ਕਾਫ਼ਲੇ ਨਾਲ ਵਰਕਰ ਸ਼ਾਮਲ ਹੋਣਗੇ। ਮੀਟਿੰਗ ਦੌਰਾਨ ਆਗੂਆਂ ਤੇ ਵਰਕਰਾਂ ਨੇ ਰੈਲੀ ਦੇ ਪ੍ਰਚਾਰ, ਟਰਾਂਸਪੋਰਟ ਤੇ ਲੋਕ-ਭਾਗੀਦਾਰੀ ਨੂੰ ਲੈ ਕੇ ਰਣਨੀਤੀ ਤੈਅ ਕੀਤੀ।ਨੌਜਵਾਨਾਂ, ਮਹਿਲਾ ਵਰਕਰਾਂ ਤੇ ਪਿੰਡਾਂ ਤੋਂ ਆਏ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ। ਮੀਟਿੰਗ ਵਿੱਚ ਪਾਰਟੀ ਦੇ ਸੀਨੀਅਰ ਵਰਕਰ, ਨੌਜਵਾਨ ਆਗੂ, ਮਹਿਲਾ ਸਮਰਥਕ ਤੇ ਵੱਖ-ਵੱਖ ਪਿੰਡਾਂ ਦੇ ਕਾਂਗਰਸੀ ਆਗੂ ਹਾਜ਼ਰ ਸਨ।

## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮਹੀਨਾਵਾਰ ਮੀਟਿੰਗ ਰਣਜੀਤ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਾਰੇ ਮੈਂਬਰਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ।ਮੀਟਿੰਗ ਦੌਰਾਨ ਸਰਕਾਰ ਦੀ ਇਸ ਗੱਲੋਂ ਸਖ਼ਤ ਨਿਖੇਧੀ ਕੀਤੀ ਗਈ ਕਿ ਇਸ ਨੇ ਪੈਨਸ਼ਨਰਜ਼ ਤੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਨਿਲੰਬਤ ਪਏ ਡੀ ਏ ਤੇ ਬਕਾਇਆਂ ਦੀ ਅਦਾਇਗੀ ਨਾ ਕਰਕੇ ਧੋਖਾ ਕੀਤਾ ਹੈ, ਜਦੋਂਕਿ ਸਰਕਾਰ ਦੇ ਬਿਊਰੋ ਹਰ ਕਿਸਮ ਦੇ ਬਕਾਏ ਲੈ ਚੁੱਕੇ ਹਨ। ਸਰਕਾਰ ਵੱਲੋਂ ਪੰਜਾਬ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਦਾ ਰੌਲਾ ਪਾਉਣ ਦੇ ਬਾਵਜੂਦ ਕਰੋੜਾਂ ਰੁਪਏ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਕੀਤੇ ਜਾ ਰਹੇ ਪ੍ਰਚਾਰ ਉੱਪਰ ਖਰਚ ਕੀਤੇ ਜਾ ਰਹੇ ਹਨ।ਇਸ ਦੇ ਐੱਮ ਐੱਲ ਏ ਤੇ ਮੰਤਰੀ ਸਰਕਾਰੀ ਖਜ਼ਾਨੇ ਦੇ ਖਰਚੇ ਉੱਪਰ ਭੱਤਿਆਂ ਦੇ ਗੱਫੇ ਲੈ ਰਹੇ ਹਨ।ਸਰਕਾਰ ਉੱਪਰ ਕਰਜ਼ੇ ਦੀ ਪੰਡ ਦੇ ਬਾਵਜੂਦ ਆਪਣੇ ਖਰਚੇ ਪੂਰੇ ਕਰਨ ਹਿੱਤ ਹੋਰ ਕਰਜ਼ਾ ਲੈ ਕੇ ਪੰਜਾਬ ਦਾ ਦੀਵਾਲਾ ਕੱਢ ਰਹੇ ਹਨ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜਾਇੰਟ ਫਰੰਟ ਮੰਗਾਂ ਦੀ ਪ੍ਰਾਪਤੀ ਲਈ ਜੋ ਵੀ ਪ੍ਰੋਗਰਾਮ ਉਲੀਕੇਗਾ, ਉਸ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ।ਇਸ ਮੌਕੇ ਗੁਰਦਿਆਲ ਸਿੰਘ ਦਲਾਲ ਸਕੱਤਰ, ਕਰਮ ਸਿੰਘ ਜਟਾਣਾ, ਨਿਰੰਜਣ ਸਿੰਘ ਧੀਰ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਸ਼ਾਮਲ ਸਨ।

## ਪੱਛੜੀਆਂ ਸ਼੍ਰੇਣੀਆਂ ਨੂੰ ਸਰਕਾਰੀ ਸਕੀਮਾਂ ਦਾ ਬਣਦਾ ਲਾਭ ਮੁਹੱਈਆ ਕਰਨਾ ਯਕੀਨੀ ਬਣਾਇਆ ਜਾਵੇ : ਚੇਅਰਮੈਨ ਮਲਕੀਤ ਥਿੰਦ

**ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਵੱਲੋਂ ਭਲਾਈ ਸਕੀਮਾਂ ਦਾ ਜਾਇਜ਼ਾ**



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ ਦਾ ਬਣਦਾ ਲਾਭ ਲੋੜਵੰਦਾਂ ਨੂੰ ਮੁਹੱਈਆ ਕਰਾਉਣਾ ਯਕੀਨੀ ਬਣਾਇਆ ਜਾਵੇ।ਇਹ ਪ੍ਰਗਟਾਵਾ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਡਾ. ਮਲਕੀਤ ਸਿੰਘ ਥਿੰਦ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਤੇ ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ। ਇਸ ਮੌਕੇ ਚੇਅਰਮੈਨ ਥਿੰਦ ਨੇ ਵੱਖ ਵੱਖ ਵਿਭਾਗਾਂ ਦੀਆਂ ਪੱਛੜੀਆਂ ਸ਼੍ਰੇਣੀਆਂ ਦੀਆਂ ਭਲਾਈ ਸਕੀਮਾਂ ਦਾ ਜਾਇਜ਼ਾ ਲਿਆ।ਮੀਟਿੰਗ ਦੌਰਾਨ ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਪੱਛੜੇ ਵਰਗ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਦੀ ਹਰੇਕ ਯੋਜਨਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਉਣ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਹਰੇਕ ਗ੍ਰਾਂਟ ਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ ਦਾ ਲਾਭ ਲੈਣ ਵਿੱਚ ਕਿਸੇ ਨੂੰ ਮੁਸ਼ਕਲ ਪੇਸ਼ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਹਰੇਕ ਵਰਗ ਨੇ ਨਾਲ ਨਾਲ ਪੱਛੜੇ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਹਰੇਕ ਪਿੰਡ, ਵਾਰਡ ਪੱਧਰ 'ਤੇ ਪੱਛੜੀਆਂ ਸ਼੍ਰੇਣੀਆਂ ਨੂੰ ਸਰਕਾਰ ਤੋਂ ਮਿਲਣ ਵਾਲੀਆਂ ਯੋਜਨਾਵਾਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਦੌਰਾਨ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਰਕਾਰੀ ਵਿਭਾਗਾਂ ਵਿੱਚ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਉਣ ਦਿੱਤੀ ਜਾਵੇ।

ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਸ. ਗੁਰਪ੍ਰੀਤ ਸਿੰਘ ਭੁੱਚਰ, ਅੰਡਰ ਟ੍ਰੇਨਿੰਗ ਆਈ ਏ ਐੱਸ ਗੁਰਲੀਨ ਕੌਰ, ਐੱਸ ਡੀ ਐੱਮ ਮਾਨਸਾ ਕਾਲਾ ਰਾਮ ਕਾਂਸਲ, ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਗੁਰਿੰਦਰਜੀਤ ਸਿੰਘ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਰੇਲ ਗੱਡੀ 'ਚੋਂ ਡਿੱਗਣ ਕਾਰਨ ਨਾਮਲੂਮ ਯਾਤਰੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਸ ਨੂੰ ਸਰਹਿੰਦ ਰੇਲਵੇ ਸਟੇਸ਼ਨ ਨੇੜਿਉਂ ਇੱਕ ਨਾਮਾਲੂਮ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਜਾਂਚ ਕਰ ਰਹੇ ਜੀ.ਆਰ.ਪੀ. ਦੇ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਸਰਹਿੰਦ ਰੇਲਵੇ ਸਟੇਸ਼ਨ ਨਜ਼ਦੀਕ ਰੇਲਵੇ ਕਿਲੋਮੀਟਰ ਨੰਬਰ 314/1-2 ਕੋਲੋਂ ਇੱਕ ਨਾਮਾਲੂਮ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 40/45 ਸਾਲ, ਸਿਰ ਤੋਂ ਮੋਨਾ, ਰੰਗ ਕਣਕਵੰਨਾ, ਚਿਹਰਾ ਗੋਲ, ਦਾੜ੍ਹੀ ਮੁੱਛਾਂ ਕੱਟੀਆਂ ਹੋਈਆਂ, ਟੀ-ਸ਼ਰਟ ਰੰਗ ਫਿਕਾ ਗੁਲਾਬੀ ਤੇ ਲੋਅਰ ਰੰਗ ਕਾਲਾ ਪਹਿਨੀ ਹੋਈ ਸੀ, ਜਿਸ ਦੀ ਮੌਤ ਚੱਲਦੀ ਰੇਲਗੱਡੀ 'ਚੋਂ ਡਿੱਗਣ ਕਾਰਨ ਹੋਈ ਜਾਪਦੀ ਹੈ, ਦੀ ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।

## ਨੈੱਟਬਾਲ ਚੈਂਪੀਅਨਸ਼ਿਪ ਬਾਬਾ ਫਰੀਦ ਸਕੂਲ ਛੱਤਿਆਣਾ 'ਚ ਸ਼ਾਨੋ-ਸ਼ੌਕਤ ਨਾਲ ਸੰਪੰਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਫਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਸ੍ਰੀਮਤੀ ਸੁਮਨ ਕੌਸ਼ਿਕ ਪ੍ਰਧਾਨ ਨੈੱਟਬਾਲ ਫਾਊਂਡੇਸ਼ਨ ਆਫ ਇੰਡੀਆ ਤੇ ਸ੍ਰੀ ਅਸ਼ੋਕ ਆਨੰਦ ਵਾਈਸ ਪ੍ਰਧਾਨ ਨੈੱਟਬਾਲ ਆਫ ਇੰਡੀਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਪਰਮਜੀਤ ਕੌਰ ਦੀ ਅਗਵਾਈ ਵਿੱਚ 18ਵੀਂ ਜੂਨੀਅਰ ਤੇ 22ਵੀਂ ਸੀਨੀਅਰ ਪੰਜਾਬ ਸਟੇਟ ਨੈੱਟਬਾਲ ਚੈਂਪੀਅਨਸ਼ਿਪ ਕਰਵਾਈ ਗਈ।ਇਸ ਮੌਕੇ ਪਲਵੀ ਰਾਣਾ ਜਰਨਲ ਸੈਕਟਰੀ ਨੈਟਬਾਲ ਪੰਜਾਬ, ਵਿਵੇਕ ਸਿੰਘ ਇੰਟਰਨੈਸ਼ਨਲ ਨੈਟਬਾਲ ਕੋਚ, ਕੁਲਦੀਪ ਸਿੰਘ, ਨਰੇਸ਼ ਕੁਮਾਰ ਡੀਪੀਈ, ਤਰਸੇਮ ਸਿੰਘ ਡੀਪੀਈ, ਗੁਰਮੇਲ ਸਿੰਘ ਡੀਪੀਈ, ਮਨਪ੍ਰੀਤ ਸਿੰਘ ਨੈੱਟਬਾਲ ਕੋਚ ਆਦਿ ਹਾਜ਼ਰ ਸਨ।ਇਸ ਚੈਂਪੀਅਨਸ਼ਿਪ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਜੂਨੀਅਰ ਅਤੇ ਸੀਨੀਅਰ ਲੜਕੇ ਲੜਕੀਆਂ ਦੀਆਂ ਕਰੀਬ 50 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਸੀਨੀਅਰ ਲੜਕੀਆਂ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ ਪਹਿਲਾ, ਫਾਜ਼ਲਿਕਾ ਦੀ ਟੀਮ ਨੇ ਦੂਸਰਾ ਅਤੇ ਬਰਨਾਲਾ ਤੇ ਮਲੇਰਕੋਟਲਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਸੀਨੀਅਰ ਲੜਕੇ 'ਚ ਤਰਨਤਾਰਨ ਨੇ ਪਹਿਲਾ, ਲੁਧਿਆਣਾ ਨੇ ਦੂਸਰਾ ਅਤੇ ਸ੍ਰੀ ਮੁਕਤਸਰ ਸਾਹਿਬ ਤੇ ਬਰਨਾਲਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਜੂਨੀਅਰ ਲੜਕੀਆਂ 'ਚ ਮਲੇਰਕੋਟਲਾ ਦੀ ਟੀਮ ਨੇ ਪਹਿਲਾ, ਮਾਨਸਾ ਦੀ ਟੀਮ ਨੇ ਦੂਸਰਾ ਤੇ ਪਟਿਆਲਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ।ਜੂਨੀਅਰ ਲੜਕੇ 'ਚ ਬਰਨਾਲਾ ਦੀ ਟੀਮ ਨੇ ਪਹਿਲਾ, ਲੁਧਿਆਣਾ ਦੀ ਟੀਮ ਨੇ ਦੂਸਰਾ ਤੇ ਮਾਨਸਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਹਰਜੀਤ ਸਿੰਘ ਬਰਾੜ ਨੇ ਜੇਤੂ ਟੀਮਾਂ ਤੇ ਉਨ੍ਹਾਂ ਦੇ ਕੋਚ ਸਾਹਿਬਾਨਾਂ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਸਿਮਰਦੀਪ ਸਿੰਘ, ਅਮਨਦੀਪ ਕੌਰ ਨੈੱਟਬਾਲ ਕੋਚ, ਰੋਬਿਨ ਨੈੱਟਬਾਲ ਕੋਚ, ਜਨਜੇ ਸੇਨ, ਵਰਿੰਦਰ ਕੁਮਾਰ ਮੋਦੀ ਤੋਂ ਇਲਾਵਾ ਬਲਕਰਨ ਸਿੰਘ, ਜਗਮੀਤ ਸਿੰਘ, ਗੁਰਜੋਤ ਸਿੰਘ, ਸੁਖਦੀਪ ਸਿੰਘ, ਮੈਡਮ ਬੇਅੰਤ ਕੌਰ, ਸੁਖਜਿੰਦਰ ਕੌਰ, ਸ਼ਰਨਜੋਤ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਹਿਯੋਗੀ, ਖਿਡਾਰੀ ਤੇ ਪ੍ਰਬੰਧਕ ਹਾਜ਼ਰ ਸਨ।

## ਸ਼ਹਿਰ 'ਚ ਨਜਾਇਜ਼ ਕਬਜ਼ਿਆਂ ਦੀ ਭਰਮਾਰ ਤੋਂ ਲੋਕ ਦੁਖੀ




**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਮੁਹਿੰਮ ਦੇ ਤਹਿਤ ਸਮੇਂ ਸਮੇਂ 'ਤੇ ਸਖਤ ਹੁਕਮ ਜਾਰੀ ਕੀਤੇ ਜਾ ਰਹੇ ਹਨ।ਅਨੇਕਾਂ ਵਾਰ ਲੋਕਾਂ ਵੱਲੋਂ ਉੱਚ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਇਸ ਸਮੱਸਿਆ ਦਾ ਹੱਲ ਨਹੀਂ ਹੋਇਆ ਅਤੇ ਪ੍ਰਸ਼ਾਸਨ ਵੱਲੋਂ ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਸ਼ਹਿਰ ਵਿੱਚ ਨਜਾਇਜ਼ ਕਬਜ਼ਿਆਂ ਦੀ ਭਰਮਾਰ ਹੈ, ਜਿਸ ਦੇ ਚਲਦਿਆਂ ਬਰੇਟਾ ਮੰਡੀ ਵਿੱਚ ਨਗਰ ਕੌਂਸਲ ਬਰੇਟਾ ਵੱਲੋਂ ਮੇਨ ਬਾਜ਼ਾਰ ਤੇ ਨਾਲ ਲੱਗਦੀਆਂ ਗਲੀਆਂ ਵਿੱਚ ਦੁਕਾਨਦਾਰਾਂ ਵੱਲੋਂ ਦੁਕਾਨ ਦੀ ਹਦੂਦ ਤੋਂ ਕਾਫੀ ਬਾਹਰ ਸਾਮਾਨ ਲਗਾਉਣ ਕਰਕੇ ਆਵਾਜਾਈ ਵਿੱਚ ਪੈ ਰਹੇ ਵਿਘਨ ਕਾਰਨ ਆਮ ਜਨਤਾ ਨੂੰ ਪ੍ਰੇਸ਼ਾਨ ਹੋਣਾ ਪੈਂਦਾ ਹੈ।ਇਸ ਤੋਂ ਇਲਾਵਾ ਮੁੱਖ ਬਜ਼ਾਰ ਵਿਖੇ ਸਥਿਤ ਸ੍ਰੀ ਕ੍ਰਿਸ਼ਨਾ ਮੰਦਰ ਚੌਕ ਵਿੱਚ ਟ੍ਰੈਫਿਕ ਦੀ ਸਮੱਸਿਆ ਬਣੀ ਰਹਿੰਦੀ ਹੈ, ਕਿਉਂਕਿ ਇਹ ਚੌਕ ਰੇਲਵੇ ਸਟੇਸ਼ਨ, ਕੁਲਰੀਆਂ ਰੋਡ, ਬੱਸ ਅੱਡਾ ਤੇ ਬੁਢਲਾਡਾ ਜਾਖਲ ਰੋਡ ਕੈਂਚੀਆਂ ਨੂੰ ਜੋੜਦਾ ਹੈ। ਇਸ ਚੌਕ ਵਿੱਚ ਟ੍ਰੈਫਿਕ ਕੰਟਰੋਲ ਕਰਨ ਦਾ ਕੋਈ ਯੋਗ ਪ੍ਰਬੰਧ ਨਹੀਂ, ਜਿਸ ਕਾਰਨ ਆਮ ਟ੍ਰੈਫਿਕ 'ਚ ਵਿਘਨ ਪੈਂਦਾ ਰਹਿੰਦਾ ਹੈ ਅਤੇ ਰੇਹੜੀਆਂ ਆਦਿ ਕਾਰਨ ਵੀ ਚੌਕ ਰੁਕਿਆ ਰਹਿਣ 'ਤੇ ਦੁਰਘਟਨਾ ਦਾ ਡਰ ਬਣਿਆ ਰਹਿੰਦਾ ਹੈ।ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਵੀ ਕਈ ਵਾਰ ਇਸ ਸਮੱਸਿਆ ਦਾ ਮਾਮਲਾ ਉੱਠਿਆ ਹੈ, ਪਰ ਕੁੱਝ ਦਿਨ ਹੱਲ ਹੋ ਵੀ ਜਾਂਦਾ ਹੈ ਅਤੇ ਕਿਸੇ ਸਿਆਸੀ ਦਖਲ ਅੰਦਾਜ਼ੀ ਕਾਰਨ ਫਿਰ ਢਿੱਲ ਵਰਤਦੇ ਹੋਏ ਇਸ ਸਮੱਸਿਆ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ।ਆਮ ਜਨਤਾ ਦੀ ਪ੍ਰਸ਼ਾਸਨ ਤੋਂ ਮੰਗ ਹੈ ਕਿ ਟ੍ਰੈਫਿਕ ਸਮੱਸਿਆ ਦਾ ਤੁਰੰਤ ਹੱਲ ਕਰਕੇ ਦੁਕਾਨਦਾਰਾਂ ਵੱਲੋਂ ਕੀਤੇ ਗਏ ਨਜਾਇਜ਼ ਕਬਜ਼ੇ ਛੁਡਵਾਏ ਜਾਣ ਤੇ ਰੇਹੜੀਆਂ ਵਾਲਿਆਂ ਲਈ ਯੋਗ ਥਾਂ ਦਾ ਪ੍ਰਬੰਧ ਕੀਤਾ ਜਾਵੇ।

## ਇਕੋ ਰਾਤ ਚ ਤਿੰਨ ਥਾਵਾਂ ਤੋਂ ਨਗਦੀ, ਕੀਮਤੀ ਸਾਮਾਨ ਚੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਚੋਰ ਗਿਰੋਹ ਦੇ ਹੌਸਲੇ ਆਏ ਦਿਨ ਬੁਲੰਦ ਹੋਏ ਹਨ। ਬੀਤੀ ਰਾਤ ਚੋਰ ਗਿਰੋਹ ਨੇ ਤਿੰਨ ਥਾਵਾਂ 'ਤੇ ਚੋਰੀ ਕਰਕੇ ਹਜ਼ਾਰਾਂ ਰੁਪਏ ਨਕਦੀ, ਲੱਖਾਂ ਰੁਪਏ ਦਾ ਕੀਮਤੀ ਸਾਮਾਨ ਚੋਰੀ ਕਰਕੇ ਲੈ ਜਾਣ ਦੀ ਖਬਰ ਮਿਲੀ ਹੈ। ਜਾਣਕਾਰੀ ਅਨੁਸਾਰ ਮਹਿਲ ਕਲਾਂ ਦਾਣਾ ਮੰਡੀ ਦੇ ਸਾਹਮਣੇ ਦੁਰਗਾ ਟਰੇਡਿੰਗ ਕੰਪਨੀ ਦਵਾਈਆਂ ਦੀ ਦੁਕਾਨ 'ਚ ਚੋਰ ਗਿਰੋਹ ਵੱਲੋਂ ਬੀਤੀ ਰਾਤ ਸਟਰ ਭੰਨਕੇ ਨਕਦੀ, ਕੀਮਤੀ ਸਾਮਾਨ ਚੋਰੀ ਕਰਨ ਦੀ ਘਟਨਾ ਨੂੰ ਅੰਜਾਮ ਦਿੱਤਾ।ਦੁਕਾਨ ਮਾਲਕ ਵਰਿੰਦਰ ਕੁਮਾਰ ਪੁੱਤਰ ਕਸਤੂਰੀ ਲਾਲ ਬਰਨਾਲਾ ਨੇ ਦੱਸਿਆ ਕਿ ਉਹ ਬੀਤੀ ਸ਼ਾਮ ਨੂੰ ਦੁਕਾਨ ਬੰਦ ਕਰਕੇ ਗਏ ਸਨ।ਇਸ ਘਟਨਾ ਸਬੰਧੀ ਸਵੇਰੇ 7 ਵਜੇ ਦੇ ਕਰੀਬ ਇੱਕ ਵਿਅਕਤੀ ਵੱਲੋਂ ਫ਼ੋਨ ਕਰਕੇ ਦੁਕਾਨ ਦਾ ਸਟਰ ਟੁੱਟਿਆ ਹੋਣ ਬਾਰੇ ਸੂਚਨਾ ਦਿੱਤੀ।ਉਨ੍ਹਾਂ ਜਦੋਂ ਅੱਠ ਵਜੇ ਦੇ ਕਰੀਬ ਦੁਕਾਨ 'ਤੇ ਪਹੁੰਚ ਕੇ ਵੇਖਿਆ ਤਾਂ ਅੰਦਰ ਸਾਮਾਨ ਖਿਲਰਿਆ ਪਿਆ ਸੀ ਤੇ ਸਟਰ ਪੂਰੀ ਤਰ੍ਹਾਂ ਤੋੜਿਆ ਹੋਇਆ ਸੀ।ਪੜਤਾਲ ਦੌਰਾਨ ਪਤਾ ਲੱਗਿਆ ਕਿ ਗੱਲੇ ਵਿੱਚੋਂ ਚਾਂਦੀ ਦੇ ਸਿੱਕੇ ਤੇ ਲਗਭਗ 20 ਹਜ਼ਾਰ ਰੁਪਏ ਨਕਦੀ ਤੇ ਦੁਕਾਨ 'ਚ ਪਿਆ ਇਨਵਾਟਰ ਤੇ ਬੈਟਰ ਚੋਰੀ ਕੀਤਾ ਹੋਇਆ ਸੀ।ਇਸ ਘਟਨਾ ਬਾਰੇ ਥਾਣਾ ਮਹਿਲ ਕਲਾਂ ਨੂੰ ਜਾਣੂ ਕਰਾ ਦਿੱਤਾ ਗਿਆ ਹੈ।ਪੁਲਸ ਅਧਿਕਾਰੀਆਂ ਨੇ ਸਥਿਤੀ ਦਾ ਜਾਇਜ਼ਾ ਲੈਂਦਿਆ ਚੋਰਾਂ ਨੂੰ ਫੜਨ ਦਾ ਵਿਸ਼ਵਾਸ ਦੁਆਇਆ।

## ਸੱਚਾ ਜਨੂੰਨ ਹੋਵੇ ਤਾਂ ਟੀਚੇ 'ਤੇ ਪਹੁੰਚਣਾ ਮੁਸ਼ਕਲ ਨਹੀਂ : ਪਦਮਸ੍ਰੀ ਅਜੀਤ ਬਜਾਜ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਦੇ 'ਨਾਇਨ' ਆਡੀਟੋਰੀਅਮ ਵਿੱਚ ਨਵੇਂ ਅਕਾਦਮਿਕ ਸੈਸ਼ਨ 2026 ਦਾ ਰਸਮੀ ਉਦਘਾਟਨ ਕੀਤਾ, ਜਿਸ ਵਿੱਚ ਦੇਸ਼ ਦੇ ਸਭ ਤੋਂ ਪ੍ਰਤਿਸ਼ਠਿਤ ਮੈਡੀਕਲ ਸੰਸਥਾਨਾਂ ਵਿੱਚੋਂ ਇੱਕ ਦਾ ਹਿੱਸਾ ਬਣੇ ਨੌਜਵਾਨ ਡਾਕਟਰਾਂ ਲਈ ਮਹੱਤਵਪੂਰਨ ਮੌਕਾ ਬਣਿਆ। ਸਮਾਰੋਹ ਵਿੱਚ ਸੀਨੀਅਰ ਫੈਕਲਟੀ ਮੈਂਬਰ, ਪ੍ਰਸ਼ਾਸਕ, ਵਿਦਿਆਰਥੀ ਤੇ ਸਟਾਫ਼ ਹਾਜ਼ਰ ਰਹੇ।ਇਸ ਮੌਕੇ ਪਦਮਸ਼੍ਰੀ ਐਵਾਰਡੀ ਅਜੀਤ ਬਜਾਜ, ਪ੍ਰਸਿੱਧ ਪਰਵਤਾਰੋਹੀ, ਸਹਸਿਕ ਯਾਤਰੀ, ਪ੍ਰੇਰਕ ਵਕਤਾ ਤੇ ਬੇਟੀ ਬਚਾਓ, ਬੇਟੀ ਪੜ੍ਹਾਓ ਅਭਿਆਨ ਦੇ ਬ੍ਰਾਂਡ ਐਂਬੈਸਡਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨਾਲ ਉਨ੍ਹਾਂ ਦੀ ਬੇਟੀ ਮਿਸ ਦੀਆ ਬਜਾਜ ਸਫ਼ਲ ਪਰਵਤਾਰੋਹੀ ਵੀ ਮੁੱਖ ਮਹਿਮਾਨ ਵਜੋਂ ਮੌਜੂਦ ਰਹੀ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਅਜੀਤ ਬਜਾਜ ਨੇ ਨੌਜਵਾਨ ਡਾਕਟਰਾਂ ਨੂੰ ਕਿਹਾ ਕਿ ਉੱਚੇ ਸੁਪਨੇ ਦੇਖੋ, ਬੇਹੱਦ ਮਿਹਨਤ ਕਰੋ, ਰਾਹ ਵਿੱਚ ਆਉਣ ਵਾਲੀਆਂ ਹਨੇਰੀਆਂ ਦਾ ਸਾਹਮਣਾ ਕਰੋ।ਸਭ ਤੋਂ ਵਧੀਆ ਬਣਨ ਦਾ ਟੀਚਾ ਰੱਖੋ, ਸਿਰਫ਼ ਭਾਰਤ ਵਿੱਚ ਨਹੀਂ, ਦੁਨੀਆ ਵਿੱਚ ਨਾਮਣਾ ਖੱਟੋ।ਆਪਣੇ ਕਰੀਅਰ ਦੇ ਫੈਸਲਿਆਂ ਬਾਰੇ ਖੁੱਲ੍ਹ ਕੇ ਗੱਲ ਕਰਦਿਆਂ ਸ਼੍ਰੀ ਬਜਾਜ ਨੇ ਜ਼ਿੰਦਗੀ ਦਾ ਮਹੱਤਵਪੂਰਨ ਤਜਰਬਾ ਕਰਦਿਆਂ ਕਿਹਾ ਕਿ ਜਦੋਂ ਕੋਈ ਆਪਣੇ ਕੰਮ ਨਾਲ ਸੱਚਾ ਜਨੂੰਨ ਰੱਖਦਾ ਹੈ, ਤਾਂ ਕੰਮ ਬੋਝ ਨਹੀਂ ਲੱਗਦਾ।ਜਨੂੰਨ ਮੁਸ਼ਕਲ ਯਾਤਰਾ ਦੌਰਾਨ ਵੀ ਤੁਹਾਨੂੰ ਊਰਜਾ, ਸਹਿਨਸ਼ੀਲਤਾ ਤੇ ਖੁਸ਼ੀ ਦਿੰਦਾ ਹੈ। ਮੁੱਖ ਮਹਿਮਾਨ ਮਿਸ ਦੀਆ ਬਜਾਜ ਨੇ ਮਾਊਂਟ ਐਵਰੇਸਟ ਸਰ ਕਰਨ ਦੇ ਆਪਣੇ ਅਨੁਭਵ ਸਾਂਝੇ ਕੀਤੇ ਤੇ ਲਿੰਗ ਸਮਾਨਤਾ ਤੇ ਸਸ਼ਕਤੀਕਰਨ ਬਾਰੇ ਮਜ਼ਬੂਤ ਸੰਦੇਸ਼ ਦਿੱਤਾ।ਇਸ ਤੋਂ ਪਹਿਲਾਂ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਪ੍ਰੋ. ਵਿਵੇਕ ਲਾਲ, ਡਾਇਰੈਕਟਰ, ਪੀਜੀਆਈ ਚੰਡੀਗੜ੍ਹ ਨੇ ਸੰਸਥਾ ਦੀ ਕਠੋਰ ਕੰਮਕਾਜ ਪ੍ਰਣਾਲੀ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ ਮੇਰਾ ਇੱਕ ਹੀ ਸੰਦੇਸ਼ ਹੈ, ਪੀਜੀਆਈ ਵਿੱਚ ਕੋਈ ਮੁਫ਼ਤ ਲੰਚ ਨਹੀਂ ਹੁੰਦਾ।ਇਹ ਭਾਰਤ ਦੀ ਸਭ ਤੋਂ ਵਧੀਆ ਮੈਡੀਕਲ ਸੇਵਾ ਤੇ ਰਿਸਰਚ ਸੰਸਥਾ ਹੈ ਅਤੇ ਇੱਥੇ ਉੱਤਕ੍ਰਿਸ਼ਟਤਾ ਸਿਰਫ਼ ਲਗਾਤਾਰ ਮਿਹਨਤ ਨਾਲ ਹੀ ਮਿਲਦੀ ਹੈ।ਸਮਾਰੋਹ ਦੇ ਅੰਤ ਵਿੱਚ ਪ੍ਰੋ. ਆਰ. ਕੇ. ਰਾਥੋ ਡੀਨ (ਅਕਾਦਮਿਕਸ) ਪੀਜੀਆਈ ਵੱਲੋਂ 350 ਰਿਹਾਇਸ਼ੀ ਡਾਕਟਰਾਂ ਨੂੰ ਬੈਜ਼ ਪਹਿਨਾ ਕੇ ਰਸਮੀ ਤੌਰ 'ਤੇ ਪੀਜੀਆਈ ਪਰਿਵਾਰ ਵਿੱਚ ਸ਼ਾਮਲ ਕੀਤਾ ਗਿਆ।ਪ੍ਰੋ. ਸੰਜੇ ਜੈਨ ਡੀਨ (ਰਿਸਰਚ) ਪੀਜੀਆਈ ਨੇ ਧੰਨਵਾਦ ਪ੍ਰਸਤਾਵ ਪੇਸ਼ ਕਰਦਿਆਂ ਨਵੇਂ ਰੈਜ਼ੀਡੈਂਟ ਡਾਕਟਰਾਂ ਨੂੰ ਅਪੀਲ ਕੀਤੀ ਕਿ ਉਹ ਮਰੀਜ਼ ਸੇਵਾ, ਸਿੱਖਿਆ ਤੇ ਰਿਸਰਚ ਵਿੱਚ ਉਤਕ੍ਰਿਸ਼ਟਤਾ ਦੀ ਪੀਜੀਆਈ ਦੀ ਸ਼ਾਨਦਾਰ ਪ੍ਰੰਪਰਾ ਨੂੰ ਕਾਇਮ ਰੱਖਣ।

## ਕੌਮੀ ਇਨਸਾਫ਼ ਮੋਰਚੇ ਦੇ ਸੱਦੇ ਨੂੰ ਲਾਗੂ ਕਰਨ ਲਈ ਕੇ ਕੇ ਯੂ ਵੱਲੋਂ ਮੀਟਿੰਗ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ 12 ਜਨਵਰੀ ਨੂੰ ਪੰਜਾਬ ਦੇ ਟੋਲ ਪਲਾਜ਼ੇ 4 ਘੰਟੇ ਲਈ ਖੁੱਲ੍ਹੇ ਰੱਖਣ ਦਾ ਸੱਦਾ ਦਿੱਤਾ ਹੈ।ਮੋਰਚੇ ਦੇ ਇਸ ਸੱਦੇ ਨੂੰ ਲਾਗੂ ਕਰਨ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਜ਼ਿਲ੍ਹਾ ਪੱਧਰੀ ਮੀਟਿੰਗ ਪਿੰਡ ਸਾਂਦੇ ਹਾਸ਼ਮ ਵਿੱਚ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਸੁਰਸਿੰਘ ਵਾਲਾ ਦੀ ਅਗਵਾਈ 'ਚ ਕੀਤੀ।ਇਸ ਮੀਟਿੰਗ ਵਿੱਚ ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਮਹਿਮਾ ਤੇ ਦਲਵਿੰਦਰ ਸਿੰਘ ਸ਼ੇਰਖਾਂ ਵੀ ਮੌਜੂਦ ਰਹੇ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ 12 ਜਨਵਰੀ ਨੂੰ ਜ਼ਿਲ੍ਹੇ ਅੰਦਰ ਆਉਂਦੇ ਕੋਟ ਕਰੋੜ ਕਲਾਂ, ਫਿਰੋਜ਼ਸ਼ਾਹ, ਆਰਿਫ਼ ਕੇ ਤੇ ਕੜਾਹੇ ਵਾਲਾ ਪਿੰਡਾਂ ਨੇੜੇ ਸਥਿਤ ਟੋਲ ਪਲਾਜ਼ੇ 11 ਤੋਂ 3 ਵਜੇ ਤੱਕ ਆਮ ਲੋਕਾਂ ਲਈ ਖੋਲ੍ਹੇ ਜਾਣਗੇ ਅਤੇ ਕੇਂਦਰ ਤੇ ਪੰਜਾਬ ਸਰਕਾਰ ਸਾਹਮਣੇ ਆਪਣੀਆਂ ਮੰਗਾਂ ਲਈ ਰੋਸ ਜਤਾਇਆ ਜਾਵੇਗਾ।ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਬਾਰੇ ਕੇ ਦੇ ਨੌਜਵਾਨ ਪ੍ਰਿੰਸ, ਜਿਸ ਨੂੰ ਇਰਾਦਾ ਕਤਲ ਦੇ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਤੇ ਸਹਿਯੋਗੀ ਜਥੇਬੰਦੀਆਂ ਦੇ ਸੰਘਰਸ਼ ਅਤੇ ਉੱਦਮ ਸਦਕਾ ਫਿਰੋਜ਼ਪੁਰ ਪੁਲਸ ਨੇ ਉਸ ਨੌਜਵਾਨ ਨੂੰ ਇਸ ਮੁਕੱਦਮੇ ਵਿੱਚੋਂ ਬਾਹਰ ਕੱਢ ਦਿੱਤਾ ਹੈ, ਜਿਸ ਕਰਕੇ ਦੇਰ ਸ਼ਾਮ ਪ੍ਰਿੰਸ ਬਾਰੇਕੇ ਦੀ ਰਿਹਾਈ ਹੋ ਗਈ ਹੈ।ਉਨ੍ਹਾਂ ਵੱਲੋਂ ਇਸ ਨੂੰ ਜਥੇਬੰਦੀ ਤੇ ਲੋਕਾਂ ਦੇ ਸੰਘਰਸ਼ ਦੀ ਜਿੱਤ ਦੱਸਿਆ ਗਿਆ।

## 15 ਤੋਂ ਪੰਜਾਬ ਦੇ ਹਰ ਪਰਵਾਰ ਨੂੰ ਮਿਲੇਗਾ 10 ਲੱਖ ਤੱਕ ਦਾ ਮੁਫ਼ਤ ਇਲਾਜ : ਢਿੱਲੋਂ




**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਸਿਹਤ ਤੇ ਲੋਕ ਭਲਾਈ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਲੋਕ ਸਭਾ ਪਟਿਆਲਾ ਦੇ ਇੰਚਾਰਜ ਤੇ ਚੇਅਰਮੇਨ ਬਲਜਿੰਦਰ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਪ੍ਰਗਟਾਏ।ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 16 ਜਨਵਰੀ ਤੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਪੰਜਾਬ ਦੇ ਲੋਕਾਂ ਨੂੰ ਕੋਈ ਵੀ ਪੈਸਾ ਖਰਚੇ ਬਿਨਾਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਹੈ।ਇਸ ਯੋਜਨਾ ਤਹਿਤ ਸਰਕਾਰੀ ਤੇ ਪ੍ਰਾਈਵੇਟ ਦੋਵੇਂ ਪ੍ਰਕਾਰ ਦੇ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਲਈ ਕਿਸੇ ਵੀ ਹਸਪਤਾਲ ਵਿੱਚ ਕੋਈ ਪੈਸਾ ਨਹੀਂ ਲੱਗੇਗਾ।ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤੇ ਲੋਕਾਂ ਨੂੰ 10 ਲੱਖ ਰੁਪਏ ਦਾ ਮੁਫਤ ਇਲਾਜ ਯਕੀਨੀ ਬਣਾਉਣ ਪ੍ਰਤੀ ਸਰਕਾਰ ਵੱਲੋਂ ਸ਼ੁਰੂ ਕੀਤੀ ਅਹਿਮ ਪਹਿਲਕਦਮੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੋਵੇਗਾ, ਜਿੱਥੇ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਯਕੀਨੀ ਬਣਾਇਆ ਜਾਵੇਗਾ।

## ਸੰਦੀਪ ਸਿੰਘ ਰੁਪਾਲੋਂ ਦਾ ਵਰਕਰਾਂ ਨੇ ਕੀਤਾ ਸਨਮਾਨ



**ਦੋਰਾਹਾ (ਹਰਮਿੰਦਰ ਸੇਠ)**-ਅਕਾਲੀ ਦਲ ਵਾਰਸ ਪੰਜਾਬ ਦੇ ਸੀਨੀਅਰ ਆਗੂ ਕਮੇਟੀ ਮੈਂਬਰ ਪੰਜਾਬ ਤੇ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਅਬਜ਼ਰਵਰ ਸੰਦੀਪ ਸਿੰਘ ਰਪਾਲੋ ਨੂੰ ਪਾਰਟੀ ਵੱਲੋਂ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਨੂੰ ਪਾਰਟੀ ਪ੍ਰਤੀ ਸੇਵਾਵਾਂ ਬਦਲੇ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਪਾਰਟੀ ਦਾ ਬੁਲਾਰਾ ਨਿਯੁਕਤ ਕੀਤੇ ਜਾਣ 'ਤੇ ਵਿਧਾਨ ਸਭਾ ਹਲਕਾ ਪਾਇਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਾਰਟੀ ਦੇ ਮੁੱਖ ਦਫਤਰ ਪਾਇਲ ਵਿਖੇ ਪਾਰਟੀ ਵਰਕਰਾਂ ਵੱਲੋਂ ਸੰਦੀਪ ਸਿੰਘ ਰੁਪਾਲੋਂ ਦਾ ਬੁਲਾਰਾ ਬਣਨ 'ਤੇ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਦੀ ਨਿਯੁਕਤੀ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਨਿਯੁਕਤੀ 'ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਧਮੋਟ ਨੇ ਕਿਹਾ ਕਿ ਇਸ ਸੰਦੀਪ ਸਿੰਘ ਰੁਪਾਲੋਂ ਅਣਥੱਕ ਤੇ ਮਿਹਨਤੀ ਵਰਕਰ ਹਨ। ਇਨ੍ਹਾਂ ਦੀ ਨਿਯੁਕਤੀ ਨਾਲ ਹਲਕਾ ਪਾਇਲ ਵਿੱਚ ਪੰਥਕ ਰਾਜਨੀਤੀ ਨੂੰ ਬਲ ਮਿਲੇਗਾ। ਇਸ ਮੌਕੇ ਬਾਬਾ ਦਲਜੀਤ ਸਿੰਘ ਸੋਢੀ ਅਬਜ਼ਰਵਰ ਜ਼ਿਲ੍ਹਾ ਰੋਪੜ, ਮਨਦੀਪ ਸਿੰਘ ਬੋਪਾਰਾਏ, ਨੇਤਾ ਗਗਨਦੀਪ ਸਿੰਘ, ਹਰਬੰਤ ਸਿੰਘ ਗਿੱਲ, ਗੁਰਸ਼ਰਨ ਸਿੰਘ, ਗੁਰਜੋਤ ਸਿੰਘ ਝਮਟ, ਮਾਸਟਰ ਹਰਦੇਵ ਸਿੰਘ ਮਦਨੀਪੁਰ, ਜੋਗਾ ਸਿੰਘ ਪਾਇਲ ਆਦਿ ਸ਼ਾਮਲ ਸਨ।

## ਆਵਲਾ ਦੇ ਗ੍ਰਹਿ ਵਿਖੇ ਮਨਰੇਗਾ ਬਚਾਓ ਰੈਲੀ ਸੰਬੰਧੀ ਮੀਟਿੰਗ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕਾਂਗਰਸ ਪਾਰਟੀ ਵੱਲੋਂ ਦੇਸ਼ ਭਰ ਵਿੱਚ ਮਨਰੇਗਾ ਨੂੰ ਖਤਮ ਕਰਨ ਦਾ ਵਿਰੋਧ ਕੀਤਾ ਜਾ ਰਿਹਾ ਹੈ।ਇਸ ਵਿਰੋਧ ਦੇ ਸਬੰਧ ਵਿੱਚ ਪੰਜਾਬ ਕਾਂਗਰਸ ਵੱਲੋਂ ਵਿਰੋਧ ਰੈਲੀਆਂ ਕੀਤੀਆਂ ਜਾ ਰਹੀਆਂ ਹਨ।12 ਜਨਵਰੀ ਨੂੰ ਕਾਂਗਰਸ ਪਾਰਟੀ ਵੱਲੋਂ ਗੁਰੂ ਹਰਸਹਾਏ ਵਿੱਚ ਕੀਤੀ ਜਾ ਰਹੀ ਮਨਰੇਗਾ ਬਚਾਓ ਰੈਲੀ ਦੀ ਤਿਆਰੀ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ।ਇਹ ਮੀਟਿੰਗ 12 ਜਨਵਰੀ ਨੂੰ ਗੁਰੂ ਹਰਸਹਾਏ ਵਿੱਚ ਹੋਣ ਜਾ ਰਹੀ ਮਨਰੇਗਾ ਬਚਾਓ ਸੰਘਰਸ਼ ਰੈਲੀ ਦੀ ਤਿਆਰੀ ਸਬੰਧੀ ਰੱਖੀ ਗਈ ਸੀ।ਇਸ ਦੌਰਾਨ ਅਮਰੀਕ ਸਿੰਘ, ਭੀਮ ਕੰਬੋਜ, ਕਰਤਾਰ ਬੂਰ ਵਾਲਾ, ਨਿੱਛਤਰ ਸਿੰਘ, ਜਸਵੰਤ ਸਿੰਘ, ਲਖਵਿੰਦਰ ਤੂਰ, ਭੋਲਾ ਬਹਿਲ, ਸੁਲਿੰਦਰ ਸਿੰਘ, ਲਖਵਿੰਦਰ ਸਿੰਘ, ਸ਼ਾਮ ਸਿੰਘ, ਕੁਲਵਿੰਦਰ ਸਰਪੰਚ, ਸਵਰਨ ਮਿਸ਼ਰੀ ਵਾਲਾ, ਰਮੇਸ਼ ਸਿੰਘ ਹੈਪੀ ਹਾਮਦ, ਅਮਰੀਕ ਸਿੰਘ ਮੌਜੂਦ ਸਨ।

# ਸਫਾ 3 ਦੇ ਬਾਕੀ...

### ਅਰਵਿੰਦ ਸੁਬਰਾਮਣੀਅਨ...

ਵਿੱਚ ਕਟੌਤੀਆਂ ਕਾਰਨ ਸਰਕਾਰ ਦੀ ਆਮਦਨੀ ਘਟੀ ਹੈ। ਇਸ ਨਾਲ ਫਿਸਕਲ ਸਪੇਸ ਯਾਨੀ ਖਰਚ ਕਰਨ ਦੀ ਸਮਰੱਥਾ ਘੱਟਦੀ ਹੈ।

ਸੁਬਰਾਮਣੀਅਨ ਮੁਤਾਬਕ ਜਦ ਅਮਰੀਕਾ ਤੇ ਚੀਨ ਵਰਗੇ ਬਾਹਰੀ ਦਬਾਅ ਹੁੰਦੇ ਹਨ ਤਾਂ ਇੱਕ ਲਚਕੀਲੀ ਮੁਦਰਾ ਵਟਾਂਦਰਾ ਦਰ (ਐਕਸਚੇਂਜ ਰੇਟ) ਆਰਥਕ ਢਾਲ ਦੀ ਤਰ੍ਹਾਂ ਕੰਮ ਕਰਦੀ ਹੈ। ਉਨ੍ਹਾ ਕਿਹਾ ਕਿ ਭਾਰਤ ਦਾ ਰੁਪੱਈਆ ਜੇ ਥੋੜ੍ਹਾ ਹੋਰ ਡਿੱਗਦਾ ਤਾਂ ਬਰਾਮਦਕਾਰਾਂ ਨੂੰ ਮੁਕਾਬਲੇ ਵਿੱਚ ਮਦਦ ਮਿਲਦੀ। ਬੀਤੇ ਸਾਲ ਰੁਪੱਈਆ ਕਰੀਬ ਪੰਜ ਫੀਸਦੀ ਡਿਗਿਆ ਤੇ ਡਾਲਰ 91ਰੁਪਏ ਦੇ ਪਾਰ ਵੀ ਗਿਆ। ਪਰ ਸੁਬਰਾਮਣੀਅਨ ਦਾ ਕਹਿਣਾ ਹੈ ਕਿ ਭਾਰਤੀ ਰਿਜ਼ਰਵ ਬੈਂਕ ਅਜੇ ਵੀ ਲੋੜ ਤੋਂ ਵੱਧ ਦਖਲ ਦੇ ਰਹੀ ਹੈ ਜਦਕਿ ਇਸਦੇ ਗਵਰਨਰ ਸੰਜੇ ਮਲਹੋਤਰਾ ਨੇ ਬਾਜ਼ਾਰ ਆਧਾਰਤ ਦਰਾਂ ਵੱਲ ਕੁਝ ਨਰਮੀ ਦਿਖਾਈ ਹੈ। ਉਨ੍ਹਾ ਕਿਹਾ ਕਿ ਰੁਪੱਈਏ ਨੂੰ ਪੂਰੀ ਤਰ੍ਹਾਂ ਫਲੈਕਸੀਬਲ ਨਹੀਂ ਹੋਣ ਦਿੱਤਾ ਜਾ ਰਿਹਾ ਅਤੇ ਇਸ ਨੀਤੀ 'ਤੇ ਨਜ਼ਰਸਾਨੀ ਜ਼ਰੂਰੀ ਹੈ। ਕੁਲ ਮਿਲਾ ਕੇ ਸੰਦੇਸ਼ ਸਾਫ ਹੈ ਕਿ ਭਾਰਤ ਦੀ ਅਰਥਵਿਵਸਥਾ ਦਿਸਣ ਵਿੱਚ ਚਮਕਦਾਰ ਜ਼ਰੂਰ ਲੱਗ ਰਹੀ ਹੈ ਪਰ ਅੰਦਰੋਂ ਕਈ ਜੋਖਮਾਂ ਦਾ ਸਾਹਮਣਾ ਕਰ ਰਹੀ ਹੈ : ਅਮਰੀਕੀ ਟੈਰਿਫ, ਚੀਨੀ ਡੰਪਿੰਗ, ਫਿਸਕਲ ਕਮਜ਼ੋਰੀ ਤੇ ਮੁਦਰਾ ਨੀਤੀ ਦੀ ਸਖਤੀ। ਆਉਣ ਵਾਲਾ ਸਾਲ ਮੌਜੂਦਾ ਸਾਲ ਵਰਗਾ ਰਹਿ ਗਿਆ, ਤਾਂ ਇਸ ਨੂੰ ਖੁਸ਼ਕਿਸਮਤੀ ਵਾਲਾ ਮੰਨਿਆ ਜਾਣਾ ਚਾਹੀਦਾ ਹੈ।

### ਸੁਖਜਿੰਦਰ ਰੰਧਾਵਾ ਦਾ...

ਨਾਲ ਕਰ ਰਿਹਾ ਹੈ ? ਧਾਲੀਵਾਲ ਨੇ ਕਿਹਾ ਕਿ ਗੱਲ ਸਿਰਫ਼ ਰਾਹੁਲ ਗਾਂਧੀ ਜਾਂ ਬਘੇਲ ਦੇ ਫੈਸਲੇ ਦੀ ਨਹੀਂ ਹੈ, ਪੰਜਾਬ ਕਾਂਗਰਸ ਦੇ ਹਰ ਵੱਡੇ ਆਗੂ ਚਾਹੇ ਉਹ ਰਾਜਾ ਵੜਿੰਗ ਹੋਣ, ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ ਜਾਂ ਰਾਣਾ ਗੁਰਜੀਤ ਹੀ ਕਿਉਂ ਨਾ ਹੋਣ, ਇਹ ਸਭ 'ਕੁਰਸੀ ਦੇ ਭੁੱਖੇ' ਹਨ। ਇਨ੍ਹਾਂ ਸਭ ਦਾ ਆਪਣਾ-ਆਪਣਾ ਧੜਾ ਹੈ। ਇਹ ਸਾਰੇ ਖੁਦ ਨੂੰ ਮੁੱਖ ਮੰਤਰੀ ਅਤੇ ਪ੍ਰਧਾਨ ਦੇ ਅਹੁਦੇ 'ਤੇ ਦੇਖਣਾ ਚਾਹੁੰਦੇ ਹਨ। ਪੰਜਾਬ ਕਾਂਗਰਸ ਅੱਜ ਦਰਜਨਾਂ ਧੜਿਆਂ ਵਿੱਚ ਵੰਡੀ ਹੋਈ ਹੈ ਅਤੇ ਇਹ ਲੋਕ ਸਿਰਫ਼ ਆਪਣੀਆਂ ਨਿੱਜੀ ਲੜਾਈਆਂ ਲੜ ਰਹੇ ਹਨ।'ਆਪ' ਆਗੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ ਕਾਂਗਰਸ ਦੇ ਪਤਨ ਦੇ ਜ਼ਿੰਮੇਵਾਰ ਇਹੀ ਆਗੂ ਹਨ।ਉਨ੍ਹਾ ਕਿਹਾ ਕਿ ਕਾਂਗਰਸ ਚਾਹੇ ਕਿੰਨਾ ਵੀ ਜ਼ੋਰ ਲਗਾ ਲਵੇ, ਉਹ ਪੰਜਾਬ ਵਿੱਚ ਦੁਬਾਰਾ ਸੱਤਾ ਵਿੱਚ ਨਹੀਂ ਆਵੇਗੀ।ਇਨ੍ਹਾਂ ਦਾ 50 ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਕਾਂਗਰਸ ਵਿੱਚ ਸਿਰਫ਼ ਗੁੱਟਬੰਦੀ ਅਤੇ ਆਪਸੀ ਕਲੇਸ਼ ਹੀ ਹੋਇਆ ਹੈ।ਉਨ੍ਹਾ ਰੰਧਾਵਾ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਰੰਧਾਵਾ ਜੀ ਨੂੰ ਪੰਜਾਬ ਨਾਲ ਪਿਆਰ ਹੈ, ਤਾਂ ਖੁੱਲ੍ਹ ਕੇ ਕਹਿਣ ਕਿ ਪਾਰਟੀ ਜਿਸ ਨੂੰ ਵੀ ਸੀ ਐੱਮ ਉਮੀਦਵਾਰ ਬਣਾਏਗੀ, ਉਹ ਬਿਨਾਂ ਕਿਸੇ ਸ਼ਰਤ ਦੇ ਉਸ ਨੂੰ ਸਵੀਕਾਰ ਕਰਨਗੇ।ਧਾਲੀਵਾਲ ਨੇ ਭਰੋਸਾ ਜਤਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ 'ਆਪ' ਸਰਕਾਰ ਨੇ ਪਿਛਲੇ ਸਾਲਾਂ ਵਿੱਚ ਇਤਿਹਾਸਕ ਲੋਕ-ਪੱਖੀ ਕੰਮ ਕੀਤੇ ਹਨ। ਉਨ੍ਹਾ ਕਿਹਾ ਕਿ ਬਾਕੀ ਬਚੇ ਇੱਕ ਸਾਲ ਵਿੱਚ ਅਸੀਂ ਹੋਰ ਵੀ ਵੱਡੇ ਵਿਕਾਸ ਕਾਰਜ ਕਰਾਂਗੇ। 2027 ਵਿੱਚ ਕਾਂਗਰਸ ਦੇ ਇਹ ਗੁੱਟ ਚਾਹੇ ਇੱਕ ਹੋ ਜਾਣ ਜਾਂ ਵੱਖ, ਪੰਜਾਬ ਦੀ ਜਨਤਾ ਇਨ੍ਹਾਂ ਨੂੰ ਨਕਾਰ ਚੁੱਕੀ ਹੈ। ਕੰਮ ਦੇ ਆਧਾਰ 'ਤੇ ਪੰਜਾਬ ਵਿੱਚ ਫਿਰ ਤੋਂ ਆਮ ਆਦਮੀ ਪਾਰਟੀ ਦੀ ਹੀ ਸਰਕਾਰ ਬਣੇਗੀ।

### ਬਲਕਰਨ ਸਿੰਘ ਬਰਾੜ...

ਕਰਨ ਦੀ ਨਿਖੇਧੀ ਕਰਦੇ ਹੋਏ ਐਲਾਨ ਕੀਤਾ ਕਿ ਮਨਰੇਗਾ ਦੀ ਬਹਾਲੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਕਮਿਊਨਿਸਟ ਆਗੂ ਨੇ ਬਿਜਲੀ ਬਿੱਲ, ਬੀਜ ਬਿੱਲ ਤੇ ਚਾਰ ਲੇਬਰ ਕੋਡ ਬਿੱਲਾਂ ਵਿਰੁੱਧ ਸੰਘਰਸ਼ ਦੀ ਪੂਰਨ ਹਮਾਇਤ ਕਰਦੇ ਹੋਏ 16 ਜਨਵਰੀ ਨੂੰ ਜ਼ਿਲ੍ਹਾ ਕੇਂਦਰਾਂ 'ਤੇ ਹੋ ਰਹੇ ਸੰਘਰਸ਼ਾਂ ਵਿੱਚ ਸਾਥੀਆਂ ਨੂੰ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਤੇ ਕਿਹਾ ਕਿ ਇਸ ਸੰਘਰਸ਼ ਲਈ ਪਿੰਡ-ਪਿੰਡ ਲਾਮਬੰਦੀ ਕੀਤੀ ਜਾਵੇ।

ਅਜਲਾਸ ਵਿੱਚ ਜ਼ਿਲ੍ਹਾ ਸਕੱਤਰ ਬਲਕਰਨ ਸਿੰਘ ਬਰਾੜ ਵੱਲੋਂ ਤਿੰਨ ਸਾਲ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਭਰਵੀਂ ਬਹਿਸ ਤੋਂ ਬਾਅਦ ਵਾਧਿਆਂ ਸਮੇਤ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਉਸ ਤੋਂ ਬਾਅਦ 29 ਮੈਂਬਰੀ ਨਵੀਂ ਜ਼ਿਲ੍ਹਾ ਕੌਂਸਲ ਦੀ ਚੋਣ ਵੀ ਕੀਤੀ ਗਈ। ਬਲਕਰਨ ਸਿੰਘ ਬਰਾੜ ਨੂੰ ਜ਼ਿਲ੍ਹਾ ਕੌਂਸਲ ਨੇ ਸਰਬਸੰਮਤੀ ਨਾਲ ਮੁੜ ਜ਼ਿਲ੍ਹਾ ਸਕੱਤਰ ਚੁਣਿਆ ਅਤੇ ਸੂਬਾਈ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ।

ਹੋਰਨਾਂ ਤੋਂ ਇਲਾਵਾ ਮਿੱਠੂ ਸਿੰਘ ਘੁੱਦਾ, ਜਸਵੀਰ ਸਿੰਘ ਆਕਲੀਆ, ਮੱਖਣ ਸਿੰਘ ਗੁਰੂਸਰ, ਦਰਸ਼ਨ ਸਿੰਘ ਫੁੱਲੋ ਮਿੱਠੀ, ਜੀਤਾ ਸਿੰਘ ਪਿੱਥੋ, ਹਰਨੇਕ ਸਿੰਘ ਆਲੀਕੇ, ਕਾਕਾ ਸਿੰਘ ਮਹਾਲਾ, ਸੁਖਦੇਵ ਸਿੰਘ ਰਾਜਗੜ੍ਹ ਕੁੱਬੇ, ਪੂਰਨ ਸਿੰਘ ਗੁੰਮਟੀ, ਰਾਜਾ ਸਿੰਘ ਦਾਨ ਸਿੰਘ ਵਾਲਾ, ਸੁਖਦੇਵ ਸਿੰਘ ਨਥਾਣਾ, ਕੂਕਾ ਸਿੰਘ ਨਥਾਣਾ, ਸੁਖਵਿੰਦਰ ਕੌਰ ਬੰਗੀ, ਧਰਮ ਸਿੰਘ ਫੁੱਲੋ ਮਿੱਠੀ, ਨੈਬ ਸਿੰਘ ਫੂਸ ਮੰਡੀ, ਦਰਸ਼ਨ ਸਿੰਘ ਸੇਲਵਰ੍ਹਾ, ਹਰੀ ਸਿੰਘ ਤਲਵੰਡੀ, ਮੱਖਣ ਸਿੰਘ ਜੋਧਪੁਰ, ਰਜਿੰਦਰ ਸਿੰਘ ਬਲਾਹੜ ਮਹਿਮਾ ਵੀ ਮੌਜੂਦ ਸਨ।

## ਆਸਕਰ 2026 ਲਈ 4 ਭਾਰਤੀ ਫ਼ਿਲਮਾਂ ਦੀ ਚੋਣ

**ਲਾਸ ਏਂਜਲਸ :** ਅਕੈਡਮੀ ਆਫ਼ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼ ਨੇ ਐਲਾਨ ਕੀਤਾ ਹੈ ਕਿ ਕੰਨੜ ਬਲਾਕਬਸਟਰ ਫ਼ਿਲਮ 'ਕਾਂਤਾਰਾ : ਏ ਲੇਜੈਂਡ-ਚੈਪਟਰ ਏ' ਅਤੇ ਹਿੰਦੀ ਫ਼ਿਲਮ 'ਤਨਵੀ' ਦਾ ਗ੍ਰੇਟ ਸਮੇਤ ਚਾਰ ਭਾਰਤੀ ਫ਼ਿਲਮਾਂ ਉਨ੍ਹਾਂ 201 ਫੀਚਰ ਫਿਲਮਾਂ ਵਿੱਚ ਸ਼ਾਮਲ ਹਨ, ਜੋ ਆਸਕਰ 2026 ਵਿੱਚ ਸਰਵੋਤਮ ਫ਼ਿਲਮ ਪੁਰਸਕਾਰ ਲਈ ਮੁਕਾਬਲਾ ਕਰਨ ਦੇ ਯੋਗ ਸਮਝੀਆਂ ਗਈਆਂ ਹਨ। ਅਕੈਡਮੀ ਨੇ 98ਵੇਂ ਅਕੈਡਮੀ ਅਵਾਰਡਸ ਲਈ ਯੋਗ ਪ੍ਰੋਡਕਸ਼ਨ ਦੀ ਰੀਮਾਈਂਡਰ ਲਿਸਟ ਜਾਰੀ ਕੀਤੀ। ਸਰਬਉਤਮ ਫਿਲਮ ਸਮੇਤ ਆਮ ਸ਼੍ਰੇਣੀਆਂ ਵਿੱਚ ਵਿਚਾਰ ਕਰਨ ਲਈ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਾਲੀਆਂ ਫ਼ਿਲਮਾਂ ਦੀ ਇਹ ਸੂਚੀ ਨਾਮਜ਼ਦਗੀਆਂ ਤੋਂ ਪਹਿਲਾਂ ਦਾ ਪੜਾਅ ਹੈ, ਜਿਨ੍ਹਾਂ ਦਾ ਐਲਾਨ 22 ਜਨਵਰੀ ਨੂੰ ਕੀਤਾ ਜਾਵੇਗਾ। ਅਕੈਡਮੀ ਨੇ ਦੱਸਿਆ ਕਿ ਕੁੱਲ ਮਿਲਾ ਕੇ 317 ਫੀਚਰ ਫ਼ਿਲਮਾਂ 98ਵੇਂ ਅਕੈਡਮੀ ਐਵਾਰਡਜ਼ ਲਈ ਯੋਗ ਹਨ, ਜਿਨ੍ਹਾਂ ਵਿੱਚੋਂ 201 ਸਰਵੋਤਮ ਫ਼ਿਲਮ ਸ਼੍ਰੇਣੀ ਲਈ ਵਾਧੂ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੀਆਂ ਹਨ। ਰੀਮਾਈਂਡਰ ਸੂਚੀ ਵਿੱਚ ਸ਼ਾਮਲ ਹੋਣ ਦਾ ਮਤਲਬ ਨਾਮਜ਼ਦਗੀ ਦੀ ਗਾਰੰਟੀ ਨਹੀਂ ਹੈ; ਫ਼ਿਲਮਾਂ ਨੂੰ ਅਜੇ ਵੀ ਅਕੈਡਮੀ ਦੀ ਵੋਟਿੰਗ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪਵੇਗਾ।

### ਪਾਵਰਕਾਮ ਦੀਆਂ...

ਸਰਕਾਰ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ ਅਤੇ ਚਾਰ ਲੇਬਰ ਕੋਡਾਂ ਖਿਲਾਫ਼ ਮਤਾ ਪਾਸ ਕਰੇ। ਆਗੂਆਂ ਮੁਲਾਜ਼ਮਾਂ ਦੇ ਲਮਕਦੇ ਬਹੁਤ ਸਾਰੇ ਮਸਲੇ, ਜੋ ਪਿਛਲੇ ਸਮੇਂ ਦੌਰਾਨ ਵੱਖ-ਵੱਖ ਮੀਟਿੰਗਾਂ ਵਿੱਚ ਬਣੀਆਂ ਸਹਿਮਤੀਆਂ ਤੋਂ ਬਾਅਦ ਅਜੇ ਤੱਕ ਲਾਗੂ ਨਹੀਂ ਕੀਤੇ ਗਏ, ਨੂੰ ਬਿਨਾਂ ਦੇਰੀ ਲਾਗੂ ਕੀਤਾ ਜਾਵੇ। ਆਗੂਆਂ ਸਮੂਹ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅਦਾਰੇ ਦੀ ਹੋਂਦ ਬਚਾਉਣ ਅਤੇ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦੀ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ ਜਾਵੇ।

## ਮੁੱਖ ਮੰਤਰੀ ਦੇ ਕਿਸਾਨ-ਹਿਤੈਸ਼ੀ ਫੈਸਲਿਆਂ ਨਾਲ ਹਰ ਵਰਗ ਖੁਸ਼ : ਯੂਥ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਚੇਅਰਮੈਨ ਵਿਕਰਮਜੀਤ ਸਿੰਘ ਵਿੱਕੀ ਸੁਖਾਨੰਦ, ਅੰਤਰਜੀਤ ਸਿੰਘ ਟਿੰਕੂ ਮੱਲ ਕੇ (ਪ੍ਰਧਾਨ ਟਰੱਕ ਯੂਨੀਅਨ ਬਾਘਾ ਪੁਰਾਣਾ), ਗੁਰਪ੍ਰੀਤ ਸਿੰਘ ਮਾਹਲਾ (ਹਲਕਾ ਯੂਥ ਪ੍ਰਧਾਨ) ਤੇ ਸੀਨੀਅਰ ਯੂਥ ਆਗੂ ਗੁਰਪ੍ਰੀਤ ਸਿੰਘ ਗੋਦਾਰਾ ਲਧਾਈਕੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਚੁੱਕੇ ਜਾ ਰਹੇ ਇਤਿਹਾਸਕ ਕਦਮਾਂ ਨਾਲ ਪੰਜਾਬ ਦਾ ਹਰ ਵਾਸੀ ਖੁਸ਼ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਜ਼ਮੀਨੀ ਪੱਧਰ 'ਤੇ ਪੂਰੇ ਕਰਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਸਰਕਾਰ ਸੱਚਮੁੱਚ ਲੋਕਾਂ ਦੀ ਹੈ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲਣਾ ਇੱਕ ਵੱਡੀ ਉਪਲਬਧੀ ਹੈ।ਖਾਸ ਤੌਰ 'ਤੇ ਦਿਨ ਦੇ ਸਮੇਂ ਖੇਤੀਬਾੜੀ ਲਈ ਬਿਜਲੀ ਦਿੱਤੇ ਜਾਣ ਦਾ ਫੈਸਲਾ ਕਿਸਾਨਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ।ਕਿਸਾਨ ਵਰਗ ਇਸ ਉਪਰਾਲੇ ਨਾਲ ਬਹੁਤ ਖੁਸ਼ ਹੈ ਤੇ ਸਰਕਾਰ ਦਾ ਧੰਨਵਾਦ ਕਰ ਰਿਹਾ ਹੈ।ਯੂਥ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਸਰਕਾਰ ਸਿੱਖਿਆ, ਸਿਹਤ, ਰੋਜ਼ਗਾਰ ਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵੀ ਲਗਾਤਾਰ ਇਨਕਲਾਬੀ ਕਦਮ ਚੁੱਕ ਰਹੀ ਹੈ।ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਅੱਗੇ ਲਿਜਾਣ ਲਈ ਜੋ ਨੀਤੀਆਂ ਬਣਾਈਆਂ ਜਾ ਰਹੀਆਂ ਹਨ, ਉਹ ਆਉਣ ਵਾਲੇ ਸਮੇਂ ਵਿੱਚ ਸੂਬੇ ਨੂੰ ਇੱਕ ਮਿਸਾਲ ਬਣਾਉਣਗੀਆਂ।ਉਨ੍ਹਾਂ ਭਰੋਸਾ ਦਿੱਤਾ ਕਿ ਯੂਥ ਵਰਗ ਤੇ ਆਮ ਲੋਕ ਸਰਕਾਰ ਦੇ ਇਨ੍ਹਾਂ ਲੋਕ-ਹਿਤੈਸ਼ੀ ਕਦਮਾਂ ਨਾਲ ਹਮੇਸ਼ਾ ਮਜ਼ਬੂਤੀ ਨਾਲ ਖੜ੍ਹੇ ਰਹਿਣਗੇ।ਉਨ੍ਹਾਂ ਕਿਹਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਬਾਘਾ ਪੁਰਾਣਾ ਤੋਂ ਇਸ ਵਾਰ ਵੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

## ਡੀ ਬੀ ਯੂ ਦੀ ਐੱਨ ਸੀ ਸੀ ਕੈਡਿਟ ਦੀ ਗਣਤੰਤਰ ਦਿਵਸ ਕੈਂਪ ਲਈ ਚੋਣ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੀ ਐੱਨਸੀਸੀ ਕੈਡਿਟ ਪੂਜਾ ਦੀ ਨਵੀਂ ਦਿੱਲੀ ਵਿਖੇ ਹੋਣ ਵਾਲੇ ਵੱਕਾਰੀ ਗਣਤੰਤਰ ਦਿਵਸ ਕੈਂਪ (ਆਰਡੀਸੀ) 2026 ਲਈ ਹੋਈ ਚੋਣ ਨਾਲ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਹੋਇਆ ਹੈ।ਉਸ ਦੀ ਚੋਣ ਐੱਨਸੀਸੀ ਸਿਖਲਾਈ ਤੇ ਗਤੀਵਿਧੀਆਂ ਵਿੱਚ ਉਸ ਦੇ ਸਮਰਪਣ, ਅਨੁਸ਼ਾਸਨ ਤੇ ਸ਼ਾਨਦਾਰ ਪ੍ਰਦਰਸ਼ਨ ਦਾ ਪ੍ਰਮਾਣ ਹੈ।ਦੇਸ਼ ਭਗਤ ਯੂਨੀਵਰਸਿਟੀ ਦੀ ਐੱਨਸੀਸੀ ਕੈਡਿਟ ਪੂਜਾ ਨੇ ਆਰਡੀਸੀ ਟੁਕੜੀ ਵਿੱਚ ਆਪਣਾ ਸਥਾਨ ਹਾਸਲ ਕਰਨ ਲਈ ਸਰੀਰਕ ਤੰਦਰੁਸਤੀ ਟੈਸਟ, ਡ੍ਰਿਲ, ਹਥਿਆਰ ਸਿਖਲਾਈ, ਸੱਭਿਆਚਾਰਕ ਗਤੀਵਿਧੀਆਂ ਤੇ ਲੀਡਰਸ਼ਿਪ ਮੁਲਾਂਕਣ ਸਮੇਤ ਕਈ ਸਖ਼ਤ ਚੋਣ ਪੜਾਵਾਂ ਨੂੰ ਸਫਲਤਾਪੂਰਵਕ ਪਾਸ ਕੀਤਾ।ਗਣਤੰਤਰ ਦਿਵਸ ਕੈਂਪ ਨੂੰ ਐੱਨਸੀਸੀ ਕੈਡਿਟਾਂ ਲਈ ਸਭ ਤੋਂ ਉੱਚੇ ਸਨਮਾਨਾਂ 'ਚੋਂ ਇੱਕ ਮੰਨਿਆ ਜਾਂਦਾ ਹੈ, ਕਿਉਂਕਿ ਇਹ ਰਾਸ਼ਟਰੀ ਪੱਧਰ 'ਤੇ ਆਪਣੇ ਰਾਜ ਤੇ ਸੰਸਥਾ ਦੀ ਨੁਮਾਇੰਦਗੀ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।ਯੂਨੀਵਰਸਿਟੀ ਪ੍ਰਸ਼ਾਸਨ, ਐੱਨ.ਸੀ.ਸੀ. ਅਧਿਕਾਰੀਆਂ ਤੇ ਫੈਕਲਟੀ ਮੈਂਬਰਾਂ ਨੇ ਕੈਡਿਟ ਪੂਜਾ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਇਸ ਵੱਕਾਰੀ ਰਾਸ਼ਟਰੀ ਪਲੇਟਫਾਰਮ 'ਤੇ ਦੇਸ਼ ਭਗਤ ਯੂਨੀਵਰਸਿਟੀ ਤੇ ਉਸ ਦੀ ਐੱਨ.ਸੀ.ਸੀ. ਬਟਾਲੀਅਨ ਦੀ ਨੁਮਾਇੰਦਗੀ ਕਰਨ ਦੀ ਤਿਆਰੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੈਂਗਸਟਰਾਂ ਵੱਲੋਂ ਮੋਟਰਸਾਈਕਲ ਸਵਾਰ 'ਤੇ ਦਿਨ-ਦਿਹਾੜੇ ਹਮਲਾ

**ਚਵਿੰਡਾ ਦੇਵੀ** (ਖੁਸ਼ਹਾਲ ਸੁੰਦਰ)- ਅੰਮ੍ਰਿਤਸਰ ਵਿੱਚ ਦਿਨ-ਦਿਹਾੜੇ ਹੋਏ ਹਮਲੇ ਦਾ ਇੱਕ ਸਨਸਨੀਖੇਜ਼ ਵੀਡੀਓ ਸਾਹਮਣੇ ਆਇਆ ਹੈ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹੈ। ਵਾਇਰਲ ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਗੈਂਗਸਟਰ ਇੱਕ ਕਾਲੀ ਕਾਰ ਵਿੱਚ ਆਉਂਦੇ ਹਨ ਅਤੇ ਤੁਰੰਤ ਹੀ ਇੱਕ ਮੋਟਰਸਾਈਕਲ ਸਵਾਰ 'ਤੇ ਹਮਲਾ ਕਰ ਦਿੰਦੇ ਹਨ। ਟੱਕਰ ਲੱਗਣ 'ਤੇ ਮੋਟਰਸਾਈਕਲ ਸਵਾਰ ਜ਼ਮੀਨ 'ਤੇ ਡਿੱਗ ਪੈਂਦਾ ਹੈ ਅਤੇ ਹਮਲਾਵਰ ਹਥਿਆਰਾਂ ਨਾਲ ਪੀੜਤ ਦਾ ਪਿੱਛਾ ਕਰਦੇ ਦਿਖਾਈ ਦਿੰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਅੰਮ੍ਰਿਤਸਰ ਦੇ ਨਿਊ ਫਲਾਵਰ ਸਕੂਲ ਦੇ ਨੇੜੇ ਵਾਪਰੀ ਹੈ। ਵੀਡੀਓ ਵਿੱਚ ਪੂਰੇ ਹਮਲੇ ਨੂੰ ਕੈਦ ਕੀਤਾ ਗਿਆ ਹੈ, ਜੋ ਹਮਲਾਵਰਾਂ ਦੀਆਂ ਬੇਸ਼ਰਮੀ ਵਾਲੀਆਂ ਕਾਰਵਾਈਆਂ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਪੀੜਤ ਮੁਖਤਿਆਰ ਸਿੰਘ, ਅੰਤਰਯਾਮੀ ਕਲੋਨੀ ਦਾ ਨਿਵਾਸੀ ਦੱਸਿਆ ਜਾ ਰਿਹਾ ਹੈ। ਪੀੜਤ ਦੇ ਰਿਸ਼ਤੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਇਹ ਹਮਲਾ ਫਿਰੌਤੀ ਦਾ ਮਾਮਲਾ ਸੀ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਸਾਲੇ ਤੋਂ ਫਿਰੌਤੀ ਮੰਗੀ ਗਈ ਸੀ। ਜਦੋਂ ਫਿਰੌਤੀ ਨਹੀਂ ਦਿੱਤੀ ਗਈ ਤਾਂ ਮੁਲਜ਼ਮਾਂ ਨੇ ਜਨਤਕ ਤੌਰ 'ਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸਾਹਿਬ ਸਿੰਘ ਦੇ ਅਨੁਸਾਰ ਹਮਲਾਵਰਾਂ ਨੇ ਨਾ ਸਿਰਫ਼ ਉਨ੍ਹਾਂ ਦੇ ਸਾਲੇ 'ਤੇ ਹਮਲਾ ਕੀਤਾ ਅਤੇ ਭੱਜ ਗਏ, ਸਗੋਂ ਉਨ੍ਹਾਂ ਦੇ ਸੋਨੇ ਦੇ ਗਹਿਣੇ ਵੀ ਲੁੱਟ ਕੇ ਲੈ ਗਏ। ਘਟਨਾ ਤੋਂ ਬਾਅਦ ਪੀੜਤ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ।



# ਉਮਰ ਖਾਲਿਦ ਸ਼ਰਜੀਲ ਅਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦੀ ਤੁਰੰਤ ਰਿਹਾਈ ਕੀਤੀ ਜਾਵੇ : ਦਵਿੰਦਰ ਸੋਹਲ

**ਝਬਾਲ, ਸਰਾਏ ਅਮਾਨਤ ਖਾਂ** ( ਹਰਜਿੰਦਰ ਸਿੰਘ ਸੋਨੀ, ਮੱਖਣ ਮਨੋਜ)- ਪੰਜਾਬ ਇਸਤਰੀ ਸਭਾ ਤਰਨ ਤਾਰਨ ਵੱਲੋਂ ਝਬਾਲ ਇਲਾਕੇ ਦੇ ਪਿੰਡ ਮੰਨਣ ਵਿੱਚ ਜ਼ਿਲ੍ਹਾ ਪ੍ਰਧਾਨ ਸੀਮਾ ਸੋਹਲ ਦੀ ਅਗਵਾਈ ਵਿੱਚ ਇੱਕ ਇਕੱਠ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਬੀਬੀ ਰਣਜੀਤ ਕੌਰ ਨੇ ਕੀਤੀ।ਸੀਮਾ ਸੋਹਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਦਾ ਨਾਂਅ ਅਤੇ ਸਰੂਪ ਬਦਲ ਕੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਨਰੇਗਾ ਨੂੰ ਖਤਮ ਕਰ ਦਿੱਤਾ ਜਾਵੇ ਜਿਸ ਨਾਲ ਲੱਖਾਂ ਹੀ ਲੋਕ ਬੇਰੁਜ਼ਗਾਰ ਹੋ ਜਾਣਗੇ ਅਤੇ ਖਾਸ ਕਰਕੇ ਔਰਤਾਂ ਕਿਉਂਕਿ ਮਨਰੇਗਾ ਵਿੱਚ ਜ਼ਿਆਦਾਤਰ ਔਰਤਾਂ ਨੂੰ ਕੰਮ ਮਿਲਦਾ ਹੈ ਅਤੇ ਪੇਂਡੂ ਔਰਤਾਂ ਆਪਣੇ ਜੋਗੀ ਕਮਾਈ ਕਰਨ ਦੇ ਕਾਬਲ ਹੋਈਆਂ ਸਨ।ਉਨ੍ਹਾਂ ਕੋਲੋਂ ਰੁਜ਼ਗਾਰ ਖੋਹ ਕੇ ਉਨ੍ਹਾਂ ਨੂੰ ਡੂੰਘੇ ਖੂਹ ਵਿੱਚ ਸੁੱਟਿਆ ਜਾ ਰਿਹਾ ਹੈ।ਸੀਮਾ ਸੋਹਲ ਨੇ ਦੱਸਿਆ ਕਿ ਅਸੀਂ ਇਕੱਠੇ ਹੋ ਕੇ ਹੀ ਆਪਣੇ ਹੱਕਾਂ ਲਈ ਲੜ ਸਕਦੇ ਹਾਂ।ਸੀਪੀਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਦੱਸਿਆ ਕਿ ਸਾਡੇ ਦੇਸ਼ ਵਿੱਚ ਹੱਕ ਅਤੇ ਸੱਚ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਲਾਤਕਾਰੀਆਂ ਅਤੇ ਠੱਗਾਂ ਨੂੰ ਤਾਂ ਜ਼ਮਾਨਤ ਮਿਲ ਜਾਂਦੀ ਹੈ ਪ੍ਰੰਤੂ ਲੋਕਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀ ਕਈ ਸਾਲਾਂ ਤੋਂ ਜੇਲਾਂ ਵਿੱਚ ਸੜ ਰਹੇ ਹਨ ।ਹੁਣ ਸੁਪਰੀਮ ਕੋਰਟ ਨੇ ਬਹੁਤ ਸਾਰੇ ਬੁੱਧੀਜੀਵੀਆਂ ਨੂੰ ਜ਼ਮਾਨਤ ਦੇ ਦਿੱਤੀ ਹੈ ਪ੍ਰੰਤੂ ਵਿਦਿਆਰਥੀ ਆਗੂ ਉਮਰ ਖਾਲਿਦ ਅਤੇ ਸ਼ਰਜੀਲ ਨੂੰ ਜ਼ਮਾਨਤ ਨਹੀਂ ਦਿੱਤੀ।ਅਸੀਂ ਮੰਗ ਕਰਦੇ ਹਾਂ ਕਿ ਉਨ੍ਹਾਂ ਨੂੰ ਤੁਰੰਤ ਜ਼ਮਾਨਤ ਦਿੱਤੀ ਜਾਵੇ।ਮੀਟਿੰਗ ਵਿੱਚ ਅਮਰੀਕਾ ਦੀ ਧੱਕੜਸ਼ਾਹੀ ਦੀ ਨਿੰਦਾ ਵੀ ਕੀਤੀ ਗਈ। ਕਦੇ ਈਰਾਨ ਤੇ ਕਦੇ ਲੀਬੀਆ ਤੇ ਕਦੇ ਯਮਨ 'ਤੇ ਹਮਲਾ ਕਰਦਾ ਹੈ। ਅਫਗਾਨਿਸਤਾਨ ਵਿੱਚ ਲੰਮੇ ਸਮੇਂ ਤੱਕ ਆਪਣੀਆਂ ਫੌਜਾਂ ਰੱਖੀਆਂ ਅਤੇ ਅਖੀਰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।ਹੁਣ ਸਭ ਤੋਂ ਬੇਸ਼ਰਮੀ ਭਰਿਆ ਕੰਮ ਜੋ ਟਰੰਪ ਸਰਕਾਰ ਨੇ ਕੀਤਾ ਹੈ ਉਹ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਸਦੀ ਪਤਨੀ ਨੂੰ ਅਗਵਾ ਕਰਨਾ ਹੈ। ਨਾਲ ਹੀ ਗਰੀਨ ਲੈਂਡ ਨੂੰ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਸਾਰੀ ਦੁਨੀਆ ਦੇ ਅਮਨ ਨੂੰ ਖਤਰਾ ਪੈਦਾ ਹੋ ਗਿਆ ਹੈ। ਅਸੀਂ ਸਰਕਾਰ ਕੋਲੋਂ ਮੰਗ ਕਰਦੇ ਹਾਂ ਕਿ ਅਮਰੀਕਾ ਦੀ ਇਸ ਆਪਹੁਦਰੀ ਕਾਰਵਾਈ ਦੀ ਨਿੰਦਾ ਕੀਤੀ ਜਾਵੇ।ਇਸ ਮੀਟਿੰਗ ਦਾ ਪ੍ਰਬੰਧ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਕੌਂਸਲ ਮੈਂਬਰ ਅਮਰਜੀਤ ਕੌਰ, ਸੁਖਵੰਤ ਸਿੰਘ, ਕਾਰਜ ਸਿੰਘ, ਬੀਬੀ ਰਣਜੀਤ ਕੌਰ ਨੇ ਕੀਤਾ।ਇਸ ਮੌਕੇ ਗੁਰਮੀਤ ਕੌਰ, ਗੁਰਮੀਤ ਕੌਰ ਮੰਨਣ, ਕੁਲਵਿੰਦਰ ਕੌਰ, ਵੀਰ ਕੌਰ, ਪ੍ਰਕਾਸ਼ ਸਿੰਘ, ਕੁਲਵੰਤ ਕੌਰ ਹਾਜ਼ਰ ਸਨ।



# ਸ਼ਿਕਾਇਤਾਂ ਦੇ ਬਾਵਜੂਦ ਨਹੀਂ ਰੁਕ ਰਹੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਾਰਕਿੰਗ ਫੀਸ ਦੀ ਨਾਜਾਇਜ਼ ਵਸੂਲੀ !

**ਅੰਮ੍ਰਿਤਸਰ,** (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਾਰਕਿੰਗ ਫੀਸ ਦੀ ਵੱਧ ਵਸੂਲੀ ਦਾ ਮੁੜ ਇੱਕ ਨਵਾਂ ਮਾਮਲਾ ਸਾਹਮਣੇ ਆਇਆ ਹੈ।ਇੱਕ ਯਾਤਰੀ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਏਅਰਪੋਰਟ ਅਥਾਰਟੀ ਨੇ ਮੁਆਫ਼ੀ ਮੰਗਦਿਆਂ ਪਾਰਕਿੰਗ ਵਾਲਿਆਂ ਵੱਲੋਂ ਲਏ ਗਏ ਵੱਧ ਪੈਸੇ ਵਾਪਸ ਕਰਨ ਦਾ ਭਰੋਸਾ ਦਿੱਤਾ ਹੈ, ਪਰ ਇਸ ਮੁੱਦੇ ਨੇ ਹਵਾਈ ਅੱਡੇ ਦੇ ਪ੍ਰਬੰਧਾਂ ਅਤੇ ਜਵਾਬਦੇਹੀ 'ਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ। ਹਵਾਈ ਅੱਡਾ ਡਾਇਰੈਕਟਰ ਨੂੰ ਸੌਂਪੀ ਸ਼ਿਕਾਇਤ ਅਨੁਸਾਰ ਸਤਵਿੰਦਰਜੀਤ ਸਿੰਘ ਨਾਮਕ ਵਿਅਕਤੀ 1 ਜਨਵਰੀ, 2026 ਨੂੰ ਦੁਪਹਿਰ 1:30 ਵਜੇ ਆਪਣੀ ਸਵਿਫਟ ਡਿਜ਼ਾਇਰ ਗੱਡੀ ਰਾਹੀਂ ਹਵਾਈ ਅੱਡੇ ਪਹੁੰਚਿਆ।ਤਕਰੀਬਨ ਇੱਕ ਘੰਟਾ ਚਾਲੀ ਮਿੰਟ ਗੱਡੀ ਪਾਰਕ ਕਰਨ ਦੇ ਉਸ ਕੋਲੋਂ 110 ਰੁਪਏ ਫੀਸ ਵਸੂਲੀ ਗਈ।ਹਵਾਈ ਅੱਡੇ ਦੇ ਅਧਿਕਾਰਤ ਰੇਟਾਂ ਅਨੁਸਾਰ, ਪਹਿਲੇ 30 ਮਿੰਟ ਲਈ 20 ਰੁਪਏ ਅਤੇ 31 ਤੋਂ 120 ਮਿੰਟ ਤੱਕ 55 ਰੁਪਏ ਫੀਸ ਤੈਅ ਹੈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਪਾਰਕਿੰਗ ਸਟਾਫ ਨੇ ਦਾਅਵਾ ਕੀਤਾ ਕਿ 1 ਜਨਵਰੀ ਤੋਂ ਰੇਟ ਬਦਲ ਗਏ ਹਨ, ਜਦਕਿ ਰੇਟ ਬੋਰਡ 'ਤੇ ਅਜਿਹਾ ਕੁਝ ਵੀ ਨਹੀਂ ਲਿਖਿਆ ਸੀ।ਸਤਵਿੰਦਰਜੀਤ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਪਾਰਕਿੰਗ ਸਟਾਫ ਨੇ ਐਂਟਰੀ ਸਲਿੱਪ ਵਾਪਸ ਲੈ ਲਈ ਅਤੇ ਬਾਹਰ ਨਿਕਲਣ ਵੇਲੇ ਜੋ ਰਸੀਦ ਦਿੱਤੀ, ਉਸ ਉਤੇ ਨਾ ਤਾਂ ਐਂਟਰੀ ਦਾ ਸਮਾਂ ਸੀ ਅਤੇ ਨਾ ਹੀ ਗੱਡੀ ਦਾ ਨੰਬਰ, ਜਿਸ ਕਾਰਨ ਪਾਰਦਰਸ਼ਤਾ ਦੀ ਘਾਟ ਸਾਫ਼ ਨਜ਼ਰ ਆ ਰਹੀ ਸੀ।ਸ਼ਿਕਾਇਤ ਤੋਂ ਬਾਅਦ ਅਧਿਕਾਰੀਆਂ ਨੇ ਮੁਸਾਫਰ ਤੋਂ ਮੁਆਫ਼ੀ ਮੰਗੀ ਅਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਹਵਾਈ ਅੱਡਾ ਪ੍ਰਸ਼ਾਸਨ ਦਾ ਜਵਾਬ ਸ਼ਲਾਘਾਯੋਗ ਹੈ, ਪਰ ਇਹ ਕੋਈ ਇੱਕਲਾ ਮਾਮਲਾ ਨਹੀਂ ਹੈ।ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਪਾਰਕਿੰਗ ਵਿੱਚ ਵੱਧ ਵਸੂਲੀ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ।ਸਤਵਿੰਦਰਜੀਤ ਸਿੰਘ ਨੇ ਵੀ ਹੋਰਨਾਂ ਵਾਂਗ ਇਸ ਸੰਬੰਧੀ ਸਾਡੇ ਨਾਲ ਸੰਪਰਕ ਕੀਤਾ।ਸਾਨੂੰ ਹਰ ਮਹੀਨੇ ਕਈ ਲੋਕ ਸ਼ੋਸ਼ਲ ਮੀਡੀਆ ਰਾਹੀਂ ਵੱਧ ਫੀਸ ਲਏ ਜਾਣ ਬਾਰੇ ਸੁਨੇਹੇ ਭੇਜਦੇ ਹਨ, ਪਰ ਬਹੁਤ ਘੱਟ ਲੋਕ ਲਿਖਤੀ ਸ਼ਿਕਾਇਤ ਕਰਨ ਦਾ ਉਪਰਾਲਾ ਕਰਦੇ ਹਨ।ਅਕਸਰ ਵਾਰ ਵਾਰ ਮੁਸਾਫਰਾਂ ਨੂੰ ਸਹੀ ਰੇਟ ਪਤਾ ਹੋਣ ਦੇ ਬਾਵਜੂਦ ਵੀ ਸਟਾਫ਼ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦਾ।ਗੁਮਟਾਲਾ ਨੇ ਚਿੰਤਾ ਪ੍ਰਗਟਾਈ ਕਿ ਵਾਰ-ਵਾਰ ਸ਼ਿਕਾਇਤਾਂ ਅਤੇ ਮੀਡੀਆ ਰਿਪੋਰਟਾਂ ਦੇ ਬਾਵਜੂਦ ਉਹੀ ਠੇਕੇਦਾਰ ਕੰਮ ਕਰ ਰਿਹਾ ਹੈ ਅਤੇ ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ ਜਾਂ ਜੁਰਮਾਨੇ ਬਾਰੇ ਕੋਈ ਲਿਖਤੀ ਜਾਣਕਾਰੀ ਜਨਤਕ ਨਹੀਂ ਕੀਤੀ ਜਾਂਦੀ।ਉਨ੍ਹਾਂ ਕਈ ਵਾਰ ਫਾਸਟੈਗ ਸਿਸਟਮ ਨੂੰ ਬੰਦ ਰੱਖਣ ਅਤੇ ਪਿੱਕ-ਅੱਪ ਐਂਡ ਡਰਾਪ ਏਰੀਏ ਵਿੱਚ ਗੈਰ-ਕਾਨੂੰਨੀ ਟੈਕਸੀਆਂ ਦੀ ਭਰਮਾਰ ਕਾਰਨ ਪੈਦਾ ਹੁੰਦੀ ਅਵਿਵਸਥਾ ਦਾ ਮੁੱਦਾ ਵੀ ਉਠਾਇਆ।ਉਨ੍ਹਾਂ ਕਿਹਾ ਕਿ ਜਦੋਂ ਰੋਜ਼ ਹਵਾਈ ਅੱਡੇ 'ਤੇ ਹਜ਼ਾਰਾਂ ਵਾਹਨ ਆਉਂਦੇ ਹਨ ਤਾਂ ਪ੍ਰਤੀ ਵਾਹਨ ਲਗਭਗ 10 ਤੋਂ 50 ਰੁਪਏ ਦੀ ਵੱਧ ਵਸੂਲੀ ਵੀ ਕੁਝ ਹੀ ਮਹੀਨਿਆਂ ਵਿੱਚ ਲੱਖਾਂ ਰੁਪਏ ਤੱਕ ਪਹੁੰਚ ਸਕਦੀ ਹੈ।ਅਜਿਹੀਆਂ ਘਟਨਾਵਾਂ ਸੋਸ਼ਲ ਮੀਡੀਆ 'ਤੇ ਵਾਰ-ਵਾਰ ਵਾਇਰਲ ਹੁੰਦੀਆਂ ਹਨ, ਜਿਸ ਨਾਲ ਹਵਾਈ ਅੱਡੇ ਦਾ ਅਕਸ ਖ਼ਰਾਬ ਹੁੰਦਾ ਹੈ ਅਤੇ ਕੁੱਝ ਮੁਸਾਫਰ ਦਿੱਲੀ ਜਾਂ ਚੰਡੀਗੜ੍ਹ ਹਵਾਈ ਅੱਡੇ ਨੂੰ ਤਰਜੀਹ ਦੇਣ ਲੱਗ ਪੈਂਦੇ ਹਨ, ਜੋ ਕਿ ਅੰਮ੍ਰਿਤਸਰ ਦੇ ਹਵਾਈ ਸੰਪਰਕ ਲਈ ਨੁਕਸਾਨਦੇਹ ਹੈ।ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਹ ਮੁੱਦਾ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਉਠਾਉਂਦਿਆਂ ਏਅਰਪੋਰਟਸ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਵਿਪਿਨ ਕੁਮਾਰ (ਆਈਏਐੱਸ) ਤੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਪਾਰਕਿੰਗ ਪ੍ਰਬੰਧਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ

**ਤਰਨਤਾਰਨ** (ਪ੍ਰਿਤਪਾਲ ਸਿੰਘ)- ਚੀਫ਼ ਖਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੀ ਜ਼ਿਲੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵੱਲੋਂ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਕੀਤੀ ਕੀਤੀ ਜਾ ਰਹੀ ਹੈ, ਜੋ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਖੇਡਾਂ ਦੇ ਪ੍ਰੋਤਸਾਹਨ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਸ ਮੌਕੇ ਚੀਫ਼ ਖਾਲਸਾ ਦੀਵਾਨ ਦੀ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਅਤੇ ਚੀਫ਼ ਖਾਲਸਾ ਦੀਵਾਨ ਦੇ ਸਪੋਰਟਸ ਕਮੇਟੀ ਦੇ ਕਨਵੀਨਰ ਰਬਿੰਦਰਬੀਰ ਸਿੰਘ ਭੱਲਾ, ਮੋਹਨਜੀਤ ਸਿੰਘ ਭੱਲਾ, ਤਰਲੋਕ ਸਿੰਘ, ਆਨਰੇਰੀ ਸਕੱਤਰ ਲੋਕਲ ਕਮੇਟੀ ਚੀਫ਼ ਖਾਲਸਾ ਦੀਵਾਨ ਰਵਿੰਦਰ ਸਿੰਘ ਅਤੇ ਜੁਆਇੰਟ ਸਪੋਰਟਸ ਡਾਇਰੈਕਟਰ ਦਪਿੰਦਰ ਸਿੰਘ, ਉਚੇਚੇ ਤੌਰ 'ਤੇ ਹਾਜ਼ਰ ਸਨ ।ਇਸ ਵਿਸ਼ੇਸ਼ ਮੌਕੇ ਚੀਫ਼ ਖਾਲਸਾ ਦੀਵਾਨ ਦੀ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਕਿਹਾ ਕਿ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਇੱਕ ਮਹੱਤਵਪੂਰਨ ਅਤੇ ਦੂਰਦਰਸ਼ੀ ਕਦਮ ਹੈ।ਇਹ ਅਕੈਡਮੀ ਵਿਦਿਆਰਥੀਆਂ ਨੂੰ ਸੁਚੱਜੀ, ਅਨੁਸ਼ਾਸਨਬੱਧ ਅਤੇ ਪੇਸ਼ੇਵਰ ਟ੍ਰੇਨਿੰਗ ਪ੍ਰਦਾਨ ਕਰੇਗੀ, ਜਿਸ ਨਾਲ ਉਹ ਆਪਣੀ ਖੇਡ ਪ੍ਰਤਿਭਾ ਨੂੰ ਸਹੀ ਦਿਸ਼ਾ ਵਿੱਚ ਨਿਖਾਰ ਸਕਦੇ ਹਨ।ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਗੁਰਿੰਦਰ ਸਿੰਘ ਨੇ ਕਿਹਾ ਕਿ ਸਕੂਲ ਖੇਡਾਂ ਨੂੰ ਸਿੱਖਿਆ ਦਾ ਅਟੁੱਟ ਹਿੱਸਾ ਮੰਨਦਾ ਹੈ ਅਤੇ ਇਸ ਅਕੈਡਮੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਖੇਡ ਭਾਵਨਾ, ਟੀਮ ਵਰਕ ਅਤੇ ਅਨੁਸ਼ਾਸਨ ਦੇ ਗੁਣ ਵਿਕਸਿਤ ਕਰਨਾ ਹੈ।ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ ਨੇ ਕਿਹਾ ਕਿ ਇਸ ਅਕੈਡਮੀ ਰਾਹੀਂ ਵਿਦਿਆਰਥੀਆਂ ਨੂੰ ਉਚ ਦਰਜੇ ਦੀ ਕੋਚਿੰਗ, ਆਧੁਨਿਕ ਖੇਡ ਸਹੂਲਤਾਂ ਅਤੇ ਨਿਯਮਿਤ ਅਭਿਆਸ ਦਾ ਮੌਕਾ ਮਿਲੇਗਾ।ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਕਿਹਾ ਕਿ ਇਸ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਸਕੂਲ ਦੀ ਖੇਡਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਮਜ਼ਬੂਤੀ ਪ੍ਰਦਾਨ ਕਰਦੀ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਤਰਵੰਤ ਸਿੰਘ ਬੈਂਸ ਨੇ ਕਿਹਾ ਕਿ ਕ੍ਰਿਕਟ ਅਕੈਡਮੀ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਵਿਸ਼ੇਸ਼ ਪਹਿਲ ਹੈ। ਇਸ ਅਕੈਡਮੀ ਨਾਲ ਨਾ ਸਿਰਫ਼ ਖਿਡਾਰੀਆਂ ਦੀ ਖੇਡ ਸਮਰੱਥਾ ਵਿੱਚ ਸੁਧਾਰ ਹੋਵੇਗਾ, ਸਗੋਂ ਉਹ ਜ਼ਿਲ੍ਹਾ, ਰਾਜ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਵੀ ਤਿਆਰ ਹੋਣਗੇ।



# 18 ਦੀ 'ਆਪ' ਰੈਲੀ ਸਬੰਧੀ ਤਲਬੀਰ ਗਿੱਲ ਦੀ ਅਗਵਾਈ ਹੇਠ ਮਰੜੀ ਕਲਾਂ ਵਿਖੇ ਮੀਟਿੰਗ ਹੋਈ

**ਮਜੀਠਾ** (ਸੋਇਮ ਆਨੰਦ)- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੀ 18 ਜਨਵਰੀ ਨੂੰ ਹੋਣ ਵਾਲੀ ਰੈਲੀ ਸਬੰਧੀ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਤਲਬੀਰ ਸਿੰਘ ਗਿੱਲ ਦੀ ਅਗਵਾਈ ਵਿਚ ਹਲਕਾ ਮਜੀਠਾ ਦੇ ਪਿੰਡ ਮਰੜੀ ਕਲਾਂ ਵਿਖੇ ਵਰਕਰਾਂ ਦੀ ਮੀਟਿੰਗ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਰੱਖੀ ਗਈ।ਇਸ ਮੌਕੇ ਵਰਕਰਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਗਿੱਲ ਨੇ ਕਿਹਾ ਕਿ ਮਜੀਠਾ ਵਿਖੇ 18 ਦੀ ਹੋਣ ਵਾਲੀ ਰੈਲੀ ਵਿਰੋਧੀਆਂ ਦੇ ਸਭ ਭਰਮ ਭੁਲੇਖੇ ਦੂਰ ਕਰ ਦੇਵੇਗੀ। ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਉਣ ਲਈ ਚਾਰ ਚੰਨ ਲਗਾਏ ਹਨ ਤੇ ਪੰਜਾਬ ਦਾ ਕੋਈ ਵੀ ਵਿਕਾਸ ਦਾ ਕੰਮ ਅਧੂਰਾ ਨਹੀ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਨੂੰ 75 ਸਾਲ ਪਹਿਲੀਆਂ ਸਰਕਾਰਾਂ ਨੇ ਬਹੁਤ ਲੁੱਟਿਆ ਹੈ ਜਿਸ ਨੂੰ ਸੰਵਾਰਨ ਲਈ ਕੁਝ ਸਮਾਂ ਤਾਂ ਲੱਗਦਾ ਹੀ ਹੈ।ਜਦ ਦੀ ਮਾਨ ਸਾਬ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ ਪੰਜਾਬ ਤਰੱਕੀ ਦੀਆਂ ਲੀਹਾਂ 'ਤੇ ਚੱਲ ਰਿਹਾ ਹੈ ।ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ 15 ਜਨਵਰੀ ਤੋਂ ਸੂਬੇ ਦੇ ਹਰੇਕ ਨਾਗਰਿਕ ਲਈ 10 ਲੱਖ ਰੁਪਏ ਤੱਕ ਦਾ ਇਲਾਜ ਕਰਾਉਣ ਲਈ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਜਾ ਰਹੀ ਹੈ ਜੋ ਕਿ ਸ਼ਲਾਘਾਯੋਗ ਕਾਰਜ ਹੈ।ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਲਾਪਤਾ ਹੋਣ ਸਬੰਧੀ ਗੱਲ ਕਰਦਿਆਂ ਤਲਬੀਰ ਗਿੱਲ ਨੇ ਕਿਹਾ ਕਿ ਸਰਕਾਰ ਸਿੱਖ ਧਰਮ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਕਰ ਰਹੀ, ਸਰਕਾਰ ਤਾਂ ਆਪਣਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸ਼੍ਰੀ ਅਕਾਲ ਤਖਤ ਤਾਂ ਆਪਣੇ ਆਕਾਵਾਂ ਦੀ ਬੋਲੀ ਬੋਲ ਰਹੇ ਹਨ ਜਦਕਿ ਉਨ੍ਹਾਂ ਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਵੱਡੇ ਫੈਸਲੇ ਲੈਣੇ ਚਾਹੀਦੇ ਹਨ।ਇਸ ਮੌਕੇ ਗਿੱਲ ਨੇ ਪਾਰਟੀ ਵਰਕਰਾਂ ਅਤੇ ਆਮ ਲੋਕਾਂ ਨੂੰ 18 ਜਨਵਰੀ ਨੂੰ ਮਜੀਠਾ ਵਿਖੇ ਹੋਣ ਵਾਲੀ ਰੈਲੀ ਵਿੱਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਗਿੱਲ ਦੇ ਨਾਲ ਬਲਜਿੰਦਰ ਸਿੰਘ ਛੀਨਾ ਸਿਆਸੀ ਸਕੱਤਰ ਗਿੱਲ, ਹਰਭੁਪਿੰਦਰ ਸਿੰਘ ਸ਼ਾਹ ਮਜੀਠਾ, ਸਰਪੰਚ ਬਲਵਿੰਦਰ ਸਿੰਘ ਮਰੜੀ ਕਲਾਂ, ਸਰਪੰਚ ਸੁਖਚੈਨ ਸਿੰਘ ਸੁੱਖ ਭੰਗੂ, ਜਸਵਿੰਦਰ ਸਿੰਘ ਫੌਜੀ, ਬਖਤਾਵਰ ਸਿੰਘ, ਨਿਰਮਲ ਸਿੰਘ, ਜਗਜੀਤ ਸਿੰਘ, ਧਰਮਬੀਰ ਸਿੰਘ, ਸੁਖਵਿੰਦਰ ਸਿੰਘ, ਕਰਮਜੀਤ ਸਿੰਘ, ਬਲਕਾਰ ਸਿੰਘ, ਜਸਪਾਲ ਸਿੰਘ, ਇੰਦਰਜੀਤ ਸਿੰਘ, ਹਰਪ੍ਰੀਤ ਸਿੰਘ ਥਰੀਏਵਾਲ, ਸੁਖਦੀਪ ਸਿੰਘ ਸੱਗੂ, ਚਰਨਜੀਤ ਸਿੰਘ ਵਡਾਲਾ, ਬਲਾਕ ਪ੍ਰਧਾਨ ਰੁਪਿੰਦਰ ਸਿੰਘ ਵਡਾਲਾ, ਗੁਰਿੰਦਰ ਸਿੰਘ ਭੋਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।



# ਨਵੇਂ ਸਾਲ ਦੇ ਕਲੰਡਰ ਦੀ ਘੁੰਡ-ਚੁਕਾਈ



**ਛੇਹਰਟਾ,** (ਮਨੋਜ ਕੁਮਾਰ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ ਵੱਲੋਂ ਤਿਆਰ ਕੀਤੇ ਸਾਲ 2026 ਦੇ ਕਲੰਡਰ ਦੀ ਘੁੰਡ-ਚੁਕਾਈ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਕਰਮਜੀਤ ਸਿੰਘ ਤੇ ਰਜਿਸਟਰਾਰ ਪ੍ਰੋਫੈਸਰ (ਡਾ) ਕਰਮਜੀਤ ਸਿੰਘ ਚਾਹਲ ਨੇ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ ਦੇ ਪ੍ਰਧਾਨ ਹਰਦੀਪ ਸਿੰਘ ਨਾਗਰਾ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਇਹ ਉਪਰਾਲਾ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੀਤਾ ਜਾ ਰਿਹਾ ਹੈ। ਇਹ ਕਲੰਡਰ ਯੂਨੀਵਰਸਿਟੀ ਕੈਂਪਸ, ਜਲੰਧਰ ਕੈਂਪਸ ਜਲੰਧਰ ਕਾਲਜ ਤੇ ਗੁਰਦਾਸਪੁਰ ਕੈਂਪਸ ਦੇ ਹਰੇਕ ਕਰਮਚਾਰੀ ਤੇ ਅਧਿਕਾਰੀਆਂ ਨੂੰ ਦਿੱਤਾ ਜਾਂਦਾ ਹੈ। ਇਹ ਐਸੋਸੀਏਸ਼ਨ ਦਾ ਸ਼ਲਾਘਾਯੋਗ ਕੰਮ ਹੈ। ਕਲੰਡਰ ਵਿਚ ਕਰਮਚਾਰੀਆਂ ਲਈ ਸਰਕਾਰੀ ਛੁੱਟੀਆਂ, ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਨਾਗਰਾ ਨੇ ਨਵੇਂ ਸਾਲ ਤੇ ਲੋਹੜੀ ਦੀਆਂ ਯੂਨੀਵਰਸਿਟੀ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਸਿਹਤ, ਤੰਦਰੁਸਤੀ ਤੇ ਯੂਨੀਵਰਸਿਟੀ ਲਈ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਦੀ ਕਾਮਨਾ ਕੀਤੀ।



# ਡੀਪੂ ਹੋਲਡਰਾਂ ਵੱਲੋਂ ਡੀਐੱਫਐੱਸਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ

**ਧਾਰੀਵਾਲ,** (ਮਨਦੀਪ ਸਿੰਘ ਵਿੱਕੀ)- ਡੀਪੂ ਹੋਲਡਰ ਯੂਨੀਅਨ ਗੁਰਦਾਸਪੁਰ ਵੱਲੋਂ ਜਿਲ੍ਹਾ ਪ੍ਰਧਾਨ ਮੋਹਨ ਲਾਲ ਭਾਗੋਕਾਂਵਾ ਦੀ ਅਗਵਾਈ ਹੇਠ ਜਿਲ੍ਹਾ ਕੰਟਰੋਲਰ ਖੁਰਾਕ ਅਤੇ ਸਿਵਲ ਸਪਲਾਈ ਦਫਤਰ ਗੁਰਦਾਸਪੁਰ ਵਿਖੇ ਆਪਣੀਆਂ ਜਾਇਜ ਮੰਗਾਂ ਨੂੰ ਲੈ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਪ੍ਰਧਾਨ ਮੋਹਨ ਲਾਲ ਭਾਗੋਕਾਂਵਾ, ਬਲਾਕ ਧਾਰੀਵਾਲ ਦੇ ਪ੍ਰਧਾਨ ਦਿਲਬਾਗ ਸਿੰਘ ਸੋਹਲ ਸਮੇਤ ਵੱਖ-ਵੱਖ ਸੈਂਟਰਾਂ ਤੋਂ ਆਏ ਡੀਪੂ ਹੋਲਡਰਾਂ ਅਤੇ ਉਨ੍ਹਾਂ ਦੇ ਆਗੂਆਂ ਨੇ ਕਿਹਾ ਕਿ ਡੀਪੂ ਹੋਲਡਰਾਂ ਵੱਲੋਂ ਪਿਛਲੇ ਛੇ ਮਹੀਨਿਆਂ ਦੇ ਵੰਡੇ ਰਾਸ਼ਨ ਦੀ ਕਮਿਸ਼ਨ ਜਲਦ ਜਾਰੀ ਕਰਨ ਦੀ ਮੰਗ ਕੀਤੀ । ਇਸ ਮੌਕੇ ਤੇ ਡੀਪੂ ਹੋਲਡਰਾਂ ਵੱਲੋਂ ਡੀ.ਐਫ.ਐਸ.ਸੀ. ਗੁਰਦਾਸਪੁਰ ਦੀ ਗੈਰ-ਮੌਜੂਦਗੀ ਕਾਰਨ ਮੁੱਖ ਮੰਤਰੀ ਪੰਜਾਬ ਦੇ ਨਾਮ ਤੇ ਮੰਗ ਪੱਤਰ ਸੀਨੀਅਰ ਐਡੀਟਰ ਬਲਦੇਵ ਸਿੰਘ ਚਾਹਲ ਨੂੰ ਸੌਂਪਿਆ ਗਿਆ ।

# ਮਜੀਠੀਆ ਵੱਲੋਂ ਕਰਵਾਏ ਵਿਕਾਸ ਕੰਮਾਂ ਨੂੰ ਸ਼ਹਿਰ ਵਾਸੀ ਹੁਣ ਤੱਕ ਨਹੀਂ ਭੁੱਲੇ : ਗਨੀਵ ਕੌਰ

**ਮਜੀਠਾ** (ਸੋਇਮ ਆਨੰਦ)- ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਬੀਤੇ ਸਮੇਂ ਦੌਰਾਨ ਹਲਕਾ ਮਜੀਠਾ ਅਤੇ ਸ਼ਹਿਰ ਮਜੀਠਾ ਦੇ ਕਰਵਾਏ ਗਏ ਬਹੁ ਪੱਖੀ ਵਿਕਾਸ ਕਾਰਜਾਂ ਨੂੰ ਸ਼ਹਿਰ ਵਾਸੀ ਅਜੇ ਵੀ ਯਾਦ ਕਰਦੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਸਥਾਨਕ ਕੌਂਸਲਰਾਂ ਅਤੇ ਸ਼ਹਿਰ ਦੇ ਮੋਹਤਬਰਾਂ ਦੀ ਸੱਦੀ ਇੱਕ ਵਿਸ਼ੇਸ਼ ਬੈਠਕ ਦੌਰਾਨ ਗੱਲਬਾਤ ਕਰਦਿਆਂ ਕੀਤਾ।ਮੀਟਿੰਗ ਵਿਚ ਨਗਰ ਕੌਂਸਲ ਚੋਣਾਂ ਦੀ ਰਣਨੀਤੀ ਤਿਆਰ ਕੀਤੀ ਗਈ ਜਿਸ 'ਤੇ ਮੋਹਤਬਰਾਂ ਨੇ ਗਨੀਵ ਕੌਰ ਮਜੀਠੀਆ ਨੂੰ ਵਿਸ਼ਵਾਸ ਦੁਆਇਆ ਕਿ ਇਸ ਵਾਰ ਵੀ ਨਗਰ ਕੌਂਸਲ ਮਜੀਠਾ ਦੀਆਂ ਸਾਰੀਆਂ ਵਾਰਡਾਂ ਵਿਚ ਬਿਕਰਮ ਸਿੰਘ ਮਜੀਠੀਆ ਵੱਲੋਂ ਸ਼ਹਿਰ ਦੇ ਕਰਵਾਏ ਬਹੁਪੱਖੀ ਵਿਕਾਸ ਕਾਰਜਾਂ 'ਤੇ ਮੋਹਰ ਲਗਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਬਰਕਰਾਰ ਰੱਖਿਆ ਜਾਵੇਗਾ।ਗੱਲਬਾਤ ਕਰਦਿਆਂ ਮਜੀਠੀਆ ਨੇ ਅਮਨ ਤੇ ਕਾਨੂੰਨ ਵਿਵਸਥਾ ਦੀ ਦਿਨ-ਬ-ਦਿਨ ਵਿਗੜ ਰਹੀ ਹਾਲਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਅੱਜ ਸੂਬੇ ਵਿਚ ਕੋਈ ਵੀ ਵਿਅਕਤੀ ਸੁਰੱਖਿਅਤ ਨਹੀਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਨਸ਼ਿਆਂ ਦਾ ਬੋਲਬਾਲਾ ਹੈ।ਬੁਢਾਪਾ, ਵਿਧਵਾ, ਅੰਗਹੀਣ ਆਦਿ ਲਾਭਪਾਤਰੀਆਂ ਨੂੰ ਪੈਨਸ਼ਨਾਂ ਨਹੀਂ ਮਿਲ ਰਹੀਆਂ। ਔਰਤਾਂ ਦੇ ਖਾਤਿਆਂ ਵਿਚ ਅਜੇ ਤੱਕ ਹਜ਼ਾਰ-ਹਜ਼ਾਰ ਰੁਪਏ ਨਹੀਂ ਪਾਏ ਗਏ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪਿਛਲੇ ਸਮੇਂ ਦੌਰਾਨ ਹੋਈਆਂ ਚੋਣਾਂ ਵਿਚ ਕੀਤੀ ਵੱਡੇ ਪੱਧਰ ਤੇ ਧੱਕੇਸ਼ਾਹੀ ਨਾਲ ਪ੍ਰਾਪਤ ਕੀਤੀ ਜਿੱਤ ਨੂੰ ਹੀ ਆਪਣੀ ਜਿੱਤ ਕਰਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਸਬਾ ਮਜੀਠਾ ਦੇ ਲੋਕਾਂ ਨੇ ਇਸ ਵਾਰ ਨਗਰ ਕੌਂਸਲ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਵੋਟਾਂ ਨਾ ਪਾ ਕੇ ਮੂੰਹ ਤੋੜਵਾਂ ਜਵਾਬ ਦੇਣਾ ਹੈ ਅਤੇ ਗਲਤਫਹਿਮੀ ਕੱਢ ਦੇਣੀ ਹੈ।ਇਸ ਮੌਕੇ ਗਨੀਵ ਕੌਰ ਮਜੀਠੀਆ ਦੇ ਨਾਲ ਸਿਆਸੀ ਸਕੱਤਰ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਨਗਰ ਕੌਂਸਲ ਮਜੀਠਾ ਦੇ ਪ੍ਰਧਾਨ ਸਲਵੰਤ ਸਿੰਘ ਸੇਠ, ਸਾਬਕਾ ਪ੍ਰਧਾਨ ਕੌਂਸਲਰ ਤਰੁਨ ਕੁਮਾਰ ਅਬਰੋਲ, ਸੀਨੀ: ਮੀਤ ਪ੍ਰਧਾਨ ਪ੍ਰਿੰਸ ਨਈਅਰ, ਦਿਲਬਾਗ ਸਿੰਘ ਗਿੱਲ, ਸੁਰਿੰਦਰਪਾਲ ਸਿੰਘ ਗੋਕਲ, ਅਜੀਤ ਸਿੰਘ ਆਰੇ ਵਾਲੇ, ਜਥੇਦਾਰ ਹਰਪਾਲ ਸਿੰਘ, ਅਜੇ ਚੋਪੜਾ, ਬਿੱਲੇ ਸ਼ਾਹ, ਨੰਬਰਦਾਰ ਤੇਜਿੰਦਰ ਸਿੰਘ ਲਾਟੀ, ਉਂਕਾਰ ਸਿੰਘ ਮਜੀਠਾ, ਦਲਜੀਤ ਕੁਮਾਰ ਪ੍ਰਿੰਸੀਪਲ (ਰਿਟਾ:), ਗਗਨ ਅਰੋੜਾ, ਦੀਪਕ ਆੜ੍ਹਤੀਆ, ਨਰੇਸ਼ ਕੁਮਾਰ, ਪ੍ਰਧਾਨ ਧੀਰ ਸਿੰਘ ਆਦਿ ਅਕਾਲੀ ਆਗੂ ਹਾਜ਼ਰ ਸਨ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਦੂਜਾ ਪੜਾਅ ਸ਼ੁਰੂ : ਟੌਂਗ

**ਬਿਆਸ** (ਪਰਮਜੀਤ ਸਿੰਘ ਰੱਖੜਾ) ਹਲਕਾ ਬਾਬਾ ਬਕਾਲਾ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਸ਼ੁੱਕਰਵਾਰ ਰਈਆ ਰੈੱਸਟ ਹਾਊਸ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ਼ ਕਰਦੇ ਹੋਏ ਇਸ ਦਾ ਦੂਜਾ ਪੜਾਅ ਸ਼ੁਰੂ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਸੂਬੇ ਵਿਚ ਕਿਸੇ ਵੀ ਨਸ਼ਾ ਤਸਕਰ ਨੂੰ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਟੌਂਗ ਨੇ ਕਿਹਾ ਕਿ ਦੂਜੇ ਪੜਾਅ ਤਹਿਤ ਪੰਜਾਬ ਦੇ ਲਗਭਗ 15 ਹਜ਼ਾਰ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀ ਜਾਵੇਗੀ, ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ। ਸਰਕਾਰ ਵੱਲੋਂ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਨੰਬਰ 'ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ। ਇਸ ਦੇ ਨਾਲ ਹੀ ਯੁੱਧ ਨਸ਼ਿਆਂ ਵਿਰੁੱਧ ਮੋਬਾਇਲ ਐਪ ਵੀ ਲੋਕਾਂ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਡੀ ਐੱਸ ਪੀ ਅਰੁਣ ਸ਼ਰਮਾ, ਪ੍ਰਧਾਨ ਨਿਰਮਲ ਸਿੰਘ, ਬਲਜਿੰਦਰ ਸਿੰਘ, ਸਰਵਿੰਦਰ ਸਿੰਘ, ਸੁਖਦੇਵ ਸਿੰਘ ਪੱਡਾ, ਨਾਇਬ ਤਹਿਸੀਲ ਮਨੀ ਮਹਾਜਨ, ਐੱਸ ਐੱਚ ਓ ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ ਟੌਂਗ, ਬਲਵਿੰਦਰ ਸਿੰਘ, ਬਲਦੇਵ ਸਿੰਘ ਬੋਦੇਵਾਲ, ਰਣਧੀਰ ਸਿੰਘ, ਮੀਡੀਆ ਇੰਚਾਰਜ ਵਿਸ਼ਾਲ ਮੰਨਣ, ਜ਼ਿਲ੍ਹਾਵਾਈਜ਼ ਪ੍ਰਧਾਨ ਕੁਲਦੀਪ ਸਿੰਘ ਛੱਜਲਵੱਡੀ, ਜਗਦੀਪ ਸਿੰਘ, ਦਵਿੰਦਰ ਸਿੰਘ, ਗੁਰਚਰਨ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।



# ਤਿੰਨ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ,** (ਜਨਕ ਮਹਾਜਨ)- ਥਾਣਾ ਤਿੱਬੜ ਦੇ ਏਐੱਸਆਈ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਪੁਲੀ ਸੂਆ ਨਵਾਂ ਪਿੰਡ ਹੁੰਦਲ ਤੋਂ ਰੋਬਿਨ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਪ੍ਰਬੋਧ ਚੰਦਰ ਨਗਰ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਦੇ ਐੱਚ. ਸੀ. ਸੰਨੀ ਬੈਂਸ ਨੇ ਸਮੇਤ ਪੁਲਸ ਪਾਰਟੀ ਸਾਂਸੀਆਂ ਮੁਹੱਲਾ ਨੇੜੇ ਸੂਆ ਪੁਲੀ ਬਹਿਰਾਮਪੁਰ ਤੋਂ ਪਲਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਗਾਹਲੜੀ ਜੋ ਸੜਕ ਦੇ ਕਿਨਾਰੇ ਝਾੜੀਆਂ ਵਿੱਚ ਲੁਕ-ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਜਿਸ ਪਾਸੋਂ ਮੌਕੇ ਤੋਂ ਇੱਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਰਣਜੀਤ ਸਿੰਘ ਨੇ ਮਿੱਲ ਗਰਾਊਂਡ ਧਾਰੀਵਾਲ ਤੋਂ ਰਿੰਕੂ ਪੁੱਤਰ ਤਰਸੇਮ ਮਸੀਹ ਵਾਸੀ ਦੁਲਾਨੰਗਲ ਥਾਣਾ ਘੁੰਮਣ ਕਲਾ ਜੋ ਝਾੜੀਆਂ ਵਿੱਚ ਲੁਕ-ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੀ ਬਿਨਾਹ ਪਰ ਕਾਬੂ ਕੀਤਾ ਜਿਸ ਪਾਸੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਪੁਲਸ ਲਾਈਨ ਸਟੇਡੀਅਮ ਤਰਨਤਾਰਨ ਵਿਖੇ ਗੁਰਮੀਤ ਸਿੰਘ ਖੁੱਡੀਆਂ ਲਹਿਰਾਉਣਗੇ ਕੌਮੀ ਝੰਡਾ

**ਪੱਟੀ** (ਬਲਦੇਵ ਸਿੰਘ ਸੰਧੂ) ਪੁਲਸ ਲਾਈਨ ਸਟੇਡੀਅਮ, ਤਰਨ ਤਾਰਨ ਵਿਖੇ 26 ਜਨਵਰੀ ਨੂੰ 77ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ 'ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਸੂਬੇ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਉਨ੍ਹਾਂ ਕਿਹਾ ਕਿ ਸਾਰੇ ਵਿਭਾਗ ਹੁਣ ਤੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸੱਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਣਤੰਤਰ ਦਿਵਸ ਮੌਕੇ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਸਮਾਗਮ ਵਾਲੀ ਥਾਂ 'ਤੇ ਹੁਣ ਤੋਂ ਹੀ ਤਿਆਰੀਆਂ ਵਿੱਚ ਜੁਟ ਜਾਣ ਲਈ ਕਿਹਾ ।ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਡਾ. ਕਰਨਵੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੰਜੀਵ ਕੁਮਾਰ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਬਿਕਰਮਜੀਤ ਸਿੰਘ ਪੁਰੇਵਾਲ, ਡੀਡੀਪੀਓ ਪਿਆਰ ਸਿੰਘ ਖ਼ਾਲਸਾ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਐੱਚ ਪੀ ਵੀ ਵੈਕਸੀਨ ਸਬੰਧੀ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ

**ਤਰਨਤਾਰਨ,** (ਪ੍ਰਿਤਪਾਲ ਸਿੰਘ)- ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਤੇ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਪ੍ਰਧਾਨਗੀ ਅਤੇ ਜ਼ਿਲਾ ਟੀਕਾਕਰਨ ਅਫਸਰ ਕਮ ਨੋਡਲ ਅਫ਼ਸਰ ਵਰਿੰਦਰ ਪਾਲ ਕੌਰ ਦੀ ਅਗਵਾਈ ਹੇਠ ਵੀਰਵਾਰ ਨੂੰ ਦਫਤਰ ਸਿਵਲ ਸਰਜਨ ਵਿਖੇ ਜ਼ਿਲ੍ਹਾ ਪੱਧਰੀ ਹਿਊਮਨ ਪੈਪੀਲੋਮਾ ਵਾਇਰਸ (ਐੱਚ.ਪੀ.ਵੀ. ) ਵੈਕਸੀਨ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ ਗਈ।ਇਸ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਤੋਂ ਮੈਡੀਕਲ ਅਫਸਰਾਂ, ਬਲਾਕ ਐਕਸਟੈਂਸ਼ਨ ਐਜੂਕੇਟਰਾਂ, ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) ਅਤੇ ਕਮਿਊਨਿਟੀ ਹੈਲਥ ਅਫਸਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਇਹ ਐੱਚਪੀਵੀ ਵੈਕਸੀਨ ਵਿਸ਼ੇਸ਼ ਤੌਰ 'ਤੇ 14 ਸਾਲਾਂ ਦੀ ਉਮਰ ਪੂਰੀ ਕਰ ਚੁੱਕੀਆਂ ਲੜਕੀਆਂ ਨੂੰ ਜ਼ਿਲੇ ਭਰ ਦੇ ਵਿੱਚ ਸਿਹਤ ਕਰਮੀਆਂ ਵੱਲੋਂ ਬਿਲਕੁਲ ਮੁਫਤ ਲਗਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਵੈਕਸੀਨ ਨੂੰ ਲਗਾਉਣ ਦਾ ਮੁੱਖ ਮੰਤਵ ਬੱਚਿਆਂ ਨੂੰ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਕੈਂਸਰ ਤੋਂ ਬਚਾਉਣ ਦੇ ਨਾਲ ਨਾਲ ਗੁਪਤ ਅੰਗਾਂ ਦੇ ਰੋਗਾਂ ਤੋਂ ਬਚਾਉਣਾ ਹੈ।ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਔਰਤਾਂ 'ਚ ਹੋਣ ਵਾਲੇ ਸਰਵਿਕਸ ਕੈਂਸਰ ਦੀ ਰੋਕਥਾਮ ਲਈ ਐੱਚਪੀਵੀ ਵੈਕਸੀਨ ਭਾਰਤ ਸਮੇਤ ਕਈ ਮੁਲਕਾਂ ਦੇ ਵਿੱਚ ਪਹਿਲਾਂ ਤੋਂ ਹੀ ਲਗਾਈ ਜਾ ਰਹੀ ਹੈ ਅਤੇ ਇਹ ਟੀਕਾ ਵਿਸ਼ਵ ਸਿਹਤ ਸੰਸਥਾ ਤੋਂ ਪ੍ਰਮਾਣਿਤ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿੱਚ ਸਿਹਤ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਦੌਰਾਨ ਇਹ ਵੈਕਸੀਨ ਬਿਲਕੁਲ ਮੁਫਤ ਲਗਾਈ ਜਾਵੇਗੀ।ਸਿਵਲ ਸਰਜਨ ਡਾ. ਰਾਏ ਨੇ ਦੱਸਿਆ ਕਿ ਸਿਹਤ ਕਰਮੀਆਂ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਉਣ ਕਿਸ ਜ਼ਿਲੇ ਭਰ ਦੇ ਵਿੱਚ ਯੋਗ ਬੱਚਿਆਂ ਨੂੰ ਬਿਨਾਂ ਕਿਸੇ ਦੇਰੀ ਦੇ ਐੱਚਪੀਵੀ ਦਾ ਟੀਕਾ ਲਗਾਇਆ ਜਾਵੇ ਅਤੇ ਮਿਥੇ ਗਏ 100 ਫੀਸਦੀ ਟੀਚੇ ਨੂੰ ਪ੍ਰਾਪਤ ਕੀਤਾ ਜਾਵੇ। ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਵਰਕਸ਼ਾਪ ਦੌਰਾਨ ਸਿਹਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਐਚਪੀਵੀ ਵੈਕਸੀਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ।ਉਨ੍ਹਾਂ ਕਿਹਾ ਕਿ ਵਰਕਸ਼ਾਪ ਦੌਰਾਨ ਦੱਸਿਆ ਗਿਆ ਕਿ ਐੱਚਪੀਵੀ ਵੈਕਸੀਨ ਦੀ ਖ਼ੁਰਾਕ (ਡੋਜ਼) 14 ਸਾਲਾਂ ਦੀਆਂ ਲੜਕੀਆਂ ਨੂੰ ਲਗਾਈ ਜਾਵੇਗੀ।ਇਸ ਮੌਕੇ ਬੱਚਿਆਂ ਦੇ ਮਾਹਿਰ ਡਾਕਟਰ ਵਿਪੁਲ, ਜ਼ਿਲ੍ਹਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਵੀਸੀਸੀਐੱਮ ਮਨਦੀਪ ਸਿੰਘ ਅਤੇ ਸੰਦੀਪ ਸਿੰਘ ਆਦਿ ਮੌਜੂਦ ਸਨ।



# ਕਾਰਪੋਰੇਟ ਘਰਾਣਿਆਂ ਦਾ ਸਰਦਾਰ ਹੈ ਅਮਰੀਕਾ ਦਾ ਰਾਸ਼ਟਰਪਤੀ ਟਰੰਪ : ਮਾੜੀਮੇਘਾ, ਮੇਜਰ ਸਿੰਘ

**ਭਿੱਖੀਵਿੰਡ** (ਨਜ਼ਸ)- ਕਮਿਊਨਿਸਟ ਪਾਰਟੀਆਂ ਦੇ ਸੱਦੇ ਤੇ ਸੀਪੀਆਈ ਅਤੇ ਸੀਪੀਆਈ (ਐੱਮ) ਵੱਲੋਂ ਅਮਰੀਕਾ ਦੀ ਕਮਿਊਨਿਸਟ ਵਿਰੋਧੀ ਨੀਤੀ ਵਿਰੁੱਧ ਭਿੱਖੀਵਿੰਡ ਦੀਆਂ ਸੜਕਾਂ 'ਤੇ ਰੋਸ ਮੁਜ਼ਾਹਰਾ ਕਰਨ ਤੋਂ ਬਾਅਦ ਭਿੱਖੀਵਿੰਡ ਚੌਕ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਪਤਲਾ ਫੂਕਿਆ ਗਿਆ।ਬੱਸ ਸਟੈਂਡ 'ਤੇ ਇਕੱਤਰ ਹੋਏ ਪਾਰਟੀਆਂ ਦੇ ਵਰਕਰਾਂ ਤੇ ਹਮਦਰਦਾਂ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਸੂਬਾਈ ਆਗੂਆਂ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਮੇਜਰ ਸਿੰਘ ਦਰਾਜਕੇ ਨੇ ਕਿਹਾ ਕਿ ਉੱਤਰੀ ਅਮਰੀਕਾ ਵਿੱਚ ਵੈਨੇਜ਼ੁਏਲਾ ਇੱਕ ਛੋਟਾ ਜਿਹਾ ਦੇਸ਼ ਹੈ ਤੇ ਉਥੇ ਕਮਿਊਨਿਸਟ ਤੇ ਸੋਸ਼ਲਿਸਟਾਂ ਦੀ ਸਰਕਾਰ ਹੈ।ਵੈਨੇਜ਼ੁਏਲਾ ਦੇਸ਼ ਵਿੱਚ ਕੁਦਰਤੀ ਸਰੋਤ ਅਤੇ ਤੇਲ ਦੇ ਬਹੁਤ ਭੰਡਾਰ ਹਨ।ਤੇਲ ਦੇ ਭੰਡਾਰਾਂ ਦਾ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਕੌਮੀ ਕਰਨ ਕਰਕੇ ਉਥੋਂ ਦੇ ਨਿਵਾਸੀਆਂ ਦੀ ਜਾਇਦਾਦ ਬਣਾ ਦਿੱਤੀ ਹੈ।ਕਾਰਪੋਰੇਟ ਘਰਾਣਿਆਂ ਦੇ ਸਰਦਾਰ ਟਰੰਪ ਨੂੰ ਮਾਦੁਰੋ ਦੇ ਇਹ ਕੰਮ ਪਸੰਦ ਨਹੀਂ ਹਨ ਕਿਉਂਕਿ ਤੇਲ ਦੇ ਭੰਡਾਰਾਂ ਤੇ ਅਮਰੀਕੀ ਕਾਰਪੋਰੇਟ ਕਾਬਜ਼ ਸਨ।ਇਸ ਲਈ ਟਰੰਪ ਨੇ ਮਾਦੁਰੋ ਨੂੰ ਨਸ਼ੇ ਦਾ ਵਪਾਰੀ ਕਹਿ ਕੇ ਫੌਜੀ ਅਪ੍ਰੇਸ਼ਨ ਕੀਤਾ ਤੇ ਚੁੱਕ ਕੇ ਅਮਰੀਕਾ ਲੈ ਗਿਆ।ਉਥੇ ਉਸ 'ਤੇ ਕੇਸ ਚਲਾ ਦਿੱਤਾ ਹੈ।ਮਾਦੁਰੋ ਤੋਂ ਬਾਅਦ ਵੈਨੇਜ਼ੁਏਲਾ ਦੀ ਜਨਤਾ ਨੇ ਫਿਰ ਇੱਕ ਔਰਤ ਡੈਲਸੀ ਰੋਡ੍ਰਿਗੇਜ਼ ਜੋ ਕਮਿਊਨਿਸਟ ਹੈ ਉਸ ਨੂੰ ਰਾਸ਼ਟਰਪਤੀ ਚੁਣ ਲਿਆ ਹੈ।ਕਮਿਊਨਿਸਟਾਂ ਦੀ ਪੁਰਜ਼ੋਰ ਮੰਗ ਹੈ ਕਿ ਮਾਦੁਰੋ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ।ਟਰੰਪ ਨੇ ਉੱਤਰੀ ਅਮਰੀਕਾ ਦੇ ਬਾਕੀ ਕਮਿਊਨਿਸਟ ਦੇਸ਼ ਕੋਲੰਬੀਆ, ਕਿਊਬਾ ਤੇ ਮੈਕਸੀਕੋ ਨੂੰ ਵੀ ਦਬਕਾ ਮਾਰਿਆ ਹੈ ਕਿ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਜਾਵੇਗਾ।ਆਗੂਆਂ ਨੇ ਕਿਹਾ ਕਿ ਕੇਂਦਰ ਦੀ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਨਰੇਗਾ ਕਾਨੂੰਨ ਖ਼ਤਮ ਕਰਨ ਦੇ ਰਾਹ ਤੁਰੀ ਹੈ।ਇਕੱਲਾ ਨਰੇਗਾ ਦਾ ਨਾਮ ਹੀ ਨਹੀਂ ਬਦਲਿਆ ਗਿਆ ਇਸ ਕਾਨੂੰਨ ਤਹਿਤ ਕੰਮ ਦੇਣ ਦੇ ਅਧਿਕਾਰ ਆਪਣੇ ਅਧੀਨ ਕਰ ਲਏ ਹਨ।ਹੁਣ ਕੰਮ ਦੀ ਮਨਜ਼ੂਰੀ ਕੇਂਦਰ ਦੇਵੇਗਾ।ਨਰੇਗਾ ਦੇ ਕੰਮ ਦੇ ਪੈਸੇ ਦੀ ਵੰਡ ਵੀ ਜੋ ਪਹਿਲਾਂ ਸੈਂਟਰ 90% ਅਤੇ ਸਟੇਟ 10% ਹਿੱਸਾ ਪਾਉਂਦਾ ਸੀ ਉਹ ਹੁਣ ਸੈਂਟਰ 60% ਤੇ ਸਟੇਟ ਦਾ 40% ਕਰ ਦਿੱਤਾ ਗਿਆ ਹੈ।ਆਗੂਆਂ ਨੇ ਕਿਹਾ ਕਿ ਨਰੇਗਾ ਵਰਕਰਾਂ ਨੂੰ ਫੌਰੀ ਤੌਰ 'ਤੇ ਕੰਮ ਦਿੱਤਾ ਜਾਵੇ।ਅਗਲੇ ਚੰਦ ਦਿਨਾਂ ਵਿੱਚ ਨਰੇਗਾ ਕਾਮਿਆਂ ਦੇ ਕੰਮ ਲਈ ਭਿੱਖੀਵਿੰਡ ਬਲਾਕ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਜਾਵੇਗਾ।ਪ੍ਰੋਗਰਾਮ ਨੂੰ ਸੀਪੀਆਈ ਦੇ ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ, ਹੀਰਾ ਸਿੰਘ ਦਰਾਜਕੇ, ਬਲਦੇਵ ਰਾਜ ਭਿੱਖੀਵਿੰਡ, ਚਾਨਣ ਸਿੰਘ ਭਲਵਾਨ ਕੇ, ਨਰੇਗਾ ਯੂਨੀਅਨ ਦੇ ਆਗੂ ਟਹਿਲ ਸਿੰਘ ਲੱਧੂ, ਜਸਵੰਤ ਸਿੰਘ ਸੁਰਵਿੰਡ, ਪੰਜਾਬ ਇਸਤਰੀ ਸਭਾ ਦੀ ਆਗੂ ਵੀਰੋ ਸਾਂਡਪੁਰਾ ਤੇ ਪਰਮਜੀਤ ਕੌਰ ਮਾੜੀਮੇਘਾ, ਨਿਸ਼ਾਨ ਸਿੰਘ ਮਾੜੀ ਕੰਬੋਕੀ, ਗੁਰਦੇਵ ਸਿੰਘ ਚੂੰਹਗ ਨੇ ਵੀ ਸੰਬੋਧਨ ਕੀਤਾ।ਮੁਜ਼ਾਹਰਾ ਕਰਨ ਤੋਂ ਬਾਅਦ ਭਿੱਖੀਵਿੰਡ ਚੌਕ ਵਿੱਚ ਟਰੰਪ ਦਾ ਪੁਤਲਾ ਫੂਕਿਆ ਗਿਆ।



# ਸ਼ਹਿਰ ਅੰਦਰ ਟਰੈਫ਼ਿਕ ਲਾਈਟਾਂ ਨਾ ਹੋਣ ਕਾਰਨ ਲੋਕਾਂ ਦਾ ਚੌਕਾਂ 'ਚੋਂ ਲੰਘਣਾ ਹੋਇਆ ਮੁਹਾਲ

**ਗੁਰਦਾਸਪੁਰ,** (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਲਾਈਟਾਂ ਨਾ ਹੋਣ ਕਾਰਨ ਸ਼ਹਿਰ ਦੇ ਅੰਦਰ ਹਰ ਚੌਕ ਵਿਚੋਂ ਰਾਹਗੀਰਾਂ ਦਾ ਲੰਘਣਾ ਔਖਾ ਹੋਇਆ ਪਿਆ ਹੈ ਕਿਉਂਕਿ ਵਾਹਨ ਚਾਲਕ ਆਪਣੇ ਵਾਹਨਾਂ ਨੂੰ ਜਲਦਬਾਜ਼ੀ ਵਿਚ ਫਸਾ ਦਿੰਦੇ ਹਨ ਜਿਸ ਨਾਲ ਲੰਬਾ ਜਾਮ ਲੱਗ ਜਾਂਦਾ ਹੈ। ਇਸ ਤਰ੍ਹਾਂ ਰਾਹਗੀਰਾਂ ਨੂੰ ਲੰਬਾ ਸਮਾਂ ਚੌਕ ਪਾਰ ਕਰਨ ਨੂੰ ਲੱਗ ਜਾਂਦਾ ਹੈ ਅਤੇ ਕਈ ਵਾਰ ਵਾਹਨ ਆਪਸ ਵਿਚ ਟਕਰਾ ਕੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਸਮਾਜ ਸੇਵੀ ਜਥੇਬੰਦੀ ਦੇ ਆਗੂਆਂ ਅਤੇ ਸ਼ਹਿਰ ਵਾਸੀਆਂ ਨੇ ਦੱਸਿਆ ਕਿ ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਕਿਸੇ ਨੇ ਵੀ ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਦੇ ਹੱਲ ਲਈ ਕੋਈ ਖ਼ਾਸ ਯਤਨ ਨਹੀਂ ਕੀਤੇ। ਉਨ੍ਹਾਂ ਕਿਹਾ ਸ਼ਹਿਰ ਦੇ ਚੌਕਾਂ ਵਿੱਚ ਪੁਲਸ ਦੀ ਨਫਰੀ ਵੀ ਬਹੁਤ ਘੱਟ ਹੈ ਅਤੇ ਟਰੈਫ਼ਿਮ ਜਾਮ ਦੀ ਸਮੱਸਿਆ ਹਰ ਰੋਜ਼ ਵਧਦੀ ਜਾ ਰਹੀ ਹੈ ਜੋ ਚਿੰਤਾ ਦਾ ਵਿਸ਼ਾ ਹੈ। ਜੇਕਰ ਗੁਰਦਾਸਪੁਰ ਸ਼ਹਿਰ ਅੰਦਰ ਚੌਕਾਂ ਵਿਚ ਟਰੈਫ਼ਿਕ ਲਾਈਟਾਂ ਲੱਗ ਜਾਂਦੀਆਂ ਹਨ ਤਾਂ ਵਾਹਨ ਚਾਲਕ ਆਪਣੇ ਸਮੇਂ ਮੁਤਾਬਿਕ ਲੰਘਣਗੇ ਜਿਸ ਨਾਲ ਕੋਈ ਵੀ ਜਾਮ ਨਹੀਂ ਲੱਗੇਗਾ ਅਤੇ ਰਾਹਗੀਰਾਂ ਨੂੰ ਕਾਫ਼ੀ ਆਸਾਨੀ ਰਹੇਗੀ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਸ਼ਹਿਰ ਦੇ ਨੇੜਲੇ ਕਸਬਿਆਂ ਜਿਵੇਂ ਮੁਕੇਰੀਆਂ, ਦਸੂਹਾ ਵਿਚ ਟਰੈਫ਼ਿਕ ਲਾਈਆਂ ਲੱਗੀਆਂ ਪਈਆਂ ਹਨ ਜੋ ਟਰੈਫ਼ਿਕ ਨੂੰ ਕੰਟਰੋਲ ਵਿਚ ਅਹਿਮ ਰੋਲ ਅਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਟਰੈਫ਼ਿਕ ਲਾਈਟਾਂ ਨਾ ਹੋਣ ਕਾਰਨ ਕਈ ਵਾਰ ਟਰੈਫ਼ਿਕ ਪੁਲਸ ਦੇ ਕਰਮਚਾਰੀਆਂ ਨੂੰ ਵੀ ਕਾਫ਼ੀ ਜੱਦੋਜਹਿਦ ਕਰਕੇ ਟਰੈਫ਼ਿਕ ਨੂੰ ਕੰਟਰੋਲ ਕਰਨਾ ਪੈਂਦਾ ਹੈ ਅਤੇ ਕਈ ਵਾਰ ਟਰੈਫ਼ਿਕ ਕਰਮਚਾਰੀਆਂ ਨਾਲ ਵੀ ਵਾਹਨ ਚਾਲਕ ਲੜਾਈ ਝਗੜਾ ਕਰਦੇ ਨਜ਼ਰ ਆਉਂਦੇ ਹਨ। ਇਸ ਟਰੈਫ਼ਿਕ ਜਾਮ ਕਾਰਨ ਸਕੂਲੀ ਬੱਸਾਂ, ਨੌਕਰੀਆਂ 'ਤੇ ਜਾਣ ਸਮੇਂ ਮੁਲਾਜ਼ਮਾਂ ਤੋਂ ਇਲਾਵਾ ਹਸਪਤਾਲਾਂ ਜਾਣ ਵਾਲੇ ਐਮਰਜੈਂਸੀ ਹਾਲਤ ਵਿਚ ਮਰੀਜ਼ਾਂ ਅਤੇ ਐਂਬੂਲੈਂਸਾਂ ਨੂੰ ਜਾਮ ਵਿਚ ਫਸੇ ਰਹਿਣਾ ਪੈਂਦਾ ਹੈ। ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਇੰਨੀ ਜ਼ਿਆਦਾ ਵੱਧ ਚੁੱਕੀ ਹੈ ਕਿ ਕਾਹਨੂੰਵਾਨ ਚੌਕ ਤੋਂ ਬੱਸ ਅੱਡੇ ਤੱਕ, ਗੀਤ ਭਵਨ ਰੋਡ, ਜੇਲ੍ਹ ਰੋਡ, ਸ਼ਹਿਰ ਦੇ ਬਾਜ਼ਾਰਾਂ ਅੰਦਰ ਪਹੁੰਚਣ ਲਈ ਕਾਫ਼ੀ ਸਮਾਂ ਲੱਗ ਜਾਂਦਾ ਹੈ। ਉਨ੍ਹਾਂ ਕਿਹਾ ਪ੍ਰਸ਼ਾਸਨ ਵੱਲੋਂ ਵਾਹਨਾਂ ਨੂੰ ਪਾਰਕਿੰਗ ਕਰਨ ਲਈ ਨਹਿਰੂ ਪਾਰਕ ਵਿਖੇ ਵਿਸ਼ੇਸ ਜਗ੍ਹਾ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਵਾਹਨ ਚਾਲਕਾਂ ਵਲੋਂ ਬਹੁਤ ਹੀ ਘੱਟ ਉਥੇ ਆਪਣੇ ਵਾਹਨਾਂ ਨੂੰ ਪਾਰਕ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਟਰੈਫ਼ਿਕ ਵਿਭਾਗ ਵਲੀ ਭਾਰੀ ਜੱਦੋਜਹਿਦ ਕਰਕੇ ਟਰੈਫ਼ਿਕ ਨੂੰ ਕੰਟਰੋਲ ਕੀਤਾ ਜਾਂਦਾ ਹੈ ਪਰ ਫ਼ਿਰ ਵੀ ਟਰੈਫ਼ਿਕ ਸਮੱਸਿਆ ਸ਼ਹਿਰ ਅੰਦਰ ਦਿਨ ਪ੍ਰਦੀ ਦਿਨ ਵਧਦੀ ਜਾ ਰਹੀ ਹੈ। ਸ਼ਹਿਰ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਦੇ ਹੱਲ ਲਈ ਹਰ ਚੌਕ ਵਿਚ ਟਰੈਫ਼ਿਕ ਲਾਈਟਾਂ ਲਗਾਈਆਂ ਜਾਣ ਤਾਂ ਜੋ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।



# ਆਤਿਸ਼ੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਟਿੱਪਣੀ ਅਤਿ ਨਿੰਦਣਯੋਗ : ਬ੍ਰਹਮਪੁਰਾ

**ਖਡੂਰ ਸਾਹਿਬ** (ਸਰਬਜੋਤ ਸਿੰਘ ਸੰਧਾ) ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਦਿੱਲੀ ਵਿਧਾਨ ਸਭਾ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਕੀਤੀ ਅਪਮਾਨਜਨਕ ਟਿੱਪਣੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਉਨ੍ਹਾਂ ਇਸ ਬਿਆਨ ਨੂੰ ਆਪ ਆਗੂਆਂ ਦੀ ਘਟੀਆ ਅਤੇ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ।ਬ੍ਰਹਮਪੁਰਾ ਨੇ ਕਿਹਾ ਕਿ ਆਤਿਸ਼ੀ ਵੱਲੋਂ ਦਿੱਤਾ ਗਿਆ ਬਿਆਨ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਵਾਲਾ ਹੈ, ਜਿਸਨੂੰ ਸਿੱਖ ਸਮਾਜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।ਉਨ੍ਹਾਂ ਯਾਦ ਦਿਵਾਇਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੀ ਧਰਤੀ 'ਤੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅਦੁੱਤੀ ਸ਼ਹਾਦਤ ਦਿੱਤੀ, ਪਰ ਅੱਜ ਉਸੇ ਦਿੱਲੀ ਦੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਆਗੂ ਵੱਲੋਂ ਗੁਰੂ ਸਾਹਿਬ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤਣਾ ਬੇਹੱਦ ਮੰਦਭਾਗਾ ਹੈ।



# ਗੈਰ-ਕਾਨੂੰਨੀ ਮਾਈਨਿੰਗ ਖਿਲਾਫ ਵਿਧਾਇਕਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ

**ਨੰਗਲ (ਸੁਰਜੀਤ ਸਿੰਘ ਢੇਰ)**- ਇਲਾਕੇ ਵਿੱਚ ਕੀਤੀ ਜਾ ਰਹੀ ਗੈਰ ਕਾਨੂੰਨੀ ਮਾਈਨਿੰਗ ਖਿਲਾਫ ਪਿੰਡ ਭਲਾਣ ਗੁਰਦੁਆਰਾ ਸ੍ਰੀ ਰਤਵਾੜਾ ਸਾਹਿਬ ਵਿਖੇ ਕਿਸਾਨਾਂ ਦੀ ਇੱਕ ਵੱਡੀ ਮੀਟਿੰਗ ਹਰਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਤੇ ਹਾਜ਼ਰ ਵੱਡੀ ਗਿਣਤੀ ਲੋਕਾਂ ਨੇ ਫ਼ੈਸਲਾ ਕੀਤਾ ਕਿ ਇਲਾਕੇ ਦੇ ਮੰਤਰੀ ਸਮੇਤ ਵਿਧਾਇਕਾਂ ਨੂੰ ਗੈਰ ਕਾਨੂੰਨੀ ਮਾਈਨਿੰਗ ਰੋਕਣ ਸਬੰਧੀ ਮੰਗ ਪੱਤਰ ਦਿੱਤੇ ਜਾਣਗੇ। ਇਸ ਤੋਂ ਬਾਅਦ 18 ਜਨਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਉਪ ਮੰਡਲ ਮਜਿਸਟਰੇਟ ਦਫਤਰ ਮੂਹਰੇ ਵਿਸ਼ਾਲ ਧਰਨਾ ਮਾਰਿਆ ਜਾਵੇਗਾ। ਇਸ ਮੌਕੇ ਤੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਇਲਾਕੇ ਵਿੱਚ ਗੈਰ ਕਾਨੂੰਨੀ ਮਾਈਨਿੰਗ ਜ਼ੋਰ ਨਾਲ ਕੀਤੀ ਜਾ ਰਹੀ ਹੈ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਮਾਫੀਆ ਨੂੰ ਰੋਕਣ ਵਿੱਚ ਨਾਕਾਮ ਰਿਹਾ, ਜੋ ਵੀ ਮਾਈਨਿੰਗ ਦਾ ਵਿਰੋਧ ਕਰਦਾ ਉਸ ਤੇ ਪੁਲਸ ਪਰਚਾ ਦਰਜ ਕਰ ਦਿੰਦੀ ਹੈ। ਇਸ ਲਈ ਇਲਾਕੇ ਦੇ ਲੋਕ ਇੱਕਜੁੱਟ ਹੋ ਕੇ ਗੈਰ ਕਾਨੂੰਨੀ ਮਾਈਨਿੰਗ ਨੂੰ ਬੰਦ ਕਰਨ ਲਈ ਪੜਾਅ ਵਾਰ ਸੰਘਰਸ਼ ਕਰਨਗੇ। ਰਾਜਨੀਤਿਕ ਪਾਰਟੀਆਂ ਵਿੱਚ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਬਾਦਲ, ਭਾਜਪਾ, ਸੀ ਪੀ ਆਈ, ਸੀ ਪੀ ਐੱਮ ਅਤੇ ਵਾਰਸ ਪੰਜਾਬ ਪਾਰਟੀ ਨੇ ਵੀ ਸਮਰਥਨ ਦਿੰਦਿਆਂ ਕਿਹਾ ਕਿ ਹਰੇਕ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਗੈਰ ਕਾਨੂੰਨੀ ਮਾਈਨਿੰਗ ਖਿਲਾਫ ਚੱਲਣ ਵਾਲੇ ਸੰਘਰਸ਼ ਵਿੱਚ ਸ਼ਾਮਿਲ ਹੋਣਗੇ। ਕਾਂਗਰਸ ਪਾਰਟੀ ਵੱਲੋਂ ਰਮੇਸ਼ ਚੰਦ ਦਸਗਰਾਈ, ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਦਲ ਵੱਲੋਂ ਐੱਸ ਜੀ ਪੀ ਸੀ ਮੈਂਬਰ ਜਸਵੰਤ ... ਅਮਰਜੀਤ ਸਿੰਘ ਚਾਵਲਾ, ਭਾਜਪਾ ਵੱਲੋਂ ਪ੍ਰੇਮ ਦੱਤ ਸ਼ਰਮਾ, ਸੀ ਪੀ ਆਈ ਐਮ ਵੱਲੋਂ ਕਾਮਰੇਡ ਸੁਰਜੀਤ ਸਿੰਘ ਢੇਰ, ਸੀਪੀਆਈ ਵੱਲੋਂ ਦਵਿੰਦਰ ਨੰਗਲੀ, ਵਾਰਸ ਪੰਜਾਬ ਪਾਰਟੀ ਦੇ ਬਾਬਾ ਦਲਜੀਤ ਸਿੰਘ ਸੋਢੀ ਕੀਰਤਪੁਰ ਸਾਹਿਬ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਗੈਰ ਕਾਨੂੰਨੀ ਮਾਈਨਿੰਗ ਤੇ ਨੰਗਲ ਟਰਾਂਸਪੋਰਟ ਸੋਸਾਇਟੀ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਅਨੰਦਪੁਰ ਸਾਹਿਬ ਤੋਂ ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ, ਰੋਪੜ ਤੋਂ ਵਿਧਾਇਕ ਦਿਨੇਸ਼ ਚੱਢਾ, ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਕ ਹਫ਼ਤੇ ਦੇ ਵਿੱਚ ਜੇਕਰ ਇਹ ਮਾਈਨਿੰਗ ਨਹੀਂ ਰੋਕੀ ਜਾਂਦੀ ਤਾਂ ਆਉਣ ਵਾਲੇ 19 ਜਨਵਰੀ ਨੂੰ ਉਪ ਮੰਡਲ ਦਫ਼ਤਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਲਾਕੇ ਦੇ ਲੋਕਾਂ ਦਾ ਵਿਸ਼ਾਲ ਧਰਨਾ ਮਾਰ ਕੇ ਪ੍ਰਸ਼ਾਸਨ ਨੂੰ ਗੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਮਜਬੂਰ ਕੀਤਾ ਜਾਵੇਗਾ। ਮੀਟਿੰਗ ਵਿੱਚ ਟਿੱਕਾ ਯਸ਼ਵੀਰ ਚੰਦ ਭਲਾਣ, ਸਾਬਕਾ ਸਰਪੰਚ ਮੰਜੂ ਭਲਾਣ, ਐਡਵੋਕੇਟ ਵਿਸ਼ਾਲ ਸੈਣੀ,ਬਲਵੀਰ ਸਿੰਘ ਸ਼ਾਹਪੁਰ, ਭਗਵੰਤ ਸਿੰਘ ਮਟੌਰ, ਕਸ਼ਮੀਰ ਸਿੰਘ ਨੰਗਲੀ,ਬਖਸ਼ੀਸ਼ ਸਿੰਘ ਹਾਜੀਪੁਰ, ਸਰਪੰਚ ਕੇਸ਼ਵ ਕੁਮਾਰ ਸੁਰੇਵਾਲ ਸਰਪੰਚ ਗੁਰਚਰਨ ਸਿੰਘ ਸੋਢੀ, ਸਾਬਕਾ ਸਰਪੰਚ ਨਾਜਰ ਸਿੰਘ ਗੋਹਲਣੀ, ਜੈਮਲ ਸਿੰਘ ਭੜੀ, ਗੁਰਬਚਨ ਸਿੰਘ ਭੱਟੋ, ਸਾਬਕਾ ਸਰਪੰਚ ਹਰਪਾਲ ਸਿੰਘ ਭੱਲੜੀ, ਹਰਜਾਪ ਸਿੰਘ ਹਾਜੀਪੁਰ,ਕੰਵਰ ਪੰਸਵਾਲ, ਮਾਸਟਰ ਕਮਲ ਸਿੰਘ ਮਜਾਰੀ, ਹਰਦੇਵ ਸਿੰਘ ਦੇਬੀ, ਸਰਪੰਚ ਰਣਜੀਤ ਸਿੰਘ, ਸੁਰਿੰਦਰ ਪਾਲ ਸਿੰਘ ਢੇਰ, ਕਸ਼ਮੀਰ ਸਿੰਘ ਨੰਗਲੀ, ਸੂਬੇਦਾਰ ਕੁਲਵੰਤ ਸਿੰਘ ਭਲਾਣ, ਹਰਕਸ਼ਨ ਸਿੰਘ ਮਜਾਰਾ, ਇੰਦਰਜੀਤ ਸਿੰਘ ਢੱਸੀ, ਲਖਵਿੰਦਰ ਗੁਰਦੀਪ ਸਿੰਘ ਬੈਂਸ, ਸਾਬਕਾ ਸਰਪੰਚ ਕਰਮ ਸਿੰਘ ਬੇਲਾ,ਮੋਹਣ ਲਾਲ ਸੰਮਤੀ ਮੈਂਬਰ, ਸੰਮਤੀ ਮੈਂਬਰ ਦਿਲਬਾਗ ਸਿੰਘ ਬੇਲਾ,ਓਂਕਾਰ ਸਿੰਘ ਭੇਡਾ ਸਰਪੰਚ, ਸਰਪੰਚ ਰਘਵੀਰ ਸਿੰਘ ਬੇਲਾ, ਰਾਜਕੁਮਾਰ ਰਾਜੂ ਭੀਖਪੁਰ ,ਜੀਵਨ ਕੁਮਾਰ ਭੀਖਪੁਰ ,ਸੁਖਵੀਰ ਸਿੰਘ ਕਲਮਾ, ਨੰਬਰਦਾਰ ਜਸਵਿੰਦਰ ਸਿੰਘ ਬੇਲਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।



# ਪੱਤਰਕਾਰਾਂ ਤੇ ਆਰ ਟੀ ਆਈ ਕਾਰਕੁਨਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰਨ ਦੀ ਮੰਗ



**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਦੀ ਮੀਟਿੰਗ ਮਾਤਾ ਵਿੱਦਿਆਵਤੀ ਭਵਨ ਨਵਾਂਸ਼ਹਿਰ ਵਿਖੇ ਹੋਈ। ਇਸ ਮੌਕੇ ਸਾਲ 2026 ਦਾ ਕੈਲੰਡਰ ਜਾਰੀ ਕੀਤਾ ਗਿਆ ਤੇ ਤਰਕਸ਼ੀਲ ਮੈਗਜ਼ੀਨ ਅੰਕ ਜਨਵਰੀ-ਫਰਵਰੀ ਦੀ ਵੰਡ ਕੀਤੀ ਗਈ।ਇਕਾਈ ਨਵਾਂਸ਼ਹਿਰ ਦੇ ਵਿੱਤ ਮੁਖੀ ਬਲਵਿੰਦਰ ਸਿੰਘ ਦੇ ਪਿਤਾ ਉਘੇ ਕਵੀ ਤਰਸੇਮ ਸਾਕੀ ਅਤੇ ਡਾ. ਸਾਧੂ ਸਿੰਘ ਹਮਦਰਦ ਟਰੱਸਟ ਦੇ ਟਰੱਸਟੀ ਬੀਬੀ ਪ੍ਰਕਾਸ਼ ਕੌਰ ਦੀ ਪਿਛਲੇ ਦਿਨੀਂ ਹੋਈ ਮੌਤ ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਜੋਨ ਆਗੂਆਂ ਮਾ. ਜਗਦੀਸ਼ ਰਾਏਪੁਰ ਡੱਬਾ, ਸੁਖਵਿੰਦਰ ਗੋਗਾ, ਸੱਤਪਾਲ ਸਲੋਹ ਅਤੇ ਬਲਜਿੰਦਰ ਸ਼ਹਿਬਾਜਪੁਰ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਗ੍ਰਿਫਤਾਰੀ, ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਪੱਤਰਕਾਰਾਂ, ਸੋਸ਼ਲ ਮੀਡੀਆ ਕਾਰਕੁਨਾਂ ਤੇ ਆਰ. ਟੀ. ਆਈ ਕਾਰਕੁਨਾਂ ਖ਼ਿਲਾਫ਼ ਕੀਤੇ ਝੂਠੇ ਪਰਚਿਆਂ ਨੂੰ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕ. ਰਾਜ ਕੁਮਾਰ ਗੜ੍ਹਸ਼ੰਕਰ, ਹਰਜਿੰਦਰ,ਬਲਵਿੰਦਰ ਕੌਰ ਸਲੋਹ ਤੇ ਮਾ.ਹਰਦੀਪ ਗੜ੍ਹਸ਼ੰਕਰ ਹਾਜ਼ਰ ਸਨ।

# ਚੋਰਾਂ ਨੇ 10 ਮੋਟਰਾਂ ਨੂੰ ਬਣਾਇਆ ਨਿਸ਼ਾਨਾ

**ਗੁਰਾਇਆ (ਬਿੰਦਰ ਸੁੰਮਨ)**- ਬੀਤੀ ਰਾਤ ਚੋਰਾਂ ਵੱਲੋਂ ਸੰਗ ਢੇਸੀਆ ਪਿੰਡ ਵਿਖੇ 10 ਮੋਟਰਾਂ ਦਾ ਨੁਕਸਾਨ ਕਰ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆ ਕਿਸਾਨ ਅਮਰਜੀਤ ਸਿੰਘ ਪੁੱਤਰ ਸੰਤੋਖ ਸਿੰਘ, ਕੁਲਵਿੰਦਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਨੇ ਦੱਸਿਆ ਕਿ ਸੰਗ ਢੇਸੀਆ ਵਿੱਚ ਚੋਰਾਂ ਨੇ ਲਗਭਗ 10 ਮੋਟਰਾਂ ਦੀਆਂ ਤਾਰਾਂ, ਸਟਾਰਟਰ ਤੇ ਹੋਰ ਸਮਾਨ ਲੈ ਗਏ। ਉਨ੍ਹਾਂ ਕਿਹਾ ਕਿ ਪਰ ਮੋਟਰ 15 ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ, ਉਨ੍ਹਾਂ ਪੁਲਸ ਪਾਸੋਂ ਮੰਗ ਕੀਤੀ ਕਿ ਰਾਤ ਸਮੇਂ ਗਸ਼ਤ ਨੂੰ ਵਧਾਇਆ ਜਾਵੇ।



# ਹਾਜ਼ਰੀ ਲਗਾਉਣ ਲਈ ਐਪ ਡਾਊਨਲੋਡ ਨਾ ਹੋਣ ਕਾਰਨ ਮਨਰੇਗਾ ਵਰਕਰ ਪਰੇਸ਼ਾਨ

**ਮਹਿਤਪੁਰ (ਰਾਜਾ)** ਸਾਰੇ ਪੰਜਾਬ ਵਿੱਚ ਹਾਜਰੀ ਲਾਉਣ ਲਈ ਨਵਾਂ ਐਪ ਡਾਊਨਲੋਡ ਨਾ ਹੋਣ ਕਾਰਨ ਲਗਭਗ 37 ਹਜਾਰ ਤੋਂ ਵੱਧ ਮਨਰੇਗਾ ਵਰਕਰ ਔਖੀ ਦਿਹਾੜੀ ਲਾ ਕੇ ਘਰਾਂ ਨੂੰ ਪਰਤਣ ਲਈ ਮਜਬੂਰ ਹੋਏ। ਬਹੁਤੇ ਤਾਂ ਅਜੇ ਵੀ ਹਾਜ਼ਰੀ ਦੀ ਉਡੀਕ ਵਿੱਚ ਬੈਠੇ ਹਨ। ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਮਨਰੇਗਾ ਉੱਤੇ ਵਿਸ਼ੇਸ਼ ਅਜਲਾਸ ਸੱਦਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਨੇ ਮਨਰੇਗਾ ਵਰਕਰਾਂ ਦੀ ਚਿੰਤਾ ਕਰਦਿਆਂ ਜੀ ਰਾਮ ਜੀ ਕਾਨੂੰਨ ਰੱਦ ਕਰ ਦਿੱਤਾ ਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਮਜ਼ਦੂਰ ਤੇ ਦਲਿਤ ਵਿਰੋਧੀ ਦਾ ਫਤਵਾ ਦਿੱਤਾ ਕੀ ਅੱਜ ਕੰਮ ਕਰਨ ਵਾਲੇ ਮਨਰੇਗਾ ਵਰਕਰਾਂ ਦੇ ਖਾਤੇ ਵਿੱਚ ਅੱਜ ਦੀ ਦਿਹਾੜੀ ਦੇ ਪੈਸੇ ਪਾਏਗੀ। ਮਜ਼ਦੂਰ ਤਾਂ ਕੜਕਦੀ ਠੰਡ ਵਿੱਚ ਵੀ ਕੰਮ ਕਰਦਾ ਰਿਹਾ ਜੇ ਹਾਜ਼ਰੀ ਨਹੀਂ ਲੱਗੀ ਤਾਂ ਉਸ ਲਈ ਗਰੀਬ ਮਜ਼ਦੂਰ ਜਿੰਮੇਵਾਰ ਨਹੀਂ ਹੈ।



# ਡੇਰਾਬੱਸੀ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫੇਜ਼-2 ਦੀ ਸ਼ੁਰੂਆਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੇ ਪੰਜਾਬ ਵਿੱਚ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫੇਜ਼-2 ਦੇ ਤਹਿਤ ਡੇਰਾਬੱਸੀ ਹਲਕੇ ਵਿੱਚ ਵੀ ਇਸ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਸਬੰਧੀ ਸਰਕਾਰੀ ਕਾਲਜ ਡੇਰਾਬੱਸੀ ਵਿੱਚ ਕੋਆਰਡੀਨੇਟਰ ਸੁਮਿਤ ਰਾਣਾ ਦੀ ਅਗਵਾਈ ਹੇਠ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਹਲਕਾ ਵਿਧਾਇਕ ਡੇਰਾਬੱਸੀ ਦੇ ਛੋਟੇ ਭਰਾ ਪਰਮਜੀਤ ਸਿੰਘ ਰੰਧਾਵਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਵਚਨਬੱਧ ਹੈ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪ੍ਰਸ਼ਾਸਨ, ਸਿੱਖਿਆ ਸੰਸਥਾਵਾਂ ਅਤੇ ਆਮ ਲੋਕਾਂ ਦੀ ਸਾਂਝੀ ਭੂਮਿਕਾ ਬਹੁਤ ਜ਼ਰੂਰੀ ਹੈ। ਇਸ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਪ੍ਰੋਗਰਾਮ ਚਲਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦੇ ਅੰਤ ਵਿੱਚ ਡੇਰਾਬੱਸੀ ਹਲਕੇ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫੇਜ਼-2 ਨੂੰ ਜ਼ਮੀਨੀ ਪੱਧਰ 'ਤੇ ਸਫ਼ਲ ਬਣਾਉਣ ਦਾ ਸੱਦਾ ਦਿੱਤਾ ਗਿਆ।



# ਧਾਰਮਿਕ ਗੀਤਾਂ ਦੀ ਐਲਬਮ 'ਨੂਰ ਦਿਸਦਾ' ਰਿਲੀਜ਼

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਡੇਰਾ 108 ਸੰਤ ਬਾਬਾ ਹੰਸ ਰਾਮ ਮਹਾਰਾਜ ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਦੇ ਮੁੱਖ ਸੰਚਾਲਕ ਗੱਦੀ ਨਸ਼ੀਨ 108 ਸੰਤ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਤੇ 108 ਸੰਤ ਬੀਬੀ ਕਿਰਨਾ ਰਾਣੀ ਦੇ ਅਸ਼ੀਰਵਾਦ ਸਦਕਾ ਸਤਿਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਧਾਰਮਿਕ ਐਲਬਮ ਸੰਤ ਜਸਵਿੰਦਰ ਪਾਲ ਦੀ ਆਵਾਜ਼ ਵਿੱਚ ਕੱਢੀ ਜਾ ਰਹੀ ਹੈ ਜਿਸ ਦਾ ਪਹਿਲਾ ਗੀਤ 'ਪ੍ਰਭਾਤ ਫੇਰੀ' ਤੇ ਦੂਜਾ ਗੀਤ 'ਸਭ ਦਾਤਾ ਮਿਲਦੀਆਂ' ਰਿਲੀਜ਼ ਹੋ ਚੁੱਕੇ ਹਨ। ਇਨਾਂ ਗੀਤਾਂ ਨੂੰ ਫੇਸਬੁਕ ਤੇ ਯੂ.ਟਿਊਬ. ਤੇ ਸੰਗਤਾਂ ਵੱਲੋਂ ਭਰਪੂਰ ਪਿਆਰ ਮਿਲ ਰਿਹਾ ਹੈ। ਇਸ ਪੂਰੀ ਐਲਬਮ ਵਿੱਚ 7 ਗੀਤ ਹਨ। ਜੋ ਇਸ ਪ੍ਰਕਾਰ ਹਨ ਨੂਰ ਦਿਸਦਾ, ਪ੍ਰਭਾਤਫੇਰੀ, ਕਿਆ ਬਾਤਾਂ, ਜੈਕਾਰਾ ਕਾਂਸ਼ੀ ਵਾਲੇ ਦਾ, ਗੁਰੂ ਰਵਿਦਾਸ ਜੀ ਆ ਗਏ, ਸਭ ਦਾਤਾਂ ਮਿਲਦੀਆਂ ਤੇ ਰਹਿਮਤ ਗੀਤ ਸੰਤ ਜਸਵਿੰਦਰ ਪਾਲ ਦੀ ਆਵਾਜ਼ ਵਿੱਚ ਰਿਕਾਰਡ ਕੀਤੇ ਗਏ ਹਨ। ਇਸ ਪੂਰੀ ਐਲਬਮ ਦੇ ਗੀਤ ਮਾਹਣੀ ਫਗਵਾੜੇ ਵਾਲਾ, ਸੁਖਦੇਵ ਸਫਰੀ ਤੇ ਰਾਜੂ ਗਿੱਲ ਡਰੋਲੀ ਦੁਆਰਾ ਲਿਖੇ ਗਏ ਹਨ। ਇਸ ਐਲਬਮ ਦਾ ਸੰਗੀਤ ਅਮਰ (ਦਾ ਮਿਊਜ਼ਿਕ ਮਿਰਰ) ਤੇ ਜੱਸੀ ਬਰਦਰਜ਼ ਵੱਲੋਂ ਤਿਆਰ ਕੀਤਾ ਗਿਆ ਹੈ। ਕੰਪੋਜ਼ਰ ਸਾਂਝ ਸੰਮੀ ਤੇ ਸੁਖਦੇਵ ਸਫਰੀ ਵੱਲੋਂ ਕੀਤੇ ਗਏ ਹਨ। ਵਿਸ਼ੇਸ਼ ਸਹਿਯੋਗ ਸੰਤ ਮੋਹਨ ਪਾਲ ਵੱਲੋਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਦੁਆਰਾ ਇਸ ਧਾਰਮਿਕ ਐਲਬਮ ਦੀ ਸੇਵਾ ਕੀਤੀ ਗਈ ਹੈ।



# ਪੰਜਾਬ ਦੋ ਐਵਾਰਡਾਂ ਨਾਲ ਸਨਮਾਨਤ : ਮੋਹਿੰਦਰ ਭਗਤ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਖੇਤੀਬਾੜੀ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।ਕੈਬਨਿਟ ਮੰਤਰੀ ਮੋਹਿੰਦਰ ਭਗਤ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਾਗਬਾਨੀ ਵਿਭਾਗ ਜੋ ਕਿ ਏ ਆਈ ਐੱਫ ਸਕੀਮ ਨੂੰ ਲਾਗੂ ਕਰਨ ਲਈ ਸਟੇਟ ਨੋਡਲ ਏਜੰਸੀ ਹੈ, ਨੇ ਆਪਣੇ ਨਿਰੰਤਰ ਯਤਨਾਂ ਸਦਕਾ ਪੰਜਾਬ ਦੀ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਲਈ ਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ। ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ ਆਈ ਐੱਫ) ਯੋਜਨਾ ਅਧੀਨ ਪ੍ਰੋਜੈਕਟਾਂ ਨੂੰ ਵਧੀਆ ਢੰਗ ਨਾਲ ਲਾਗੂ ਕਰਨ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਕਰਨ ਲਈ ਪੰਜਾਬ ਨੂੰ ਦੋ ਵੱਕਾਰੀ ਅਵਾਰਡਾਂ ਨਾਲ ਸਨਮਾਨਤ ਕੀਤਾ ਗਿਆ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਦੱਸਿਆ ਕਿ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਚੰਡੀਗੜ੍ਹ ਵਿਖੇ ਆਯੋਜਿਤ ਇਕ ਖੇਤਰੀ ਕਾਨਫਰੰਸ ਦੌਰਾਨ ਪੰਜਾਬ ਨੂੰ 'ਬੈਸਟ ਪਰਫਾਰਮਿੰਗ ਸਟੇਟ' ਅਤੇ 'ਬੈਸਟ ਸਟੇਟ ਪ੍ਰੋਜੈਕਟ ਮੋਨੀਟੀਰਿੰਗ ਯੂਨਿਟ' ਵੱਜੋਂ ਐਵਾਰਡ ਹਾਸਲ ਹੋਏ ਹਨ।

# ਚੋਣ ਡਿਊਟੀ ਦੌਰਾਨ ਮ੍ਰਿਤਕ ਅਧਿਆਪਕਾਂ ਨੂੰ ਇਨਸਾਫ਼ ਦੁਆਉਣ ਲਈ ਮੋਮਬੱਤੀ ਮਾਰਚ

**ਫਗਵਾੜਾ (ਡਾ ਰਮਨ)**- ਦਸੰਬਰ 2025 ਵਿੱਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਦੌਰਾਨ ਚੋਣ ਡਿਊਟੀ ਤੇ ਜਾਂਦੇ ਹੋਏ ਮੋਗਾ ਵਿਖੇ ਕਾਰ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਨੂੰ ਇਨਸਾਫ਼ ਦੁਆਉਣ ਲਈ ਇੱਕ ਮੋਮਬੱਤੀ ਮਾਰਚ ਕੀਤਾ ਗਿਆ। ਇਸ ਵਿੱਚ ਸਮੂਹ ਅਧਿਆਪਕ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਤੇ ਮੋਹਰਲੀ ਕਤਾਰ ਦੇ ਕਾਰਕੁੰਨਾਂ ਨੇ ਭਾਗ ਲਿਆ। ਅਧਿਆਪਕ ਆਗੂਆਂ ਵਰਿੰਦਰ ਸਿੰਘ ਕੰਬੋਜ,ਸਤਨਾਮ ਸਿੰਘ ਰੰਧਾਵਾ, ਸਤਵੰਤ ਟੂਰਾ,ਗੁਰਮੁਖ ਲੋਕਪ੍ਰੇਮੀ,ਕੁਲਦੀਪ ਸਿੰਘ ਕੌੜਾ,ਅਜੇ ਕੁਮਾਰ, ਪਰਮਿੰਦਰਪਾਲ ਸਿੰਘ,ਹਰਸਿਮਰਨ ਸਿੰਘ ਆਦਿ ਨੇ ਮੰਗ ਕੀਤੀ ਕਿ ਮ੍ਰਿਤਕ ਅਧਿਆਪਕ ਜੋੜੇ ਦੇ ਪਰਵਾਰਾਂ ਨੂੰ ਤੁਰੰਤ ਦੋ-ਦੋ ਕਰੋੜ ਦਾ ਮੁਆਵਜ਼ਾ ਅਦਾ ਕੀਤਾ ਜਾਵੇ।ਇਸ ਤੋਂ ਇਲਾਵਾ ਮ੍ਰਿਤਕ ਅਧਿਆਪਕਾਂ ਦੇ ਮਾਸੂਮ ਬੱਚਿਆਂ ਦੀ ਪੜ੍ਹਾਈ ਦਾ ਸਾਰਾ ਖਰਚਾ ਸਰਕਾਰ ਚੁੱਕੇ।ਉਹਨਾਂ ਦੀ ਪੜ੍ਹਾਈ ਉਪਰੰਤ ਨੌਕਰੀ ਦੀ ਲਿਖਤੀ ਜਿੰਮੇਵਾਰੀ ਦਿੱਤੀ ਜਾਵੇ। ਅੱਗੇ ਤੋਂ ਚੋਣਾਂ ਵਿੱਚ ਅਧਿਆਪਕਾਂ,ਮੁਲਾਜ਼ਮਾਂ ਦੀ ਖੱਜਲ ਖਰਾਬੀ ਬੰਦ ਕੀਤੀ ਜਾਵੇ।ਕਪਲ ਕੇਸ ਵਿੱਚ ਔਰਤ ਮੁਲਾਜ਼ਮ ਅਤੇ ਛੋਟੇ ਬੱਚਿਆਂ ਦੀਆਂ ਮਾਂਵਾਂ ਅਤੇ ਬੀ ਐੱਲ ਓਜ਼ ਨੂੰ ਛੋਟ ਦਿੱਤੀ ਜਾਵੇ। ਚੋਣ ਡਿਊਟੀ ਦੌਰਾਨ ਹੀ ਜ਼ਖਮੀ ਹੋਈ ਅਧਿਆਪਕਾ ਰਾਜਵੀਰ ਕੌਰ ਨੂੰ ਤੁਰੰਤ ਵੀਹ ਲੱਖ ਦਾ ਮੁਆਵਜ਼ਾ ਦੇ ਕੇ ਠੀਕ ਹੋਣ ਤੱਕ ਆਨ ਡਿਊਟੀ ਮੰਨ ਕੇ ਪੂਰੀ ਤਨਖਾਹ ਦਿੱਤੀ ਜਾਵੇ। ਆਗੂਆਂ ਨੇ ਜਾਣਕਾਰੀ ਦਿੱਤੀ ਕਿ ਇਸ ਹੀ ਮੰਗ ਨੂੰ ਲੈ ਕੇ 18 ਜਨਵਰੀ ਨੂੰ ਸਮੂਹ ਜਥੇਬੰਦੀਆਂ ਦੇ ਸਾਂਝੇ ਮੰਚ 'ਅਧਿਆਪਕ ਇਨਸਾਫ਼ ਕਮੇਟੀ' ਦੇ ਸੱਦੇ ਤੇ ਮੋਗਾ ਵਿਖੇ ਭਰਵਾਂ ਇਕੱਠ ਕਰਕੇ ਇਨਸਾਫ਼ ਰੈਲੀ ਕੀਤੀ ਜਾਵੇਗੀ। ਮਾਰਚ ਵਿੱਚ ਤਰਕਸ਼ੀਲ ਸੋਸਾਇਟੀ ਦੇ ਆਗੂ ਜਸਵਿੰਦਰ ਫਗਵਾੜਾ ਅਤੇ ਸੁਖਦੇਵ ਮਾਹੀ ਵੀ ਸ਼ਾਮਿਲ ਹੋਏ।ਇਸ ਮੌਕੇ ਮਨਜੀਤ ਗਾਟ,ਅਸ਼ੋਕ ਕੁਮਾਰ, ਜੋਗਿੰਦਰ ਪਾਲ,ਲਖਵੀਰ ਚੰਦ, ਜਸਵਿੰਦਰ ਖੇੜਾ, ਰਜਿੰਦਰ ਸਿੰਘ,ਦਵਿੰਦਰ ਸਿੰਘ, ਜਗਦੀਸ਼ ਕੁਮਾਰ,ਰਸ਼ਪਾਲ ਸਿੰਘ, ਰਤਨ ਸਿੰਘ ਗੁਰਾਇਆ ਆਦਿ ਸਮੇਤ ਹੋਰ ਅਧਿਆਪਕ ਹਾਜ਼ਰ ਸਨ।



# ਓਪਨ ਜਿੰਮ ਦਾ ਕੁਲਵੰਤ ਸਿੰਘ ਤੇ ਚੇਅਰਪਰਸਨ ਪ੍ਰਭਜੋਤ ਕੌਰ ਵੱਲੋਂ ਉਦਘਾਟਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪਿੰਡ ਠਸਕਾ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਫੰਡਾਂ ਵਿੱਚੋਂ 5 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਓਪਨ ਜਿੰਮ ਦਾ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਅਤੇ ਇੰਜੀਨਅਰ ਪ੍ਰਭਜੋਤ ਕੌਰ, ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਐਸ.ਏ.ਐਸ. ਨਗਰ ਵੱਲੋਂ ਉਦਘਾਟਨ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਕਾਸ ਨਾਲ ਨਾਲ ਲੋਕਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਓਪਨ ਜਿੰਮ ਪਿੰਡ ਦੇ ਨੌਜਵਾਨਾਂ, ਬਜ਼ੁਰਗਾਂ ਅਤੇ ਹਰ ਵਰਗ ਦੇ ਲੋਕਾਂ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਵਿੱਚ ਸਹਾਇਕ ਸਾਬਤ ਹੋਣਗੇ।ਚੇਅਰਪਰਸਨ ਪ੍ਰਭਜੋਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਯੋਜਨਾ ਕਮੇਟੀ ਦੇ ਫੰਡਾਂ ਦਾ ਮੁੱਖ ਉਦੇਸ਼ ਲੋਕ-ਹਿਤੈਸ਼ੀ ਅਤੇ ਜ਼ਮੀਨੀ ਪੱਧਰ ਦੇ ਵਿਕਾਸ ਕਾਰਜਾਂ ਨੂੰ ਅਮਲ ਵਿੱਚ ਲਿਆਉਣਾ ਹੈ। ਉਦਘਾਟਨੀ ਸਮਾਰੋਹ ਦੌਰਾਨ ਪਿੰਡ ਦੇ ਸਰਪੰਚ, ਪੰਚ, ਇਲਾਕੇ ਦੇ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਸਮਾਰੋਹ ਦੇ ਅੰਤ ਵਿੱਚ ਪਿੰਡ ਵਾਸੀਆਂ ਵੱਲੋਂ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।



# ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪਿੰਡ ਮਹਿਮਦੋਵਾਲ ਵਿਖੇ ਪਿੰਡ ਦੀਆਂ ਸਮੂੰਹ ਸੰਗਤਾਂ ਵੱਲੋਂ ਇੱਕ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ, ਜੋ ਪਿੰਡ ਮਹਿਮਦੋਵਾਲ ਖੁਰਦ ਅਤੇ ਮਹਿਮਦੋਵਾਲ ਕਲਾਂ ਵਿੱਚੋ ਗੁਜਰਦਾ ਹੋਇਆ ਵੱਖ- ਵੱਖ ਧਾਰਮਿਕ ਅਸਥਾਨਾਂ ਵਿਖੇ ਪਹੁੰਚਿਆ। ਜਿੱਥੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪਿੰਡ ਦੀਆਂ ਹੋਰ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਯੋਗ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਦਾ ਸਵਰਗਵਾਸੀ ਦਵਿੰਦਰ ਸਿੰਘ ਦੇ ਘਰ ਪਹੁੰਚਣ ਤੇ ਉਹਨਾਂ ਦੀ ਧਰਮ ਪਤਨੀ ਕਮਲਜੀਤ ਕੌਰ ਸਾਬਕਾ ਸਰਪੰਚ ਅਤੇ ਸਮੁੱਚੇ ਪਰਵਾਰ ਵੱਲੋਂ ਭਰਵਾਂ ਸੁਵਾਗਤ ਕੀਤਾ ਗਿਆ। ਇਸ ਅਸਥਾਨ ਵਿਖੇ ਰਾਗੀ ਸਿੰਘਾ ਵੱਲੋਂ ਕੀਰਤਨ ਕੀਤਾ ਗਿਆ। ਕਮਲਜੀਤ ਕੌਰ ਵੱਲੋਂ ਸਮਾਗਮ ਦੇ ਪ੍ਰਬੰਧਕਾਂ ਅਤੇ ਹੋਰ ਸੰਗਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਤੇ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਨੂੰ ਚਾਹ ਪਾਣੀ ਦਾ ਲੰਗਰ ਛਕਾਇਆ ਗਿਆ। ਇਸ ਮੌਕੇ ਸੰਤ ਬਾਬਾ ਬਲਬੀਰ ਸਿੰਘ ਲੰਗੇਰੀ, ਜਗਤਾਰ ਸਿੰਘ ਮਾਹਿਲਪੁਰ, ਸੁਨੀਤਾ, ਸੀਮਾ ਰਾਣੀ, ਰੇਖਾ ਰਾਣੀ ਸਮੇਤ ਪਿੰਡ ਮਹਿਮਦੋਵਾਲ ਖੁਰਦ ਤੇ ਮਹਿਮਦੋਵਾਲ ਕਲਾਂ ਦੇ ਸਰਪੰਚ, ਪੰਚਾਇਤ ਮੈਂਬਰ, ਲੰਬੜਦਾਰ ਅਤੇ ਹੋਰ ਪ੍ਰਮੁੱਖ ਵਿਅਕਤੀ ਹਾਜ਼ਰ ਸਨ।



# ਨਵ-ਜੰਮੀਆਂ ਧੀਆਂ ਦੀ ਲੋਹੜੀ ਪਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਸੁੱਜੋਂ ਵਿਖੇ ਨਵ-ਜੰਮੀਆਂ ਧੀਆਂ ਦੀ ਲੋਹੜੀ ਪਾਉਣ ਲਈ ਪਿਆਰਾ ਸਿੰਘ ਤਰਲੋਕ ਸਿੰਘ ਗਿੱਦਾ ਵੈਲਫੇਅਰ ਸੋਸਾਇਟੀ ਵਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਮਾਜ ਸੇਵੀ ਬੁਲਾਰਿਆਂ ਨੇ ਧੀਆਂ ਪੁੱਤਰਾਂ ਨੂੰ ਬਰਾਬਰ ਪਿਆਰ ਸਤਿਕਾਰ ਅਤੇ ਮੌਕੇ ਦੇਣ ਤੇ ਜੋਰ ਦਿੱਤਾ। ਜੇ.ਐਸ.ਗਿੱਦਾ ਪ੍ਰਧਾਨ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ, ਤਰਸੇਮ ਪਠਲਾਵਾ ਵਿੱਤ ਸਕੱਤਰ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਦੇਸ ਰਾਜ ਬਾਲੀ ਸਕੱਤਰ ਉਪਕਾਰ ਸੋਸਾਇਟੀ ਨੇ ਵਿਚਾਰ ਰੱਖਦਿਆਂ ਆਖਿਆ ਕਿ ਸਮਾਜ ਸੇਵੀ ਸੰਸਥਾਵਾਂ ਤਾਂ ਬੁਰਾਈਆਂ ਦੀ ਰੋਕਥਾਮ ਲਈ ਜਾਗਰੂਕਤਾ ਹੀ ਕਰ ਸਕਦੀਆਂ ਹਨ ਪਰ ਬੁਰਾਈਆਂ ਵਿੱਚ ਲੱਗੇ ਹੋਏ ਤੱਤਾਂ ਤੇ ਕਾਨੂੰਨੀ ਸਖਤੀ ਕਰਨੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੁੰਦੀ ਹੈ।ਪਿੰਡ ਵਿੱਚ ਨਵ-ਜਨਮੀਆਂ ਸੱਤ ਧੀਆਂ ਵਰਿੰਦਰ ਜੋਸ਼ੀ , ਸਿਦਕ ਕੌਰ, ਪਰਨਾਜ਼ ਕੌਰ, ਮੰਨਤ ਕੌਰ, ਅੰਸਿਕਾ ਕੁਮਾਰੀ , ਰਵਨੂਰ ਕੌਰ ਤੇ ਹਰਗੁਨ ਕੌਰ ਨੂੰ ਏਕ-ਨੂਰ ਤੇ ਉਪਕਾਰ ਤੋਹਫੇ ਤੇ ਆਯੋਜਿਕ ਸੰਸਥਾ ਵਲੋਂ ਇੱਕਵੰਜਾ ਸੌ ਰੁਪਏ ਪ੍ਰਤੀ ਬੱਚੀ ਸ਼ਗਨ ਦਿੱਤੇ ਗਏ ਜਦ ਕਿ ਪਿੰਡ ਦੇ ਨੌਜਵਾਨ ਮਾਪੇ ਕਮਲਜੀਤ ਸਿੰਘ ਟੋਨੀ ਤੇ ਗੁਰਪ੍ਰੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਜੋ ਆਪਣੀਆਂ ਤਿੰਨ ਧੀਆਂ ਜੈਸਮੀਨ , ਪ੍ਰਭਜੋਤ ਤੇ ਅਮਨਜੋਤ ਦਾ ਪਾਲਣ-ਪੋਸ਼ਣ ਨਿਵੇਕਲੇ ਤੇ ਪ੍ਰਸ਼ੰਸਾਯੋਗ ਤਰੀਕੇ ਨਾਲ ਕਰ ਰਹੇ ਹਨ। ਆਯੋਜਿਕ ਸੰਸਥਾ ਵਲੋਂ ਏਕ ਨੂਰ ਸਵੈ ਸੇਵੀ ਸੰਸਥਾ, ਗੁਰਦੁਆਰਾ ਪ੍ਰਬੰਧਕ ਕਮੇਟੀ, ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨਵਾਂਸ਼ਹਿਰ ਤੇ ਸਮਾਜ ਭਲਾਈ ਸਵੈ-ਸੇਵੀ ਸੰਸਥਾ ਸੁੱਜੋਂ ਅਤੇ ਸਮਾਜ ਸੇਵਕਾਂ ਨੂੰ ਸਨਮਾਨਿਤ ਕੀਤਾ ਗਿਆ। ਹਾਜਰ ਸ਼ਖ਼ਸੀਅਤਾਂ ਵਿੱਚ ਭਾਈ ਗੁਰਦੀਪ ਸਿੰਘ, ਜੇ. ਐਸ. ਗਿੱਦਾ, ਰਘਬੀਰ ਸਿੰਘ ਗਿੱਦਾ, ਜਸਵੀਰ ਸਿੰਘ ਜੱਸੀ, ਅੰਗਰੇਜ਼ ਸਿੰਘ ਗਿੱਦਾ, ਅਮਰੀਕ ਸਿੰਘ ਗਿੱਦਾ, ਦੇਸ ਰਾਜ ਬਾਲੀ, ਬੀਰਬਲ ਤੱਖੀ, ਕੁਲਵਿੰਦਰ ਕੌਰ ਗਿੱਦਾ, ਮਹਿੰਦਰ ਸਿੰਘ ਚੌਹੜ, ਭੁਪਿੰਦਰ ਸਿੰਘ ਸੁੱਖਾ, ਦਵਿੰਦਰ ਸਿੰਘ ਸੁੱਖਾ, ਡਾ.ਅਵਤਾਰ ਸਿੰਘ , ਇੰਦਰਜੀਤ ਸਿੰਘ ਵਾਰੀਆ, ਕੁਲਵਿੰਦਰ ਕੌਰ ਵਾਰੀਆ, ਤਰਸੇਮ ਪਠਲਾਵਾ, ਤਰਲੋਚਨ ਪਠਲਾਵਾ, ਹਰਜੀਤ ਸਿੰਘ ਜੀਤਾ, ਬਲਵਿੰਦਰ ਕੌਰ, ਹਰਪ੍ਰੀਤ ਕੌਰ, ਸਾਰਿਕਾ ਸੋਨੀ, ਕੁਲਵੰਤ ਕੌਰ, ਬਲਵੀਰ ਕੌਰ ਗਿੱਦਾ, ਊਸ਼ਾ ਰਾਣੀ, ਹਰਪ੍ਰੀਤ ਕੌਰ, ਰਤਨਾ, ਜਸਵਿੰਦਰ ਕੌਰ, ਕਮਲਜੀਤ ਕੌਰ ਨੌਰਾ, ਗੁਰੂ ਕੀ ਰਸੋਈ ਤੋਂ ਸਤਨਾਮ ਸਿੰਘ ਹਾਜ਼ਰ ਸਨ। ਸਮਾਗਮ ਉਪਰੰਤ ਗੁਰੂ ਦੇ ਲੰਗਰ ਵਰਤਾਏ ਗਏ।



# ਜਨਤਾ ਦੀ ਸੁਰੱਖਿਆ ਸੱਭ ਤੋਂ ਉੱਪਰ, ਲਾਪ੍ਰਵਾਹੀ ਬਰਦਾਸ਼ਤ ਨਹੀਂ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੂਬੇ ਵਿੱਚ ਕਾਨੂੰਨ-ਵਿਵਸਥਾ ਨੂੰ ਲੈ ਕੇ ਸਖਤ ਰੁੱਖ ਅਪਣਾਉਂਦੇ ਹੋਏ ਸਪਸ਼ਟ ਕੀਤਾ ਹੈ ਕਿ ਅਪਰਾਧ ਕੰਟਰੋਲ ਵਿੱਚ ਲਾਪ੍ਰਵਾਹੀ ਕਿਸੇ ਵੀ ਪੱਧਰ 'ਤੇ ਸਵੀਕਾਰ ਨਹੀਂ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਥਾਣਿਆਂ ਤਹਿਤ ਅਪਰਾਧ 'ਤੇ ਪ੍ਰਭਾਵੀ ਕੰਟਰੋਲ ਨਹੀਂ ਹੋਵੇਗਾ, ਉੱਥੇ ਦੇ ਸਬੰਧਿਤ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ ਅਤੇ ਜ਼ਰੂਰਤ ਪੈਣ 'ਤੇ ਉਨ੍ਹਾਂ ਦੇ ਵਿਰੁਧ ਡਿਮੋਸ਼ਨ ਵਰਗੀ ਸਖਤ ਕਾਰਵਾਈ ਵੀ ਕੀਤੀ ਜਾਵੇਗੀ।ਮੁੱਖ ਮੰਤਰੀ ਫਰੀਦਾਬਾਦ ਵਿੱਚ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ।

# ਯੂਰੀਆ ਦੀ ਕਿੱਲਤ ਕਾਰਨ ਕਿਸਾਨ ਪਰੇਸ਼ਾਨ

**ਬਲਾਚੌਰ (ਜਸਵਿੰਦਰ ਬੈਂਸ)**- ਯੂਰੀਆ ਖਾਦ ਦੀ ਕਿੱਲਤ ਕਾਰਨ ਇਸ ਸਮੇਂ ਪੰਜਾਬ ਦੇ ਕਿਸਾਨਾਂ ਵਿੱਚ ਹਾਹਾਕਾਰ ਮਚੀ ਹੋਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਕਣਕ ਦੀ ਬਿਜਾਈ ਸਮੇਂ ਕਿਸਾਨਾਂ ਨੂੰ ਸਮੇਂ ਸਿਰ ਡੀ ਏ ਪੀ ਖਾਦ ਨਹੀਂ ਮਿਲੀ ਅਤੇ ਹੁਣ ਜਦੋਂ ਯੂਰੀਆ ਦੀ ਲੋੜ ਹੈ ਤਾਂ ਉਹ ਵੀ ਨਹੀਂ ਮਿਲ ਰਿਹਾ। ਉਹਨਾਂ ਦੋਸ਼ ਲਾਇਆ ਕਿ ਖਾਦ ਦੀ ਕਿੱਲਤ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਜਿੰਮੇਵਾਰ ਹਨ, ਸਰਕਾਰਾਂ ਦੀ ਗੈਰ ਜਿੰਮੇਵਾਰੀ ਕਾਰਨ ਕਿਸਾਨਾਂ ਨੂੰ ਹੋਵੇਗਾ ਵੱਡਾ ਆਰਥਿਕ ਨੁਕਸਾਨ। ਉਹਨਾਂ ਕਿਹਾ ਕਿ ਖਾਦ ਦੀ ਕਿੱਲਤ ਫਸਲ ਦੇ ਝਾੜ ਨੂੰ ਪ੍ਰਭਾਵਿਤ ਕਰੇਗੀ ਅਤੇ ਕਿਸਾਨ ਦਾ ਆਰਥਿਕ ਨੁਕਸਾਨ ਹੋਵੇਗਾ। ਰਾਣਾ ਨੇ ਚਿੰਤਾ ਪ੍ਰਗਟ ਕੀਤੀ ਕਿ ਯੂਰੀਆ ਦੀ ਕਿੱਲਤ ਕਾਰਨ ਬਲੈਕੀਏ ਅਤੇ ਲੁਟੇਰੇ ਸਰਗਰਮ ਹੋ ਗਏ ਹਨ ਪਰ ਸਰਕਾਰ ਦੀ ਚੁੱਪੀ ਠੀਕ ਸੰਕੇਤ ਨਹੀਂ ਦਿੰਦੀ। ਖੁੱਲੇ ਬਾਜ਼ਾਰ ਵਿੱਚ ਯੂਰੀਆ ਦੇ ਬਦਲਵੇ ਤਰਲ ਦਿੱਤੇ ਜਾ ਰਹੇ ਹਨ ਜੋ ਕਿ ਮਹਿੰਗੇ ਵੀ ਹਨ ਅਤੇ ਪੂਰਾ ਕੰਮ ਵੀ ਨਹੀਂ ਕਰਦੇ। ਕਿਸਾਨ ਨੂੰ ਕਈ ਸ਼ਰਤਾਂ ਨਾਲ ਖੁੱਲੇ ਬਾਜ਼ਾਰ ਵਿੱਚ ਮਹਿੰਗਾ ਯੂਰੀਆ ਲੈਣਾ ਪੈ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਸਰਕਾਰ ਤੁਰੰਤ ਯੂਰੀਆ ਦੀ ਘਾਟ ਨੂੰ ਪੂਰਾ ਕਰੇ।



# ਸਰਦੀਆਂ 'ਚ ਬ੍ਰੇਨ ਸਟ੍ਰੋਕ ਦਾ ਖ਼ਤਰਾ ਵਧ ਜਾਂਦਾ ਹੈ : ਡਾ. ਸ਼ਰਮਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਿਵਾਸਾ ਹਸਪਤਾਲ ਨਵਾਂਸ਼ਹਿਰ ਦੇ ਡਾਕਟਰਾਂ ਨੇ ਲੋਕਾਂ ਨੂੰ ਸਰਦੀਆਂ ਦੇ ਮਹੀਨਿਆਂ ਦੌਰਾਨ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੇ ਅਨੁਸਾਰ ਠੰਡਾ ਮੌਸਮ ਅੰਦਰੂਨੀ ਸਰੀਰਕ ਤਬਦੀਲੀਆਂ ਕਰਕੇ ਸਟ੍ਰੋਕ ਦੇ ਜੋਖਮ ਨੂੰ ਵਧਾ ਸਕਦਾ ਹੈ। ਲਿਵਾਸਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਕੰਸਲਟੈਂਟ-ਨਿਊਰੋਸਰਜਨ ਡਾ. ਗੌਰਵ ਰਾਏ ਸ਼ਰਮਾ ਨੇ ਕਿਹਾ ਕਿ ਠੰਡੇ ਤਾਪਮਾਨ ਕਾਰਨ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ ਤੇ ਦਿਲ 'ਤੇ ਦਬਾਅ ਵਧਦਾ ਹੈ।ਡਾ. ਸ਼ਰਮਾ ਨੇ ਦੱਸਿਆ ਕਿ ਇਸ ਤੋਂ ਇਲਾਵਾ, ਸਰਦੀਆਂ ਦੇ ਦੌਰਾਨ ਖੂਨ ਸੰਘਣਾ ਹੋ ਜਾਂਦਾ ਹੈ, ਜਿਸ ਨਾਲ ਥੱਕੇ ਜੰਮਣ ਦਾ ਜੋਖਮ ਵਧ ਜਾਂਦਾ ਹੈ, ਜਦੋਂ ਕਿ ਫਲੂ ਅਤੇ ਨਮੂਨੀਆ ਵਰਗੀਆਂ ਮੌਸਮੀ ਲਾਗਾਂ ਸੋਜਸ਼ ਨੂੰ ਚਾਲੂ ਕਰਦੀਆਂ ਹਨ ਜੋ ਸਟ੍ਰੋਕ ਦੇ ਜੋਖਮ ਨੂੰ ਹੋਰ ਵਧਾ ਸਕਦੀਆਂ ਹਨ।ਬਹੁਤ ਸਾਰੇ ਮਰੀਜ਼ ਸ਼ੁਰੂਆਤੀ ਲੱਛਣਾਂ ਨੂੰ ਕਮਜ਼ੋਰੀ ਜਾਂ ਮੌਸਮੀ ਬਿਮਾਰੀ ਵਜੋਂ ਖਾਰਜ ਕਰਕੇ ਇਲਾਜ ਵਿੱਚ ਦੇਰੀ ਕਰਦੇ ਹਨ। ਡਾ. ਸ਼ਰਮਾ ਨੇ ਅੱਗੇ ਕਿਹਾ ਕਿ ਸਰਦੀਆਂ ਨਾਲ ਸਬੰਧਤ ਸਟ੍ਰੋਕ ਦਾ ਜੋਖਮ ਖਾਸ ਤੌਰ 'ਤੇ ਬਜ਼ੁਰਗ ਲੋਕਾਂ ਅਤੇ ਹਾਈਪਰਟੈਨਸ਼ਨ, ਸ਼ੂਗਰ ਅਤੇ ਦਿਲ ਦੀ ਬਿਮਾਰੀ ਵਾਲੇ ਲੋਕਾਂ ਵਿੱਚ ਵਧੇਰੇ ਹੁੰਦਾ ਹੈ। ਉੱਚ ਕੋਲੈਸਟਰੋਲ ਵਾਲੇ ਲੋਕਾਂ, ਤੰਬਾਕੂਨੋਸ਼ੀ ਕਰਨ ਵਾਲੇ, ਅਤੇ ਦਿਮਾਗੀ ਦੌਰੇ ਦੇ ਪਿਛਲੇ ਇਤਿਹਾਸ ਵਾਲੇ ਮਰੀਜ਼ਾਂ ਨੂੰ ਵੀ ਖਤਰਾ ਹੁੰਦਾ ਹੈ।



# ਬਿਸਤ ਨਹਿਰ ਦੇ ਨਾਲ ਰੇਲਿੰਗ ਦਾ ਪ੍ਰਬੰਧ ਕਰੇ ਸਰਕਾਰ : ਪੁਰਖੋਵਾਲ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਗੜ੍ਹਸ਼ੰਕਰ ਤੋਂ ਕਾਂਗਰਸ ਦੇ ਸੀਨੀਅਰ ਆਗੂ ਜਸਬੀਰ ਸਿੰਘ ਪੁਰਖੋਵਾਲ ਨੇ ਗੜ੍ਹਸ਼ੰਕਰ ਤੋਂ ਆਦਮਪੁਰ ਜਾਣ ਵਾਲੀ ਨਹਿਰ ਦੇ ਨਾਲ ਜਾਣ ਵਾਲੀ ਸੜਕ ਤੇ ਰੇਲਿੰਗ ਲਗਾਉਣ ਦੀ ਮੰਗ ਕਰਦਿਆਂ ਕਿਹਾ ਕਿ ਬਹੁਤ ਲੰਮੇ ਸਮੇਂ ਤੋਂ ਇਸ ਨਹਿਰ ਤੇ ਜਿਆਦਾਤਰ ਰੇਲਿੰਗ ਨਹੀਂ ਲੱਗੀ ਹੈ। ਹੁਣ ਤੱਕ ਅਨੇਕਾਂ ਜਾਨਲੇਵਾ ਤੇ ਭਿਆਨਕ ਹਾਦਸੇ ਵਾਪਰ ਚੁੱਕੇ ਹਨ ਕਿਉਂਕਿ ਇਸ ਨਹਿਰ ਦੇ ਨਾਲ ਜਾ ਰਹੀ ਸੜਕ ਤੇ ਆਵਾਜਾਈ ਵੀ ਜਿਆਦਾ ਹੁੰਦੀ ਹੈ। ਇਸ ਇਲਾਕੇ ਦੇ ਲੋਕਾਂ ਨੇ ਸਰਕਾਰ ਤੋਂ ਕਈ ਵਾਰ ਗੁਹਾਰ ਵੀ ਲਗਾਈ ਹੈ ਕਿ ਸੜਕ ਤੇ ਹੋ ਰਹੇ ਹਾਦਸਿਆਂ ਨੂੰ ਰੋਕਿਆ ਜਾਵੇ ਤੇ ਨਹਿਰ ਤੇ ਪੱਕੇ ਤੌਰ ਤੇ ਰੇਲਿੰਗ ਲਗਾਈ ਜਾਵੇ ਪਰ ਸਰਕਾਰ ਦਾ ਇਸ ਪਾਸੇ ਕੋਈ ਖਾਸ ਧਿਆਨ ਨਹੀਂ ਦੇ ਰਹੀ ਜਿਸ ਕਰਕੇ ਇਸ ਸੜਕ ਤੇ ਜਾ ਰਹੀ ਨਹਿਰ ਤੇ ਲਗਾਤਾਰ ਹਾਦਸੇ ਵਾਪਰ ਰਹੇ ਹਨ। ਪੁਰਖੋਵਾਲ ਨੇ ਕਿਹਾ ਕਿ ਗੜ੍ਹਸ਼ੰਕਰ ਆਦਮਪੁਰ ਨਹਿਰ ਤੇ ਨਾਲ ਨਾਲ ਜਾਣ ਵਾਲੀ ਸੜਕ ਤੇ ਇਸ ਨਹਿਰ 'ਚ ਵਾਹਨ ਡਿੱਗਣ ਨਾਲ ਹੁਣ ਤੱਕ ਅਨੇਕਾ ਜਾਨਲੇਵਾ ਹਾਦਸੇ ਵਾਪਰ ਚੁੱਕੇ ਹਨ । ਪੁਰਖੋਵਾਲ ਨੇ ਕਿਹਾ ਕਿ ਸਰਕਾਰ ਨੂੰ ਲੋਕਾਂ ਦੀ ਇਸ ਵਿਸ਼ੇਸ਼ ਮੰਗ ਤੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਨਹਿਰ ਅਤੇ ਸੜਕ ਵਿਚਾਲੇ ਮਜਬੂਤ ਰਿਲਿੰਗ ਦਾ ਪ੍ਰਬੰਧ ਜਲਦ ਕੀਤਾ ਜਾਣਾ ਚਾਹੀਦਾ।ਤਾਂ ਜੋ ਅਗਾਹ ਤੋ ਹੋਰ ਹਾਦਸਿਆਂ ਤੋਂ ਬਚਿਆ ਜਾ ਸਕੇ। ਇਸ ਸਬੰਧੀ ਪੀ ਡਬਲਯੂ ਡੀ ਵਿਭਾਗ ਦੇ ਐੱਸ ਡੀ ਓ ਬਲਿੰਦਰ ਕੁਮਾਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਨਹਿਰ ਤੇ ਰੇਲਿੰਗ ਲਗਾਉਣ ਦਾ ਪ੍ਰਬੰਧ ਜਲਦ ਕੀਤਾ ਜਾ ਰਿਹਾ ਹੈ।



# ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦੀ ਮਹੱਤਤਾ ਖਤਮ ਕਰ ਦਿੱਤੀ : ਹੈਪੀ, ਬੰਟੀ, ਬਿੱਟੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਤੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਪੰਜਾਬ ਦੇ ਅਹੁਦੇਦਾਰਾਂ ਵੱਲੋਂ ਵਿਕਸਿਤ ਭਾਰਤ ਜੀ ਰਾਮ ਜੀ ਐਕਟ ਦੇ ਵਿਰੁੱਧ ਵਿੱਚ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਮੰਗ ਪੱਤਰ ਭੇਜਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਗੂਆਂ ਨੇ ਦੱਸਿਆ ਕਿ ਮਨਰੇਗਾ ਸਕੀਮ ਨਾਲ ਦੇਸ਼ ਦੇ ਪੇਂਡੂ ਮਜ਼ਦੂਰਾਂ ਦੇ ਜੀਵਨ ਵਿੱਚ ਕੁਝ ਸੁਧਾਰ ਲਿਆਂਦਾ ਸੀ। ਪਰ ਭਾਰਤ ਸਰਕਾਰ ਵੱਲੋਂ ਬੀਤੇ ਦਿਨੀਂ ਮਨਰੇਗਾ ਸਕੀਮ ਦਾ ਨਾਂਅ ਬਦਲ ਕੇ 'ਵਿਕਸਿਤ ਭਾਰਤ ਜੀ ਰਾਮ ਜੀ' ਰੱਖ ਦਿੱਤਾ ਗਿਆ ਹੈ।ਬੇਗਮਪੁਰਾ ਟਾਈਗਰ ਫੋਰਸ ਇਸ ਦਲਿਤ ਤੇ ਮਜ਼ਦੂਰ ਵਿਰੋਧੀ ਸਕੀਮ ਦਾ ਡੱਟ ਕੇ ਵਿਰੋਧ ਕਰਦੀ ਹੈ। ਉਹਨਾਂ ਕਿਹਾ ਕਿ ਮਨਰੇਗਾ ਸਕੀਮ ਪੇਂਡੂ ਮਜ਼ਦੂਰਾਂ ਲਈ ਰੁਜ਼ਗਾਰ ਲਈ ਆਸ ਦੀ ਕਿਰਨ ਸੀ, ਜਿਸ ਨੂੰ ਕੇਂਦਰ ਸਰਕਾਰ ਨੇ ਨਵੀਂ ਸਕੀਮ 'ਵਿਕਸਿਤ ਭਾਰਤ ਜੀ ਰਾਮ ਜੀ' ਰਾਹੀਂ ਖਤਮ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਕੇਵਲ ਨਾਮ ਹੀ ਨਹੀਂ ਬਦਲਿਆ, ਸਗੋਂ ਪੇਂਡੂ ਦਲਿਤ ਅਤੇ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਮਨਰੇਗਾ ਸਕੀਮ ਦੀ ਮਹੱਤਤਾ ਹੀ ਖਤਮ ਕਰ ਦਿੱਤੀ ਹੈ, ਜਿਸ ਲਈ ਦੇਸ਼ ਭਰ ਦੇ ਕਰੋੜਾਂ ਮਜ਼ਦੂਰਾਂ ਦੇ ਮਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਹੋਰਨਾਂ ਤੋ ਇਲਾਵਾ ਬਿੱਟੂ ਸ਼ੇਰਗੜ੍ਹ, ਬੰਟੀ ਹਰਿਆਣਾ, ਗੁਰਦੀਪ ਰਿਹਾਣਾ ਕਲਾ, ਕੁਲਵੰਤ ਹਰਿਆਣਾ ਕਲਾ, ਸਤੀਸ਼ ਕੁਮਾਰ, ਰਵੀ, ਮਨੀ, ਨਿੱਕੂ ਸੁੰਦਰ ਨਗਰ, ਖੁਸ਼ਦੀਪ, ਮੋਹਿਤ ਸ਼ੇਰਗੜ੍ਹ, ਮੋਹਿਤ ਬਿਰਦੀ, ਹੇਮੰਤ ਬਿਰਦੀ, ਗੁਰਦੀਪ ਬਿਰਦੀ, ਭੋਲਾ ਸ਼ੇਰਗੜ੍ਹ, ਰਾਮ ਮੂਰਤੀ ਸ਼ੇਰਪੁਰ, ਗੁਰਪਾਲ ਸਿੰਘ ਅਸਲਾਮਾਬਾਦ, ਮਨਜੀਤ ਸਿੰਘ ਦਸ਼ਮੇਸ਼ ਨਗਰ ਆਦਿ ਹਾਜ਼ਰ ਸਨ।



# ਹਿੰਦਸਤਾਨ ਸੈਨਟਰੀ ਕੰਪਨੀ ਨੇ ਗੁਰਾਇਆ ਵਿਖੇ ਖੋਲਿਆ ਸ਼ੋਅਰੂਮ

**ਗੁਰਾਇਆ (ਬਿੰਦਰ ਸੁੰਮਨ)**- ਹਿੰਦੋਸਤਾਨ ਸੈਨਟਰੀ ਕੰਪਨੀ ਗੋਰਾਇਆ ਵੱਲੋਂ ਆਪਣੇ ਨਵੇਂ ਏ.ਜੀ.ਐੱਲ. ਕੰਪਨੀ ਦੇ ਸ਼ੋਅਰੂਮ ਦੀ ਗ੍ਰੈਂਡ ਓਪਨਿੰਗ ਕੀਤੀ ਗਈ। ਇਸ ਮੌਕੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਉਸ ਤੋਂ ਬਾਅਦ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਏ ਜੀ ਐੱਲ ਟਾਇਲ ਦੇ ਐਸੋਸੀਏਟ ਡਾਇਰੈਕਟਰ ਸ਼ੌਨਕ ਪਟੇਲ ਤੇ ਏ ਜੀ ਐੱਲ ਬਾਥਵੇਅਰ ਦੇ ਸੀ ਓ ਓ ਪਾਰਥੀਵ ਦਾਵੇ ਨੇ ਰਿਬਨ ਕੱਟ ਕੇ ਸ਼ੋਅਰੂਮ ਦੀ ਮਹੂਰਤ ਕੀਤਾ। ਸ਼ੌਨਕ ਪਟੇਲ ਤੇ ਪਾਰਥੀਵ ਦਾਵੇ ਦੇ ਗੱਲਬਾਤ ਦੌਰਾਨ ਦੱਸਿਆ ਕਿ ਏ ਜੀ ਐੱਲ ਕੰਪਨੀ ਦੇ ਇਸ ਸ਼ੋਅਰੂਮ ਵਿਚ ਟਾਇਲਸ, ਬਾਥਵੇਯਰ, ਕੁਆਰਟਜ਼, ਕਿਚਨ ਸਲੈਵਸ, ਟਾਇਲ ਆਦਿ ਦੀਆਂ ਬਹੁਤ ਸਾਰੀਆਂ ਕਿਸਮਾਂ ਮੌਜੂਦ ਹਨ ਤੇ ਪੂਰੇ ਪੰਜਾਬ ਦਾ ਸਭ ਤੋਂ ਵੱਡਾ ਸ਼ੋਅਰੂਮ ਗੋਰਾਇਆ ਸ਼ਹਿਰ 'ਚ ਖੋਲ ਦਿੱਤਾ ਗਿਆ ਹੈ। ਇਸ ਮੌਕੇ ਹਿੰਦੋਸਤਾਨ ਸੈਨਟਰੀ ਕੰਪਨੀ ਦੇ ਮਾਲਕ ਬਾਲਾ ਸਿੰਘ ਵਾਲਿਆ ਤੇ ਗੁਰਿੰਦਰ ਸਿੰਘ ਨੇ ਦੱਸਿਆ ਕਿ ਇਲਾਕੇ 'ਚ 1980 ਤੋਂ ਉਹ ਪੱਥਰ ਤੇ ਟਾਇਲਸ ਚ ਕੰਮ ਕਰਦੇ ਆ ਰਹੇ ਹਨ, ਇਹ ਸ਼ੋਔਰੂਮ ਗ੍ਰਾਹਕਾਂ ਨੂੰ ਵਧੀਆ ਕੁਆਲਟੀ ਮੁਹਈਆ ਕਰਨ ਦੇ ਮਕਸਦ ਨਾਲ ਏ ਜੀ ਐੱਲ ਯੂਨੀਵਰਸ ਖੋਲਿਆ ਗਿਆ ਹੈ।




# ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 359ਵੇਂ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 359ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ,ਪ੍ਰਭਾਤ ਫੇਰੀ ਜੱਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ ਤੇ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਭੁਪਿੰਦਰ ਸਿੰਘ, ਅਮਰੀਕ ਸਿੰਘ, ਜਗਤਾਰ ਸਿੰਘ ਤਾਰੀ, ਰਾਮ ਸਿੰਘ, ਡਾਕਟਰ ਅਵਤਾਰ ਸਿੰਘ ਤਾਰੀ ਤੋਂ ਇਲਾਵਾ ਵੱਡੀ ਗਿਣਤੀ ਦੇ ਸੰਗਤਾਂ ਹਾਜ਼ਰ ਸਨ।




## ਜਨਮ ਦਿਨ ਮੁਬਾਰਕ



ਤਨਵੀ ਭਾਰਦਵਾਜ
ਅੰਮ੍ਰਿਤਸਰ



ਅਭੀਜੋਤ ਸਿੰਘ
ਮੋਗਾ



ਸਫ਼ਰ ਸਿੰਘ
ਕੈਨੇਡਾ


# ਖ਼ੂਨਦਾਨ ਕੈਂਪ ਲਗਾਇਆ

**ਗੁਰਾਇਆ (ਬਿੰਦਰ ਸੁੰਮਨ)**- ਜੌਹਲ ਫਾਰਮ ਸੇਵਾ ਸੁਸਾਇਟੀ ਘੁੜਕਾ ਵਿਖੇ ਗੁਰਾਇਆ ਬਲੱਡ ਸੇਵਾ ਅਤੇ ਇਕਾਈ ਹਸਪਤਾਲ ਬਲੱਡ ਬੈਂਕ ਲੁਧਿਆਨਾ ਦੋਆਬਾ ਬਲੱਡ ਬੈਂਕ ਜਲੰਧਰ ਦੇ ਸਹਿਯੋਗ ਨਾਲ ਜੌਹਲ ਫਾਰਮ ਘੁੜਕਾ ਵਿਖੇ ਸਵ. ਬੀਬੀ ਸੁਖਜੀਤ ਕੌਰ ਸੰਧੂ ਦੀ ਯਾਦ 'ਚ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਮੌਕੇ 62 ਲੋਕਾਂ ਨੇ ਆਪਣੀ ਇੱਛਾ ਨਾਲ ਖ਼ੂਨਦਾਨ ਕੀਤਾ। ਇਸ ਮੌਕੇ ਪਿੰਦੂ ਜੌਹਲ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਂਦਾਨ ਹੈ। ਆਪਣੇ ਜੀਵਨ ਵਿੱਚ ਹਰ ਇੱਕ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਬਲੱਡ ਡੋਨਰ ਹਰੀ ਸ਼ਰਨ ਨੇ ਕਿਹਾ ਸਾਡੀ ਟੀਮ ਵੱਲੋਂ ਇਸ ਤਰ੍ਹਾਂ ਦੇ ਉਪਰਾਲੇ ਕਾਫੀ ਸਾਲਾਂ ਤੋ ਨਿਰੰਤਰ ਕੀਤੇ ਜਾਂਦੇ ਹਨ। ਇਸ ਮੌਕੇ ਗੁਰਾਇਆ ਬਲੱਡ ਸੇਵਾ ਦੇ ਪ੍ਰਧਾਨ ਹੈਪੀ ਮਾਹੀ ਨੇ ਕਿਹਾ ਕਿ ਅੱਜ ਸਾਨੂੰ ਇੰਟਰਨੈਸ਼ਨਲ ਟੀਮ ਨਾਲ ਸੇਵਾ ਕਰਨ ਦਾ ਮੌਕਾ ਮਿਲਿਆ । ਇਸ ਕੈਂਪ ਵਿੱਚ ਗੁਰਾਇਆ ਬਲੱਡ ਸੇਵਾ ਦੇ ਪ੍ਰਧਾਨ ਹੈਪੀ ਮਾਹੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਸਭ ਨੂੰ ਖ਼ੂਨਦਾਨ ਵਿੱਚ ਆਪਣਾ ਬਣਦਾ ਯੋਗਦਾਨ ਪਾਓ। ਇਸ ਸਬੰਧੀ ਤਰਲੋਚਨ ਸਿੰਘ ਜੌਹਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 9 ਜਨਵਰੀ ਨੂੰ ਜਰੂਰਤਮੰਦ ਲੜਕੀਆਂ ਦੇ ਆਨੰਦ ਕਾਰਜ ਕੀਤੇ ਜਾਣਗੇ। 11 ਜਨਵਰੀ ਨੂੰ 5100 ਧੀਆ ਦੀ ਲੋਹੜੀ ਪਾਈ ਜਾਵੇਗੀ ਅਤੇ ਉਸ ਤੋਂ ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਕੀਤਾ ਜਾਵੇਗਾ। ਇਸ ਮੌਕੇ ਜੌਹਲ ਫਾਰਮ ਦੇ ਸਰਪ੍ਰਸਤ ਪਿੰਦੂ ਜੌਹਲ, ਤਰਲੋਚਨ ਸਿੰਘ ਜੌਹਲ , ਬੱਬੀ ਜੌਹਲ ਤੋਂ ਇਲਾਵਾ ਸਮੂਹ ਗੁਰਾਇਆ ਬਲੱਡ ਸੇਵਾ ਟੀਮ ਦੇ ਮੈਂਬਰ ਹਾਜ਼ਰ ਸਨ।



# ਨਾਰਥ ਜੋਨ ਅੰਤਰ 'ਵਰਸਿਟੀ ਫੁੱਟਬਾਲ ਟੂਰਨਾਮੈਂਟ ਦਾ ਤੀਜਾ ਦਿਨ ਉਤਸ਼ਾਹ ਨਾਲ ਸੰਪੰਨ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਮੇਜ਼ਬਾਨੀ ਹੇਠ ਆਯੋਜਿਤ ਨਾਰਥ ਜੋਨ ਅੰਤਰ-ਯੂਨੀਵਰਸਿਟੀ ਫੁੱਟਬਾਲ ਟੂਰਨਾਮੈਂਟ (5 ਤੋਂ 11 ਜਨਵਰੀ 2026) ਦਾ ਤੀਜਾ ਦਿਨ ਖਿਡਾਰੀਆਂ ਦੇ ਜੋਸ਼, ਦਰਸ਼ਕਾਂ ਦੇ ਉਤਸ਼ਾਹ ਅਤੇ ਖੇਡ ਭਾਵਨਾ ਨਾਲ ਭਰਪੂਰ ਮਾਹੌਲ ਵਿੱਚ ਸਫਲਤਾ ਪੂਰਵਕ ਸੰਪੰਨ ਹੋਇਆ।ਇਹ ਟੂਰਨਾਮੈਂਟ ਸਤਿਕਾਰਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ ਜੀ (ਬ੍ਰਹਮ ਜੀ) ਦੇ ਆਸ਼ੀਰਵਾਦ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਜੀ ਦੀ ਪ੍ਰੇਰਣਾ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਯੋਗ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਤੀਜੇ ਦਿਨ ਦੇ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸੰਤ ਬਾਬਾ ਮਨਮੋਹਨ ਸਿੰਘ, ਬਾਬਾ ਜਨਕ ਸਿੰਘ ਤੇ ਸ. ਹਰਜਿੰਦਰ ਸਿੰਘ ਜੱਗਾ (ਸੈਕਟਰੀ, ਪੀ ਐੱਫ ਏ) ਨੇ ਸ਼ਿਰਕਤ ਕਰਕੇ ਖਿਡਾਰੀਆਂ ਦਾ ਮਨੋਬਲ ਵਧਾਇਆ। ਮਹਿਮਾਨਾਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅਜਿਹੇ ਖੇਡ ਮੇਲੇ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਅਨੁਸ਼ਾਸਨ, ਏਕਤਾ ਅਤੇ ਖੇਡ ਭਾਵਨਾ ਨੂੰ ਮਜ਼ਬੂਤ ਕਰਦੇ ਹਨ।ਯੂਨੀਵਰਸਿਟੀ ਦੇ ਐਚਓਡੀ ਅਤੇ ਸਪੋਰਟਸ ਡਾਇਰੈਕਟਰ ਡਾ. ਅਮਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੋ ਰੋਮਾਂਚਕ ਮੁਕਾਬਲੇ ਕਰਵਾਏ ਗਏ।ਪਹਿਲਾ ਮੁਕਾਬਲਾ ਜੀ ਸੀ ਮੋਹਾਲੀ ਤੇ ਐਚ ਪੀ ਯੂਨੀਵਰਸਿਟੀ ਸ਼ਿਮਲਾ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਐਚ.ਪੀ. ਯੂਨੀਵਰਸਿਟੀ ਸ਼ਿਮਲਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਦਰਜ ਕੀਤੀ।ਦੂਸਰਾ ਮੁਕਾਬਲਾ ਡੀ ਏ ਵੀ ਯੂਨੀਵਰਸਿਟੀ ਜਲੰਧਰ ਅਤੇ ਸਰਦਾਰ ਪਟੇਲ ਯੂਨੀਵਰਸਿਟੀ ਸ਼ਿਮਲਾ ਵਿਚਕਾਰ ਹੋਇਆ, ਜਿਸ ਵਿੱਚ ਡੀ ਏ ਵੀ ਯੂਨੀਵਰਸਿਟੀ ਜਲੰਧਰ ਜੇਤੂ ਰਹੀ।ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਉੱਚ ਪੱਧਰੀ ਖੇਡ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ । ਟੂਰਨਾਮੈਂਟ ਦੀ ਸਫਲਤਾ ਲਈ ਆਯੋਜਕਾਂ ਅਤੇ ਸਹਿਯੋਗੀ ਸਟਾਫ ਦੀ ਭੂਮਿਕਾ ਵੀ ਕਾਬਿਲ-ਏ-ਤਾਰੀਫ਼ ਰਹੀ।

